ਕੁਲ ਸੰਸਾਰ ਇਕ ਪਰਿਵਾਰ....

# ਨਵੀਂ ਦੁਨੀਆ
# Nawi Dunia

Free

ਸਾਲ : 3 ਅੰਕ : 1 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਜਨਵਰੀ - 2012


ਚਿੱਤਰਕਾਰ ਅੰਮ੍ਰਿਤ ਸ਼ੇਰਗਿਲ : ਜਨਮ ਦਿਨ 20 ਜਨਵਰੀ 1913

ਬੱਚਿਆਂ ਦੀ ਕਾਰ ਸੀਟ

ਪੰਨਾ-3

ਪੀ.ਪੀ.ਪੀ. ਦੀ ਸਥਿਰਤਾ

ਪੰਨਾ-9


ਉੱਚ ਹਲਕਿਆਂ 'ਚ ਫੈਲੀ ਕੁਰੱਪਸ਼ਨ : ਮਿੱਤਰ ਸੈਨ ਮੀਤ
ਪੰਨਾ-26

ਨਕਲਚੀ ਸਿਨੇਮਾ


ਪੰਨਾ-37

# ਨਿਊ ਯਾਰਕ ਵਿਚ ਮਸਜਿਦ ਅਤੇ ਮੰਦਿਰਾਂ 'ਤੇ ਹਮਲੇ

ਨਿਊ ਯਾਰਕ (ਨਦਬ) : ਅਮਰੀਕਾ ਦੇ ਨਿਊ ਯਾਰਕ ਸ਼ਹਿਰ ਵਿਚ ਇਕ ਮਸਜਿਦ ਤੇ ਮੰਦਿਰਾਂ ਸਣੇ ਪੈਟਰੋਲ ਬੰਬ ਨਾਲ ਹਮਲੇ ਕੀਤੇ ਗਏ ਹਨ। ਕਿਊਨਿਜ਼ ਦੇ ਇਲਾਕੇ ਵਿਚ ਅਣਪਛਾਤੇ ਹਮਲਾਵਰਾਂ ਨੇ ਦੋ ਮੰਦਿਰਾਂ ਇਕ ਇਸਲਾਮਿਕ ਸੈਂਟਰ ਤੇ ਇਕ ਹੋਰ ਥਾਂ 'ਤੇ ਪੈਟਰੋਲ ਬੰਬ ਸੁੱਟੇ। ਇਹ ਇਲਾਕਾ, ਏਸ਼ੀਆ, ਅਫਰੀਕਾ ਤੇ ਲਾਤਿਨ ਅਮਰੀਕਾ ਦੇ ਮੂਲ ਨਿਵਾਸੀਆਂ ਦੀ ਰਿਹਾਇਸ਼ਗਾਹ ਹੈ। ਇਨ੍ਹਾਂ ਹਮਲਿਆਂ ਵਿਚ ਜਾਇਦਾਦ ਦਾ ਨੁਕਸਾਨ ਤਾਂ ਹੋਇਆ ਹੈ ਪਰ ਕਿਸੇ ਵੀ ਵਿਅਕਤੀ ਦੇ ਜ਼ਖਮੀ ਹੋਣ ਜਾਂ ਮਾਰੇ ਜਾਣ ਦੀ ਖ਼ਬਰ ਨਹੀਂ ਹੈ। ਪੁਲੀਸ ਮਾਮਲੇ ਦੀ ਛਾਣ-ਬੀਣ ਕਰ ਰਹੀ ਹੈ ਪਰ ਹਾਲੇ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਕਿਊਂਨਿਜ਼ ਵਿਚ ਮੌਜੂਦ ਸ਼ੀਆ ਮੁਸਲਮਾਨਾਂ ਦੀ ਵੱਡੀ ਮਸਜਿਦ ਅਤੇ ਖੁਈ ਸੈਂਟਰ ਦੇ ਮੌਲਾਨਾ ਅਲ ਸਹਿਲਾਨੀ ਨੇ ਦੱਸਿਆ ਕਿ ਐਤਵਾਰ ਦੇਰ ਰਾਤ ਅਲ ਖੁਈ ਸੈਂਟਰ ਦੇ ਮੁੱਖ ਦਰਵਾਜ਼ੇ 'ਤੇ ਕੁਝ ਅਣਪਛਾਤੇ ਲੋਕਾਂ ਨੇ ਬੋਤਲਾਂ ਸੁੱਟੀਆਂ ਜਿਸ ਤੋਂ ਬਾਅਦ ਦਰਵਾਜ਼ੇ ਵਿਚ ਅੱਗ ਲੱਗ ਗਈ। ਉਸ ਵਕਤ ਉਥੇ ਕੋਈ 80 ਕਰੀਬ ਦੇ ਲੋਕ ਮੌਜੂਦ ਸਨ ਪਰ ਕਿਸੇ ਨੂੰ ਵੀ ਕੋਈ ਨੁਕਸਾਨ ਨਹੀਂ ਹੋਇਆ। ਦੂਸਰਾ ਹਮਲਾ ਸਥਾਨਕ ਸਮੇਂ ਦੇ ਮੁਤਾਬਕ ਰਾਤ ਕੋਈ ਸਾਢੇ ਦਸ ਵਜੇ ਇਸੇ ਇਲਾਕੇ ਵਿਚ ਇਕ ਮੰਦਿਰ 'ਤੇ ਕੀਤਾ ਗਿਆ ਜਿਸ ਨਾਲ ਮੰਦਿਰ ਦੇ ਦਰਵਾਜ਼ੇ ਨੂੰ ਅੱਗ ਲੱਗ ਗਈ ਜਿਸ ਨੇ ਬਾਅਦ ਵਿਚ ਗਵਾਂਢ ਦੇ ਇਕ ਘਰ ਨੂੰ ਵੀ ਨੁਕਸਾਨ ਪਹੁੰਚਾਇਆ। ਹਿੰਦੂ ਧਾਰਮਕ ਸਥਾਨ ਦੇ ਤੌਰ 'ਤੇ ਵਰਤੇ ਜਾਣ ਵਾਲੇ ਇਕ ਹੋਰ ਮਕਾਨ 'ਤੇ ਹਮਲਾ ਕੀਤਾ ਗਿਆ। ਨਿਊ ਯਾਰਕ ਪੁਲੀਸ ਦਾ ਕਹਿਣਾ ਹੈ ਕਿ ਸਾਰੇ ਹਮਲਿਆਂ ਵਿਚ ਕੋਫੀ ਬਰਾਂਡ ਦੀਆਂ ਬੋਤਲਾਂ ਦੀ ਵਰਤੋਂ ਕੀਤੀ ਗਈ ਹੈ। ਪੁਲੀਸ ਇਹ ਜਾਂਚ ਕਰ ਰਹੀ ਹੈ ਕਿ ਇਹ ਮਾਮਲਾ ਕਿਤੇ ਨਸਲੀ ਕਿਸਮ ਦਾ ਤਾਂ ਨਹੀਂ ਹੈ। ਉਧਰ ਨਿਊ ਯਾਰਕ ਦੇ ਮੇਅਰ ਮਾਈਕਲ ਬਲੂਮ ਵਰਗ ਇਨ੍ਹਾਂ ਹਮਲਿਆਂ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਜਿਸ ਨੇ ਵੀ ਇਹ ਹਮਲੇ ਕੀਤੇ ਉਸ ਨੇ ਨਿਊ ਯਾਰਕ ਦੀ ਭਾਵਨਾ ਦੇ ਖਿਲਾਫ਼ ਕੰਮ ਕੀਤਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੁਲੀਸ ਨੇ ਹਮਲੇ ਨਾਲ ਪ੍ਰਭਾਵਤ ਧਾਰਮਕ ਅਸਥਾਨਾਂ ਤੇ ਨੇੜਲੇ ਇਲਾਕਿਆਂ ਵਿਚ ਸੁਰੱਖਿਆ ਦੇ ਜ਼ਬਰਦਸਤ ਪ੍ਰਬੰਧ ਕਰ ਦਿੱਤੇ ਹਨ ਅਤੇ ਉਹ ਨਿਗਰਾਨੀ ਲਈ ਬਣਾਈ ਜਾਣ ਵਾਲੀ ਵੀਡੀਓ ਫੁੱਟੇਜ ਨੂੰ ਖੰਘਾਲ ਰਹੀ ਹੈ। ਜ਼ਿਕਰਯੋਗ ਹੈ ਕਿ ਹਮਲਿਆਂ ਤੋਂ ਇਕ ਦਿਨ ਪਹਿਲਾਂ ਹੀ ਕੁਝ ਮੁਸਲਿਮ ਜਥੇਬੰਦੀਆਂ ਨੇ ਮੇਅਰ ਦੇ ਉਸ ਰਾਤਰੀ ਭੋਜ ਦਾ ਬਾਈਕਾਟ ਕੀਤਾ ਸੀ ਜਿਸ ਵਿਚ ਸਾਰੇ ਧਰਮਾਂ ਦੇ ਲੋਕਾਂ ਨੂੰ ਸੱਦਿਆ ਗਿਆ ਸੀ। ਕੁਝ ਮੁਸਲਿਮ ਲੋਕਾਂ ਦਾ ਕਹਿਣਾ ਹੈ ਕਿ ਪੁਲੀਸ ਉਨ੍ਹਾਂ ਦੇ ਭਾਈਚਾਰੇ ਵਿਰੁੱਧ ਖਾਸ ਕਿਸਮ ਦੀ ਨਿਗਰਾਨੀ ਕਰ ਰਹੀ ਹੈ।

## ਇਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਬੰਬ ਸੁੱਟਣ ਦੀ ਚਿਤਾਵਨੀ

ਵਾਸ਼ਿੰਗਟਨ (ਨਦਬ) ਅਮਰੀਕੀ ਰਾਸ਼ਟਰਪਤੀ ਚੋਣ ਵਿਚ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਰਿਕ ਸਾਂਟੋਰਮ ਨੇ ਲੋਕਾਂ ਨਾਲ ਵਾਅਦਾ ਕੀਤਾ ਹੈ ਕਿ ਜੇ ਉਹ ਰਾਸ਼ਟਰਪਤੀ ਬਣੇ ਤਾਂ ਇਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਹਵਾਈ ਹਮਲਾ ਕਰਵਾ ਦੇਣਗੇ ਤਾਂ ਜੋ ਪਰਮਾਣੂ ਹਥਿਆਰ ਨਾ ਬਣਾਏ ਜਾ ਸਕਣ। ਪੈਨਸਲਵੇਨੀਆ ਦੇ ਸਾਬਕਾ ਸੰਸਦ ਮੈਂਬਰ ਸਾਂਟੋਰਮ ਨੇ ਕਿਹਾ ਹੈ ਕਿ ਜੇ ਉਹ ਰਾਸ਼ਟਰਪਤੀ ਬਣਦੇ ਹਨ ਤਾਂ ਇਰਾਨ ਨੂੰ ਮਜਬੂਰ ਕਰਨਗੇ ਕਿ ਉਹ ਆਪਣੇ ਪਰਮਾਣੂ ਟਿਕਾਣਿਆਂ ਦੇ ਨਿਰੀਖਣ ਲਈ ਕੌਮਾਂਤਰੀ ਨਿਰੀਖਕਾਂ ਵਾਸਤੇ ਆਪਣੇ ਦਰਵਾਜ਼ੇ ਖੋਲ੍ਹ ਦੇਣ। ਉਨ੍ਹਾਂ ਕਿਹਾ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਹ ਇਰਾਨੀ ਪਰਮਾਣੂ ਟਿਕਾਣਿਆਂ 'ਤੇ ਹਵਾਈ ਹਮਲਿਆਂ ਨੂੰ ਅਧਿਕਾਰਤ ਆਗਿਆ ਦੇ ਦੇਣਗੇ।

## ਅਮਿਤਾਭ ਬੱਚਨ ਦੇ ਸਪਸ਼ਟੀਕਰਨ ਨੂੰ ਸਿੰਘ ਸਾਹਿਬਾਨ ਨੇ ਨਾ ਗੌਲਿਆ

ਅੰਮ੍ਰਿਤਸਰ, (ਨਦਬ): ਸ੍ਰੀ ਅਕਾਲ ਤਖਤ 'ਤੇ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਵਿਚ ਫਿਲਮ ਸਟਾਰ ਅਮਿਤਾਭ ਬੱਚਨ ਬੱਚਨ ਦੇ ਸਪਸ਼ਟੀਕਰਨ 'ਤੇ ਕੋਈ ਚਰਚਾ ਨਹੀਂ ਹੋ ਸਕੀ ਤੇ ਇਹ ਮਾਮਲਾ ਕੁਝ ਸਮੇਂ ਲਈ ਹੋਰ ਲਟਕ ਗਿਆ ਹੈ। ਆਪ੍ਰੇਸ਼ਨ ਬਲਿਊ ਸਟਾਰ ਸਮੇਂ ਆਪਣੇ ਕਥਿਤ ਬਿਆਨਾਂ ਨਾਲ ਦੰਗੇ ਭੜਕਾਉਣ ਦੇ ਦੋਸ਼ 'ਚ ਸਿੱਖ ਭਾਈਚਾਰੇ ਦੀ ਆਲੋਚਨਾਵਾਂ ਦਾ ਸ਼ਿਕਾਰ ਹੋਏ ਅਮਿਤਾਭ ਬੱਚਨ ਬੀਤੇ ਦਿਨੀ ਮੁੰਬਈ ਦੇ ਐਸ. ਜੀ. ਪੀ. ਸੀ. ਮੈਂਬਰ ਦੇ ਘਰ ਆਪਣਾ ਸਪੱਸ਼ਟੀਕਰਨ ਦੇਣ ਗਏ ਸਨ ਤਾਂ ਜੋ ਉਹ ਉਸ ਨੂੰ ਅਕਾਲ ਤਖਤ 'ਚ ਪਹੁੰਚਾ ਦੇਣ। ਇਸ ਸਪੱਸ਼ਟੀਕਰਨ 'ਤੇ ਅਕਾਲ ਤਖਤ ਦੇ ਸਿੰਘ ਸਾਹਿਬਾਨਾਂ ਵਲੋਂ ਸੁਣਵਾਈ ਕੀਤੀ ਜਾਣੀ ਸੀ। ਸਿੰਘ ਸਾਹਿਬਾਨਾਂ ਦੀ ਬੈਠਕ 'ਚ ਕਈ ਮੁੱਦਿਆਂ 'ਤੇ ਚਰਚਾ ਕੀਤੀ ਗਈ ਪਰ ਸਮੇਂ ਦੀ ਘਾਟ ਕਾਰਨ ਅਮਿਤਾਭ ਦੇ ਸਪੱਸ਼ੀਟਕਰਨ 'ਤੇ ਚਰਚਾ ਨਹੀਂ ਹੋ ਸਕੀ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਵਿਰਾਸਤ-ਏ-ਖਾਲਸਾ ਦੇ ਉਦਘਾਟਨ ਸਮਾਰੋਹ 'ਚ ਅਮਿਤਾਭ ਬੱਚਨ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ ਪਰ ਉਨ੍ਹਾਂ ਦੇ ਉੱਥੇ ਆਉਣ 'ਤੇ ਕਈ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਸੀ ਜਿਸ ਕਾਰਨ ਉਨ੍ਹਾਂ ਨੂੰ ਦਿੱਤਾ ਗਿਆ ਸੱਦਾ ਵਾਪਸ ਲੈਣਾ ਪਿਆ ਸੀ। ਇਸ ਤੋਂ ਬਾਅਦ ਅਮਿਤਾਭ ਨੇ ਆਪਣਾ ਸਪੱਸ਼ਟੀਕਰਨ ਇਕ ਪੱਤਰ ਦੇ ਰੂਪ 'ਚ ਭੇਜਿਆ ਸੀ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਦੀ ਮਾਂ ਖੁਦ ਇਕ ਪੰਜਾਬੀ ਪਰਿਵਾਰ ਤੋਂ ਸੀ, ਇਸ ਲਈ ਉਹ ਕਦੇ ਅਜਿਹੇ ਸੋਚ ਵੀ ਨਹੀਂ ਸਕਦੇ।

Roof Trusses
Floor Systems
Lumber - Stairs

ZyTech
BUILDING SYSTEMS INC.

High Quality Materials, Best Prices, On Time Delivery,
Complete Framing Package, Full Range Of I Joists,
Fully Automated - Roof Truss Manufacturing Facility
One Call - Award Winning Service, Effective On Site,
Engineering & Design Friendly, Multi-Cultural,
Solution Oriented Staff, Community Supporter

ਰਘੁਬੀਰ ਸਿੰਘ ਭੰਡਾਲ
780 554 9192

ਜਸਪਾਲ ਸਿੰਘ ਭੰਡਾਲ
403 226 7136

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼-ਪੁਰਬ ਦੀਆਂ ਸਭ ਨੂੰ ਲੱਖ-ਲੱਖ ਵਧਾਈਆਂ



Sohail
QUADRI
Seeking Nomination
for P.C. Party of Alberta
in Millwoods Constituency
Proven Track Record
in Leadership & Entrepreneurship
To share your views and concerns
please call me at 780.850.4080
squadri@shaw.ca
Campaign Office 3448 - 93 St
Righteous • Responsible • Reliable

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜੇ ਅਤੇ ਨਵਾਂ ਵਰ੍ਹੇ ਦੀਆਂ ਮੁਬਾਰਕਾਂ

ਨਵਾਂ ਵਰ੍ਹਾ 2012 ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਦੁਨੀਆ ਲਈ ਖੁਸ਼ਹਾਲੀ ਅਤੇ ਅਮਨ ਸ਼ਾਂਤੀ ਲੈ ਕੇ ਆਉਣ। ਇਸ ਯਕੀਨ ਨਾਲ ਅਦਾਰਾ 'ਨਵੀਂ ਦੁਨੀਆ' ਵਲੋਂ ਆਪਣੇ ਪਾਠਕਾਂ ਅਤੇ ਇਸ਼ਤਿਹਾਰਦਾਤਾਵਾਂ ਨੂੰ ਨਵੇਂ ਵਰ੍ਹੇ ਦੀ ਆਮਦ ਅਤੇ ਗੁਰਪੁਰਬ ਮੁਬਾਰਕ।

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"




Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
Century21
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ
ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA



Sarjan Luthra
B.Sc, L.LB

LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation

SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa
Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।

For more information please call
780-465-6900 Jasvir Deol
403-830-7007 Jessi Singh



Now More Locations To Serve You Better
Preparing you for a safe & healthy journey
Offering National & International Travel Vaccines
ਸੁਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।

Atlas Immunization Services
Phone: 780 465 5150
www.atlasimmunization.com
Suite 104, 7633-50 St. Edmonton (Meridian Place)

## ਅਮਰੀਕਾ, ਭਾਰਤ, ਪਾਕਿਸਤਾਨ, ਸ੍ਰੀ ਲੰਕਾ ਅਤੇ ਬੰਗਲਾ ਦੇਸ਼ 'ਚ ਸਫ਼ਲ ਪ੍ਰਸਾਰਣ ਬਾਅਦ 'ਆਸਤਕ ਐਂਟਰਟੇਨਮੈਂਟ' ਦੀ ਕਨੇਡਾ ਦੇ ਦਰਸ਼ਕਾਂ ਲਈ ਪੇਸ਼ਕਸ਼:

# ਇਕ ਅਨੋਖਾ ਰਿਆਲਟੀ ਸ਼ੋਅ 'Roadies'

Genre: Reality

Every Fridays 7:00 pm

Channel: ATN

Epi/season 15-20 wks

Show Duration: 44 mins

Starting December 2, 2011

T.V SHOW

If you would like to become a sponsor or have your business advertised during this program please call Sam at 780.993.9863.

After much success in the U.S.A, India, Pakistan, Sri Lanka and Bangladesh, Aastik entertainment brings you roadies, premiering for the first time in Canada on Fridays starting in December 2011 at 7.00 pm on ATN

Roadies is the pioneer in reality shows in India

Led by the stern Raghu Ram, each season exposes the aspiring contestants to the ways of the world

From learning to battle ones's own fears, to braving it all alone against the rest of the contestants, a Roadie must have the ultimate fighting spirit and the never say die attitude to survive this one hell of a mean journey

The highest rated Reality show in the youth genre with the highest ever TVR of 3+ in the youth space



TWIN TROUBLE AB DO BAR LAGEGI

HERO HONDA ROADIES HELL DOWN UNDER

MTV MUSIC TELEVISION

SUNDEEP JEWELLERS | ANIKA DESIGNS | SUNDEEP FURNITURE | NEW ASIAN SUPERSTORE | MERIDIAN BANQUET | NARENDER GOGNA (CANADA LIFE) | PASH ACCOUNTING SERVICES | LUTHRA LAW OFFICE | Sohail Quadri 780-850-4080 | rainbow copy & printing



## EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda- 780 464 4653

Ext-2, Cell- 780 720 6895



50549, Range Road 234
Edmonton, AB

EAGLE ROCK

- Catering
- Wedding
- Banquet
- Birthday Parties
- Ladies Sangeet
- Golf Tournaments



## DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop

Tire Repairs, Brakes, Oil Change & Lubrication

- Do Service on remote locations including Weighing Scales.
- Vehicle Inspection by Certified Mechanic.

Enough Parking Space

Call: Manjit S.Khosa, Garry Dhaliwal

Ph: 780-298-1114, 780-993-4441

6609 34 st. , Edmonton, Alberta.





## Supreme Pizza

ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

780 485 1213 or 780 485 1231

Try Us Tonight For Best Deal
In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche



## ALPHA Tent Rentals

All Events Big or Small

We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354





# ਸੁਪਰੀਮ ਕੋਰਟ ਵੱਲੋਂ ਸੈਂਟਰਲ ਸਟਾਕ ਮਾਰਕੀਟ ਰੈਗੂਲੇਟਰ ਬਣਾਉਣ 'ਤੇ ਰੋਕ



ਓਟਵਾ (ਨਦਬ):-ਸੁਪਰੀਮ ਕੋਰਟ ਆਫ ਕੈਨੇਡਾ ਦੇ ਇੱਕ ਅਹਿਮ ਫੈਸਲੇ ਵਿੱਚ ਸੈਂਟਰਲ ਸਟਾਕ ਮਾਰਕਿਟ ਰੈਗੂਲੇਟਰ ਬਣਾਉਣ ਉੱਤੇ ਰੋਕ ਲਾ ਦਿੱਤੀ ਗਈ ਹੈ। ਹੁਣ ਫੈਡਰਲ ਸਰਕਾਰ ਇਸ ਬਿੱਲ ਨੂੰ ਅੱਗੇ ਨਹੀਂ ਵਧਾ ਸਕੇਗੀ ਜਿਸ ਵਿੱਚ ਅਜਿਹਾ ਰੈਗੂਲੇਟਰ ਬਣਾਉਣ ਦੀ ਤਜਵੀਜ਼ ਸੀ। ਵਿੱਤ ਮੰਤਰੀ ਜਿੰਮ ਫਲੈਹਰਟੀ ਨੇ ਫੈਸਲੇ ਨੂੰ ਸਿਰ ਮੱਥੇ ਕਬੂਲਦਿਆਂ ਆਖਿਆ ਕਿ ਸਰਕਾਰ ਅਦਾਲਤ ਦੇ ਫੈਸਲੇ ਦਾ ਆਦਰ ਕਰਦੀ ਹੈ। ਉਨ੍ਹਾਂ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਹੁਣ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਅਸੀਂ ਇਸ ਬਿੱਲ ਨਾਲ ਅੱਗੇ ਨਹੀਂ ਵੱਧ ਸਕਦੇ। ਅਸੀਂ ਇਸ ਫੈਸਲੇ ਦਾ ਚੰਗੀ ਤਰ੍ਹਾਂ ਮੁਲਾਂਕਣ ਕਰਾਂਗੇ ਤੇ ਉਸ ਦੇ ਅਨੁਸਾਰ ਹੀ ਅਗਲੀ ਕਾਰਵਾਈ ਕਰਾਂਗੇ। ਫਲੈਹਰਟੀ ਨੇ ਮਈ 2010 ਵਿੱਚ ਕੈਨੇਡਾ ਸਕਿਊਰਿਟੀਜ਼ ਐਕਟ ਪੇਸ਼ ਕੀਤਾ ਸੀ। ਇਸ ਵਿੱਚ ਪ੍ਰੋਵਿੰਸਾਂ ਨੂੰ ਸਵੈ ਇੱਛਾ ਨਾਲ ਅਜਿਹੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਆਖਿਆ ਗਿਆ ਸੀ ਜਿਸ ਰਾਹੀਂ ਹੌਲੀ ਹੌਲੀ ਮੌਜੂਦਾ 13 ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਕਮਿਸ਼ਨਜ਼ ਦੀ ਥਾਂ ਸਾਰੀਆਂ ਸ਼ਕਤੀਆਂ ਕੌਮੀ ਰੈਗੂਲੇਟਰ ਨੂੰ ਸੌਂਪ ਦਿੱਤੀਆਂ ਜਾਣੀਆਂ ਸਨ। ਅਲਬਰਟਾ ਤੇ ਕਿਊਬਿਕ ਦੇ ਕੋਰਟ ਆਫ ਅਪੀਲ ਵਿੱਚ ਇਸ ਨੂੰ ਗੈਰਸੰਵਿਧਾਨਕ ਦੱਸਦਿਆਂ ਹੋਇਆਂ ਇਸ ਦਾ ਵਿਰੋਧ ਕੀਤੇ ਜਾਣ ਦੌਰਾਨ ਸੁਪਰੀਮ ਕੋਰਟ ਨੂੰ ਇਸ ਮਾਮਲੇ ਵਿੱਚ ਦਖਲ ਦੇ ਕੇ ਓਟਵਾ ਤੋਂ ਇਹ ਪੁੱਛਣ ਲਈ ਆਖਿਆ ਗਿਆ ਕਿ ਕੀ ਪ੍ਰੋਵਿੰਸ਼ੀਅਲ ਅਧਿਕਾਰ ਖੇਤਰ ਵਾਲੇ ਦਾਇਰੇ ਵਿੱਚ ਓਟਵਾ ਨੂੰ ਕਾਨੂੰਨ ਬਣਾਉਣ ਦੀ ਇਜਾਜ਼ਤ ਹੈ? ਕਿਊਬਿਕ ਫੈਡਰੇਸ਼ਨ ਆਫ ਚੇਂਬਰਜ਼ ਆਫ ਕਾਮਰਸ ਦੇ ਚੀਫ ਐਗਜ਼ੈਕਟਿਵ ਫਰੈਂਕੋਇਸ ਬਰਟਰੈਂਡ ਨੇ ਆਖਿਆ ਕਿ ਸੰਵਿਧਾਨਕ ਸਿਧਾਂਤਾਂ ਉੱਤੇ ਅਧਾਰਿਤ ਇਸ ਫੈਸਲੇ ਨਾਲ ਕੈਨੇਡਾ ਵਿੱਚ ਰੈਗੂਲੇਟਰਾਂ ਵਿੱਚ ਇੱਕਸੁਰਤਾ ਲਿਆਉਣ ਦੀ ਵੀ ਪੁਸ਼ਟੀ ਕੀਤੀ ਜਾਂਦੀ ਹੈ। ਓਟਵਾ ਵੱਲੋਂ ਇਹ ਤਰਕ ਦਿੱਤਾ ਗਿਆ ਕਿ ਵਿੱਤੀ ਬਾਜ਼ਾਰ ਇੱਕ ਦੂਜੇ ਨਾਲ ਜੁੜੇ ਵਿਸ਼ਵਵਿਆਪੀ ਅਰਥਚਾਰੇ ਦਾ ਅਨਿੱਖੜਵਾਂ ਹਿੱਸਾ ਬਣ ਚੁੱਕੇ ਹਨ ਤੇ ਇਸ ਲਈ ਕੌਮਾਂਤਰੀ ਮੰਚ ਉੱਤੇ ਇਕਹਿਰੀ ਅਵਾਜ਼ ਦੀ ਲੋੜ ਹੈ। ਪਰ ਆਪਣੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਆਖਿਆ ਕਿ ਫੈਡਰਲ ਸਰਕਾਰ ਆਪਣਾ ਪੱਖ ਸਿੱਧ ਕਰਨ ਤੋਂ ਨਾਕਾਮਯਾਬ ਰਹੀ ਹੈ ਤੇ ਇਸ ਲਈ ਅਦਾਲਤ ਲਾਇਸੰਸਿਗ ਤੇ ਪੌਲਿਸਿੰਗ ਵਰਗੇ ਸਕਿਊਰਿਟੀ ਸਨਅਤ ਦੇ ਰੋਜ਼ਾਨਾ ਕੰਮਾਕਾਰਾਂ ਵਿੱਖ ਦਖਲਅੰਦਾਜ਼ੀ ਨਹੀਂ ਕਰ ਸਕਦੀ।

# ਬੱਚਿਆਂ ਦੀ ਕਾਰ ਸੀਟ ਵਾਸਤੇ ਨਵੇਂ ਕਾਨੂੰਨ ਲਾਗੂ



ਟਰਾਂਟੋ (ਨਦਬ) :- ਬੱਚਿਆਂ ਦੀ ਕਾਰ ਸੀਟ ਨੂੰ ਹੋਰ ਸੁਰੱਖਿਅਤ ਬਣਾਉਣ ਵਾਸਤੇ ਨਵੇਂ ਕਾਨੂੰਨ ਪਹਿਲੀ ਜਨਵਰੀ 2012 ਤੋਂ ਲਾਗੂ ਹੋ ਗਏ ਹਨ । ਸਿਹਤ ਮੰਤਰੀ ਲਿਓਨਾ ਐਗਲੂਕਾਕ ਨੇ ਆਖਿਆ ਕਿ ਇਨ੍ਹਾਂ ਤਬਦੀਲੀਆਂ ਵਿੱਚ ਇਸ ਗੱਲ ਦਾ ਉਚੇਚਾ ਧਿਆਨ ਰੱਖਿਆ ਗਿਆ ਹੈ ਕਿ ਬੂਸਟਰ ਸੀਟ ਦੇ ਕਾਬਲ ਹੋਣ ਲਈ ਕਿਸੇ ਬੱਚੇ ਦਾ ਭਾਰ ਕਿੰਨਾ ਹੋਣਾ ਚਾਹੀਦਾ ਹੈ ਤੇ ਕਿੰਨੇ ਵੱਡੇ ਬੱਚੇ ਨੂੰ ਬਾਲਗਾਂ ਵਾਲੀ ਸੀਟ ਬੈਲਟ ਲਾਉਣੀ ਚਾਹੀਦੀ ਹੈ। ਪਹਿਲੀ ਜਨਵਰੀ 2012 ਤੋਂ ਲਾਗੂ ਹੋਏ ਨਵੇਂ ਨਿਯਮਾਂ ਤਹਿਤ ਬੱਚਿਆਂ ਨੂੰ ਦਸ ਕਿੱਲੋ ਦੇ ਹੋਣ ਤੱਕ ਇੱਕ ਵਿਸ਼ੇਸ਼ ਕਿਸਮ ਦੀ ਕਾਰ ਸੀਟ ਵਿੱਚ ਬੈਲਟ ਬੰਨ੍ਹ ਕੇ ਲਿਜਾਣਾ ਹੋਵੇਗਾ। ਨਿੱਕੇ ਬੱਚਿਆਂ ਨੂੰ ਉਦੋਂ ਤੱਕ ਕਾਰ ਵਿੱਚ ਇਨ੍ਹਾਂ ਵਿਸ਼ੇਸ਼ ਸੀਟਾਂ ਵਿੱਚ ਸਵਾਰੀ ਕਰਵਾਉਣੀ ਹੋਵੇਗੀ ਜਦੋਂ ਤੱਕ ਉਨ੍ਹਾਂ ਦਾ ਵਜ਼ਨ 30 ਕਿੱਲੋ ਨਹੀਂ ਹੋ ਜਾਂਦਾ, ਜਦਕਿ ਇਸ ਸਮੇਂ ਇਹ ਹਦਾਇਤ 22 ਕਿੱਲੋ ਵਜ਼ਨੀ ਬੱਚਿਆਂ ਲਈ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਕੂਲ ਬੱਸਾਂ ਵਿੱਚ ਵੀ ਵਿਸ਼ੇਸ਼ ਸੀਟ ਬੈਲਟਾਂ ਲਾਏ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਕਾਰਾਂ ਦੀਆਂ ਸੀਟਾਂ ਤਿਆਰ ਕਰਨ ਵਾਲੀਆਂ ਕੰਪਨੀਆਂ ਲਈ ਵੀ ਜਾਂਚ ਸਬੰਧੀ ਨਵੇਂ ਨਿਯਮ ਬਣਾਏ ਗਏ ਹਨ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਨਵੇਂ ਮਾਪਦੰਡਾਂ ਲਈ ਬੱਚਿਆਂ ਦੀ ਸੀਟਾਂ ਬਦਲਣ ਦੀ ਕੋਈ ਲੋੜ ਨਹੀਂ ਹੈ। ਉਸ ਸੂਰਤ ਵਿੱਚ ਬੱਚੇ ਦੀ ਕਾਰ ਸੀਟ ਬਦਲੀ ਜਾਣੀ ਚਾਹੀਦੀ ਹੈ ਜੇ ਉਸ ਗੱਡੀ ਦਾ ਪਹਿਲਾਂ ਕੋਈ ਹਾਦਸਾ ਹੋ ਚੁੱਕਿਆ ਹੈ ਜਿਸ ਵਿੱਚ ਉਹ ਕਾਰ ਸੀਟ ਲੱਗੀ ਹੈ। ਸਰਕਾਰ ਨੇ ਇਹ ਵੀ ਆਖਿਆ ਹੈ ਕਿ ਜੇ ਸੀਟ ਉਤੇ ਲੱਗਿਆ ਸਮਾਨ ਜਾਂ ਸੀਟ ਫਟ ਚੁੱਕੀ ਹੈ ਤੇ ਜਾਂ ਫਿਰ ਨੁਕਸਾਨੀ ਗਈ ਹੈ ਤਾਂ ਉਸ ਦਾ ਬਦਲਿਆ ਜਾਣਾ ਜ਼ਰੂਰੀ ਹੈ।

## ਡੈਨੀਅਲ ਪੈਲੇ ਬਲਾਕ ਕਿਊਬਿਕੁਆ ਪਾਰਟੀ ਦੇ ਨਵੇਂ ਲੀਡਰ

ਮਾਂਟਰੀਅਲ, (ਨਦਬ) : ਸਾਬਕਾ ਐਮਪੀ ਤੇ ਪ੍ਰੋਵਿੰਸ਼ੀਅਲ ਕੈਬਨਿਟ ਮੰਤਰੀ ਡੈਨੀਅਲ ਪੈਲੇ ਬਲਾਕ ਕਿਊਬਿਕੁਆ ਦੇ ਨਵੇਂ ਪ੍ਰਧਾਨ ਹੋਣਗੇ। ਪੈਲੇ, ਜਿਹੜੇ ਪਿਛਲੀਆਂ ਚੋਣਾਂ ਵਿੱਚ ਆਪਣੀ ਸੀਟ ਤੋਂ ਹਾਰ ਗਏ ਸਨ, ਨੇ ਮੌਜੂਦਾ ਐਮ ਪੀ ਮਾਰੀਆ ਮੁਰਾਨੀ ਤੇ ਜੀਨ ਫਰੈਂਕੋਇਸ ਫੋਰਟਿਨ ਨੂੰ ਸ਼ਿਕਸਤ ਦਿੱਤੀ। ਮਈ ਦੇ ਮਹੀਨੇ ਹੋਈਆਂ ਚੋਣਾਂ ਵਿੱਚ ਮਾੜੇ ਪ੍ਰਦਰਸ਼ਨ ਤੋਂ ਬਾਅਦ ਹਾਸ਼ੀਏ ਉੱਤੇ ਪਹੁੰਚੀ ਪਾਰਟੀ ਨੂੰ ਮੂਹਰਲੀਆਂ ਸਫਾਂ ਵਿੱਚ ਮੁੜ ਥਾਂ ਦਿਵਾਉਣ ਦਾ ਔਖਾ ਕੰਮ ਪੈਲੇ ਦੇ ਜਿੰਮੇ ਆਇਆ ਹੈ। ਇਹ ਵੱਖਵਾਦੀ ਪਾਰਟੀ ਲੰਮੇ ਸਮੇਂ ਤੱਕ ਗਿੱਲਜ਼ ਡਿਊਸੇਪੇ ਦੀ ਅਗਵਾਈ ਅਧੀਨ ਹੀ ਰਹੀ ਹੈ। ਪਰ ਪਿਛਲੀਆਂ ਚੋਣਾਂ ਵਿੱਚ ਬਲਾਕ ਨੂੰ ਖੂੰਜੇ ਲਾ ਕੇ ਸਾਰਾ ਲਾਹਾ ਐਨਡੀਪੀ ਖੱਟ ਗਈ। ਉਦੋਂ ਤੋਂ ਹੀ ਪਾਰਟੀ ਦੀ ਮੈਂਬਰਸ਼ਿਪ ਉੱਤੇ ਵੀ ਅਸਰ ਪਿਆ ਹੈ। ਪਾਰਟੀ ਦੇ 53,000 ਮੈਂਬਰਾਂ ਵਿੱਚੋਂ ਇੱਕ ਚੌਥਾਈ ਨਾਲੋਂ ਵੀ ਵੱਧ ਨੇ ਤਾਂ ਆਪਣੇ ਕਾਰਡ ਹੀ ਮੁੜ ਨਹੀਂ ਨਵਿਆਏ। 61 ਸਾਲਾ ਪੈਲੇ ਨੇ ਕਈ ਸਾਲਾਂ ਤੱਕ ਅਰਥਸ਼ਾਸਤਰੀ ਵੱਜੋਂ ਕੰਮ ਕੀਤਾ ਤੇ ਉਹ ਲੰਮੇਂ ਸਮੇਂ ਤੱਕ ਪ੍ਰਾਈਵੇਟ ਸੈਕਟਰ ਵਿੱਚ ਵਿੱਤੀ ਵਿਸ਼ਲੇਸ਼ਕ ਵੀ ਰਹੇ। ਹਾਊਸ ਆਫ ਕਾਮਨਜ਼ ਦੀ ਸੀਟ ਉਨ੍ਹਾਂ ਕੋਲ ਡੇਢ ਸਾਲ ਤੱਕ ਰਹੀ। ਉਹ ਕਿਊਬਿਕ ਦੀ ਕੌਮੀ ਅਸੰਬਲੀ ਵਿੱਚ ਪਾਰਟੀ ਕਿਊਬਿਕੁਆ ਦੇ ਮੈਂਬਰ ਵਜੋਂ 1994 ਵਿੱਚ ਚੁਣੇ ਗਏ ਸਨ। ਉਨ੍ਹਾਂ ਪ੍ਰੀਮੀਅਰ ਜੈਕੁਅਸ ਪੈਰੀਜ਼ਿਊ ਤਹਿਤ ਵੀ ਕੰਮ ਕੀਤਾ। ਮਾਂਟਰੀਅਲ ਈਸਟ ਵਾਲੇ ਸਿਰੇ ਦੇ ਇਲਾਕੇ ਹੋਚੇਲਗਾ ਦੀਆਂ ਜ਼ਿਮਨੀ ਚੋਣਾਂ ਦੌਰਾਨ ਉਹ 2009 ਵਿੱਚ ਬਲਾਕ ਐਮਪੀ ਚੁਣੇ ਗਏ ਤੇ ਉਹ ਪਾਰਟੀ ਦੇ ਫਾਇਨਾਂਸ ਕ੍ਰਿਟਿਕ ਬਣੇ। ਪੈਲੇ ਨੇ ਹਾਰਪਰ ਦੀ ਕੰਜ਼ਰਵੇਟਿਵ ਪਾਰਟੀ ਨਾਲ ਵੀ ਥੋੜ੍ਹੇ ਸਮੇਂ ਲਈ ਕੰਮ ਕੀਤਾ ਹੈ।

## ਵੀਟਾ ਹੈਲਥ ਉਤਪਾਦ 'ਤੇ ਲੱਗੇ ਗਲਤ ਲੇਬਲਾਂ ਬਾਬਤ ਹੈਲਥ ਕੈਨੇਡਾ ਵੱਲੋਂ ਚੇਤਾਵਨੀ

ਟਰਾਂਟੋ (ਨਦਬ) :-ਵੀਟਾ ਹੈਲਥ ਦੇ ਪੱਠਿਆਂ ਤੇ ਪਿੱਠ ਦੇ ਦਰਦ ਸਬੰਧੀ ਉਤਪਾਦ ਉੱਤੇ ਉਸ ਦੀ ਖੁਰਾਕ ਸਬੰਧੀ ਫਰੈਂਚ ਵਿੱਚ ਲੱਗੇ ਲੇਬਲ ਵਿੱਚ ਤਰੁਟੀਆਂ ਪਾਏ ਜਾਣ ਦੀ ਹੈਲਥ ਕੈਨੇਡਾ ਵੱਲੋਂ ਚੇਤਾਵਨੀ ਦਿੱਤੀ ਗਈ ਹੈ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਇਸ ਨਾਲ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿਹਤ ਸਬੰਧੀ ਖਤਰਾ ਹੋ ਸਕਦਾ ਹੈ। ਇਹ ਚੇਤਾਵਨੀ ਵੀਟਾ ਦੇ ਸਿਹਤ ਸਬੰਧੀ ਉਤਪਾਦ ਕੌਂਪਲੀਮੈਂਟਸ ਮਸਲ ਐਂਡ ਬੈਕ ਪੇਨ ਰਲੀਫ ਰੈਗੂਲਰ ਸਟਰੈਂਥ ਦੇ ਸਬੰਧ ਵਿੱਚ ਦਿੱਤੀ ਗਈ ਹੈ। ਫਰੈਂਚ ਵਿੱਚ ਦਿੱਤੀਆਂ ਗਈਆਂ ਗਲਤ ਹਦਾਇਤਾਂ ਅਨੁਸਾਰ ਇਹ ਉਤਪਾਦ ਬਾਲਗਾਂ ਤੇ ਦੋ ਸਾਲ ਜਾਂ ਇਸ ਤੋਂ ਵੱਡੇ ਬੱਚਿਆਂ ਲਈ ਹੈ। ਅਸਲ ਵਿੱਚ ਇਹ ਇਸ ਤਰ੍ਹਾਂ ਹੋਣਾ ਚਾਹੀਦਾ ਸੀ ਕਿ ਇਹ ਉਤਪਾਦ 12 ਸਾਲ ਤੇ ਇਸ ਨਾਲੋਂ ਵੱਡੇ ਬੱਚਿਆਂ ਲਈ ਹੈ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ 12 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਸ ਉਤਪਾਦ ਦਾ ਸੇਵਨ ਕਰਵਾਏ ਜਾਣ ਉੱਤੇ ਉਨ੍ਹਾਂ ਨੂੰ ਇੱਕ ਤਾਂ ਐਸੇਟਾਮਿਨੋਫੈਨ ਦੀ ਵਾਧੂ ਮਾਤਰਾ ਦਿੱਤੀ ਜਾ ਸਕਦੀ ਹੈ ਤੇ ਇਸ ਦੇ ਸਿਹਤ ਸਬੰਧੀ ਗੰਭੀਰ ਸਿੱਟੇ ਵੀ ਭੁਗਤਣੇ ਪੈ ਸਕਦੇ ਹਨ। ਇਸ ਨਾਲ ਬੱਚੇ ਦੇ ਜਿਗਰ ਨੂੰ ਵੀ ਨੁਕਸਾਨ ਹੋ ਸਕਦਾ ਹੈ। ਹੈਲਥ ਕੈਨੇਡਾ ਨੇ ਇੱਕ ਬਿਆਨ ਵਿੱਚ ਆਖਿਆ ਕਿ ਉਤਪਾਦ ਉੱਤੇ ਲੱਗੇ ਲੇਬਲ ਅਨੁਸਾਰ ਇਹ ਉਤਪਾਦ ਵਡੇਰੀ ਉਮਰ ਦੇ ਲੋਕਾਂ ਦੇ ਵਰਤਣ ਲਈ ਹੈ ਤੇ ਇਸ ਨੂੰ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਿਸੇ ਵੀ ਸੂਰਤ ਵਿੱਚ ਨਹੀਂ ਦੇਣਾ ਚਾਹੀਦਾ। ਇਹ ਉਤਪਾਦ ਪੱਠਿਆਂ ਨੂੰ ਨਰਮ ਕਰਨ ਤੇ ਦਰਦ ਨਿਵਾਰਕ ਵਜੋਂ ਦਿੱਤੇ ਜਾਣ ਵਾਸਤੇ ਤਿਆਰ ਕੀਤਾ ਗਿਆ ਹੈ। ਜਿਗਰ ਨੂੰ ਨੁਕਸਾਨ ਪਹੁੰਚਣ ਦਾ ਪਹਿਲਾ ਲੱਛਣ ਢਿੱਡ ਵਿੱਚ ਦਰਦ ਹੋਣਾ ਹੋ ਸਕਦਾ ਹੈ ਤੇ ਇਸ ਦਾ 24 ਤੋਂ 48 ਘੰਟਿਆਂ ਤੱਕ ਪਤਾ ਨਾ ਲੱਗਣਾ ਮਾਮੂਲੀ ਗੱਲ ਹੈ। ਓਵਰਡੋਜ਼ ਦੇ ਹੋਰਨਾਂ ਲੱਛਣਾਂ ਵਿੱਚ ਕਚਿਆਣ, ਉਲਟੀਆਂ ਆਉਣਾ, ਸੁਸਤੀ ਛਾਣਾ ਤੇ ਪਸੀਨਾ ਆਉਣਾ ਸ਼ਾਮਲ ਹਨ। ਹੈਲਥ ਕੈਨੇਡਾ ਦੀ ਤਰਜ਼ਮਾਨ ਓਲਿਵੀਆ ਕੈਰਨ ਦਾ ਕਹਿਣਾ ਹੈ ਕਿ ਇਸ ਉਤਪਾਦ ਉੱਤੇ ਫਰੈਂਚ ਵਿੱਚ ਲੱਗੇ ਲੇਬਲਾਂ ਵਿੱਚ ਹੀ ਇਹ ਗਲਤੀ ਪਾਈ ਗਈ ਹੈ। ਅੰਗਰੇਜ਼ੀ ਵਿੱਚ ਦਿੱਤੇ ਗਏ ਲੇਬਲ ਬਿਲਕੁਲ ਸਹੀ ਹਨ। ਕੈਰਨ ਨੇ ਆਖਿਆ ਕਿ ਹੈਲਥ ਕੈਨੇਡਾ ਵੱਲੋਂ ਇਹ ਚੇਤਾਵਨੀ ਜਾਰੀ ਕੀਤੇ ਜਾਣ ਤੋਂ ਪਹਿਲਾਂ ਇਸ ਉਤਪਾਦ ਕਾਰਨ ਹੋਏ ਗੰਭੀਰ ਨੁਕਸਾਨ ਬਾਰੇ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਉਨ੍ਹਾਂ ਨੂੰ ਹਾਸਲ ਨਹੀਂ ਹੋਈ। ਹੈਲਥ ਕੈਨੇਡਾ ਨੇ ਖਪਤਕਾਰਾਂ ਨੂੰ ਵੀ ਆਗਾਹ ਕੀਤਾ ਹੈ ਕਿ ਜੇ 12 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਬੱਚੇ ਵੱਲੋਂ ਇਸ ਉਤਪਾਦ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਤੁਰੰਤ ਹੈਲਥ ਕੇਅਰ ਪ੍ਰੋਫੈਸ਼ਨਲਜ਼ ਨਾਲ ਸੰਪਰਕ ਕੀਤਾ ਜਾਵੇ। ਵੀਟਾ ਹੈਲਥ ਨੇ ਆਪਣੇ ਇਸ ਉਤਪਾਦ ਨੂੰ ਵਾਪਿਸ ਮੰਗਵਾਉਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਤੇ ਆਪਣੇ ਗਾਹਕਾਂ ਨੂੰ ਇਸ ਬਦਲੇ ਪੈਸੇ ਮੋੜਨ ਦੀ ਪੇਸ਼ਕਸ਼ ਵੀ ਕੀਤੀ ਹੈ।

# ਸੁਪਰ ਵੀਜ਼ਾ- ਕੁਝ ਪਹਿਲੂ

ਕਨੇਡਾ (ਨਦਬ):- ਜਿਥੇ ਕੈਨੇਡਾ ਸਰਕਾਰ ਵਲੋਂ ਸ਼ੁਰੂ ਕੀਤੇ ਸੁਪਰ ਵੀਜ਼ੇ ਨੂੰ ਲੈ ਕੇ ਆਮ ਲੋਕਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਉਥੇ ਹੀ ਤਸਵੀਰ ਦਾ ਦੂਸਰਾ ਪਹਿਲੂ ਬੇਹੱਦ ਭਿਆਨਕ ਦਿਖਾਈ ਦੇ ਰਿਹਾ ਹੈ। ਆਮ ਵਰਗ ਖਾਸ ਤੌਰ 'ਤੇ 'ਏਸ਼ੀਅਨ' ਲੋਕਾਂ ਦੀ ਸੋਚ ਵਿਚ ਹੁਣ ਮਾਂ-ਪਿਓ, ਦਾਦੇ-ਦਾਦੀ ਨੂੰ ਬਲਾਉਣਾ ਝੱਟ-ਪੱਟ ਤੇ ਆਸਾਨ ਖੇਡ ਮੰਨਿਆ ਜਾ ਰਿਹਾ ਹੈ ਪਰ ਅਸਲੀਅਤ ਇਸ ਤੋਂ ਕੋਹਾਂ ਦੂਰ ਹੈ।

ਲੰਮਾ ਸਮਾਂ ਇਮੀਗ੍ਰੇਸ਼ਨ ਅਧਿਕਾਰੀ ਰਹੇ ਸ੍ਰੀ ਦਰਸ਼ਨ ਖਹਿਰਾ ਨੇ 'ਨਵੀਂ ਦੁਨੀਆ' ਨਾਲ ਗੱਲਬਾਤ ਦੌਰਾਨ ਦੱਸਿਆ ਕਿ 1 ਦਸੰਬਰ 2011 ਤੋਂ ਸ਼ੁਰੂ ਹੋਏ 10 ਸਾਲ ਦੇ 'ਮਲਟੀਪਲ ਐਂਟਰੀ ਵੀਜ਼ਾ' ਅਧੀਨ ਵੀਜ਼ਾ ਮਿਲਣ ਦੀ ਸੂਰਤ ਵਿੱਚ ਮਾਂ-ਪਿਓ, ਦਾਦਾ-ਦਾਦੀ, ਵਿਜ਼ਟਰਜ਼ ਦੇ ਤੌਰ 'ਤੇ ਆ ਕੇ ਇਕ ਵਾਰ ਵਿਚ 2 ਸਾਲ ਲਗਾਤਾਰ ਕੈਨੇਡਾ ਰਹਿ ਸਕਣਗੇ। ਫੈਮਿਲੀ ਕਲਾਸ ਅਧੀਨ ਆਉਣ ਵਾਲੇ 2 ਸਾਲਾਂ ਲਈ ਪੱਕੇ ਤੌਰ 'ਤੇ ਅਰਜ਼ੀਆਂ ਨਾ ਲੈਣ ਸਬੰਧੀ ਪੈਣ ਵਾਲੇ ਪ੍ਰਭਾਵਾਂ ਬਾਰੇ ਸ੍ਰੀ ਖਹਿਰਾ ਨੇ ਕਿਹਾ ਕਿ ਸਰਕਾਰ 'ਮਲਟੀਪਲ ਐਂਟਰੀ ਵੀਜ਼ੇ' ਦਾ ਝਾਂਸਾ ਦੇ ਕੇ ਜਿਥੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ, ਉਥੇ ਹੀ ਇਨ੍ਹਾਂ ਸਾਲਾਂ ਦਰਮਿਆਨ ਨਵੀਆਂ ਆਈਆਂ ਅਰਜ਼ੀਆਂ ਜਾਂ ਮਾਂ-ਪਿਓ ਨਾਲ ਆਉਣ ਵਾਲੇ ਬੱਚੇ/ਬੱਚੀਆਂ ਆਪਣੀ ਉਮਰ ਦੀ ਨਿਰਧਾਰਤ ਸੀਮਾ ਪਾਰ ਕਰ ਜਾਣਗੇ।



ਸ੍ਰੀ ਦਰਸ਼ਨ ਖਹਿਰਾ

ਫੀਸ ਬਾਰੇ ਗੱਲਬਾਤ ਕਰਦਿਆਂ ਸ੍ਰੀ ਖਹਿਰਾ ਨੇ ਦੱਸਿਆ ਕਿ ਮਲਟੀਪਲ ਐਂਟਰੀ ਵੀਜ਼ਾ ਦੀ ਫੀਸ ਤਕਰੀਬਨ ਦੁਗਣੀ ਹੈ। ਸਰਕਾਰ ਦੇ ਲਈ ਜਿਥੇ ਇਹ ਪੈਸੇ ਬਣਾਉਣ ਦਾ ਸਾਧਨ ਜਾਪਦਾ ਹੈ, ਉਥੇ ਹੀ ਆਮ ਲੋਕਾਂ ਨੂੰ ਲੰਮੀ ਦੇਰ ਤੱਕ ਅਸਥਾਈ ਤੌਰ 'ਤੇ ਆਏ ਮਾਂ-ਪਿਓ, ਦਾਦਾ-ਦਾਦੀ ਲਈ ਵੱਡੀ ਰਕਮ ਉਨਾਂ ਦੀ 'ਸਿਹਤ ਸੰਭਾਲ' ਲਈ ਵੀ ਖਰਚਣੀ ਪਵੇਗੀ। ਸ੍ਰੀ ਖਹਿਰਾ ਨੇ ਕਿਹਾ ਕਿ 'ਇਮੀਗਰੇਸ਼ਨ ਐਂਡ ਰਫਿਊਜ਼ੀ ਪ੍ਰੋਟੈਕਸ਼ਨ ਐਕਟ' ਦਾ ਅਸਲੀ ਉਦੇਸ਼ ਤਾਂ ਕਨੇਡਾ 'ਚ ਪੱਕੇ ਤੌਰ 'ਤੇ ਆ ਵੱਸੇ ਪ੍ਰਵਾਸੀਆਂ ਵੱਲੋਂ ਪਿਛੇ ਰਹਿ ਗਏ ਪਰਿਵਾਰਕ ਮੈਂਬਰਾਂ ਨੂੰ 'ਰੀਯੂਨੀਫ਼ੀਕੇਸ਼ਨ ਆਫ਼ ਫੈਮਲੀ' ਧਾਰਾ ਅਧੀਨ ਇਥੇ ਇੱਕਠੇ ਕਰਨਾ ਸੀ, ਪਰ ਮਲਟੀਪਲ ਐਂਟਰੀ ਵੀਜ਼ਾ ਜਾਂ ਸੁਪਰ ਵੀਜ਼ਾ ਦੇ ਨਾਮ 'ਤੇ ਫ਼ੈਮਲੀ ਕਲਾਸ ਨੂੰ ਬੰਦ ਕੀਤਾ ਜਾ ਰਿਹਾ ਹੈ ਜੋ ਕਿ 'ਰੀਯੂਨੀਫ਼ੀਕੇਸ਼ਨ ਆਫ਼ ਫੈਮਲੀ' ਧਾਰਾ ਦੀ ਉਲੰਘਣਾ ਹੈ।

ਇਮੀਗਰੇਸ਼ਨ ਪ੍ਰਤੀ ਪੀ.ਸੀ. ਸਰਕਾਰ ਦੇ ਨਜ਼ਰੀਏ ਬਾਰੇ ਸ੍ਰੀ ਖਹਿਰਾ ਨੇ ਦੱਸਿਆ ਕਿ ਸਰਕਾਰ ਦਾ ਉਦੇਸ਼ 'ਫੈਮਿਲੀ ਕਲਾਸ' ਦੀ ਪ੍ਰੋਵੀਜ਼ਨ ਨੂੰ ਤਕਰੀਬਨ ਖ਼ਤਮ ਕਰਨਾ ਹੈ, ਜਿਵੇਂ ਕਿ ਪਹਿਲਾਂ ਹੀ ਇਮੀਗਰੇਸ਼ਨ ਲਈ ਮੰਗੇਤਰ ਨੂੰ ਸੱਦਣ ਦੀ ਧਾਰਾ ਨੂੰ ਖ਼ਤਮ ਕੀਤਾ ਜਾ ਚੁੱਕਾ ਹੈ। ਇਥੇ ਇਹ ਵਰਣਨਯੋਗ ਹੈ ਕਿ ਪਹਿਲਾਂ 'ਇਮੀਗਰੇਸ਼ਨ ਐਂਡ ਰਫਿਊਜ਼ੀ ਪ੍ਰੋਟੈਕਸ਼ਨ ਐਕਟ' ਅਨੁਸਾਰ 'ਲਾਸਟ ਰਿਮੀਨੇਇੰਗ ਫੈਮਲੀ ਮੈਂਬਰ'(ਪਿਛੇ ਰਹਿ ਗਿਆ ਆਖਰੀ ਪਰਿਵਾਰਕ ਮੈਂਬਰ) ਦੀ ਸਹੂਲਤ ਸੀ।


Great rates. Low fees. Expert advice.

- What's the best option for me, an open or closed mortgage?
- Should I choose a fixed or a variable interest rate?
- Is my downpayment enough for a conventional mortgage?

Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.

Let's talk.

**Anjali Agarwal**, Mortgage Development Manager 780.718.7217 anjali.agarwal@servus.ca servus.ca



servus credit union

feel good about your money.

BEST MANAGED COMPANIES

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ







ਕੈਲਗਰੀ (ਇਕਬਾਲ ਖ਼ਾਨ) :- ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ ਸਤਨਾਮ ਸਿੰਘ ਢਾਅ ਦੀ ਪਧਾਨਗੀ ਹੇਠ ਕੋਸੋ ਦੇ ਹਾਲ ਵਿੱਚ ਹੋਈ।ਸਭਾ ਦੇ ਜਰਨਲ ਸਕੱਤਰ ਇਕਾਲ ਖ਼ਾਨ ਨੇ ਸਰੋਤਿਆਂ ਨਾਲ ਦੁੱਖਦਾਈ ਖ਼ਬਰਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਸਾਹਿਤਕ ਜਗਤ ਦੇ ਨਾਮਵਰ ਲੇਖਕ ਡਾ. ਸਵਰਨ ਚੰਦਨ, ਗੁਰਮੇਲ ਮਡਾਹਾੜ ਅਤੇ ਲਹਿੰਦੇ ਪੰਜਾਬ ਦੇ ਮਨਸ਼ਾ ਯਾਦ, ਇਕਬਾਲ ਦੀਵਾਨਾ, ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ, ਪ੍ਰਸਿੱਧ ਗਾਇਕਾ ਪੁਸ਼ਪਾ ਹੰਸ ਅਤੇ ਫ਼ਿਲਮੀ ਕਲਾਕਾਰ ਦੇਵ ਆਨੰਦ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ।ਉਨ੍ਹਾਂ ਦੀ ਯਾਦ ਵਿੱਚ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।

ਕੇਸਰ ਸਿੰਘ ਨੀਰ ਨੇ ਇਨ੍ਹਾਂ ਹਸਤੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਕੌਮ ਦੇ ਹੀਰੇ ਕਿਹਾ। ਡਾ. ਹਰਭਜਨ ਸਿੰਘ ਢਿੱਲੋਂ ਨੇ ਕਿਹਾ ਕਿ ਕਹਾਣੀ ਸੱਚ ਨਹੀਂ ਹੁੰਦੀ ਪਰ ਲੇਖਕ ਨੇ ਆਪਣੀ ਕਲਪਨਾ ਰਾਹੀ ਸੱਚ ਨੂੰ ਲਿਖਤ ਵਿਚ ਪੇਸ਼ ਕਰਨਾ ਹੁੰਦਾ ਹੈ। ਡਾ. ਸਵਰਨ ਚੰਦਨ, ਗੁਰਮੇਲ ਮਡਾਹਾੜ, ਮਣਸ਼ਾ ਯਾਦ ਅਤੇ ਇਕਬਾਲ ਦੀਵਾਨਾ ਇਹ ਕਲਾ ਜਾਣਦੇ ਸਨ।ਮਾਣਕ ਬੁਲੰਦ ਅਵਾਜ਼ ਦਾ ਮਾਲਕ ਸੀ। ਉਨ੍ਹਾਂ ਨੇ ਗਾਇਕੀ ਨੂੰ ਉਸ ਮੁਕਾਮ ਤੇ ਪੁੰਹਚਾ ਦਿੱਤਾ ਹੈ, ਜਿਥੇ ਪਹਿਲਾਂ ਕੋਈ ਨਹੀਂ ਸੀ ਪੁੰਹਚਿਆ। ਦੇਵ ਆਨੰਦ ਇੱਕ ਬੁਹਪੱਖੀ ਸ਼ਖ਼ਸੀਅਤ ਸੀ ਅਤੇ ਉਨ੍ਹਾਂ ਦੀ ਖ਼ਾਸ ਗੱਲ ਇਹ ਹੈ ਕਿ ਉਹ ਆਪਣੇ ਕੰਮਾਂ ਕਰਕੇ ਜਵਾਨ ਰਹੇ।

ਹਰਮਿੰਦਰ ਕੌਰ ਢਿੱਲੋਂ ਨੇ ਵੀ ਕੁਲਦੀਪ ਮਾਣਕ ਨੂੰ ਯਾਦ ਕੀਤਾ ਅਤੇ ਅਪਣਾ ਇੱਕ ਗੀਤ ਸੁਰੀਲੀ ਅਵਾਜ਼ ਪੇਸ਼ ਕੀਤਾ। ਸਰੂਪ ਸਿੰਘ ਮੰਡੇਰ ਨੇ ਆਪਣੀ ਕਵਿਤਾ ਕਵੀਸ਼ਰੀ ਰੰਗ ਵਿੱਚ ਸੁਣਾਈ. ਜਸਵੰਤ ਸਿੰਘ ਸੇਖੋਂ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜ਼ਰੀ ਜੀ ਬਾਰੇ ਕਵਿਤਾ ਸੁਣਾਈ. ਸੁਖਵਰਸ਼ ਕੰਵਰ ਤਿਨਾਹ ਨੇ ਹਿੰਦੀ ਦੀ ਇਕ ਕਵਿਤਾ ਸੁਣਾਈ। ਸਭਾ ਦੇ ਨੌਜੁਆਨ ਮੈਂਬਰ ਪਰਦੀਪ ਕੰਗ ਨੇ ਕਵਿਤਾ, ਦਵਿੰਦਰ ਮਿਲਹਾਸ ਨੇ ਕਵਿਤਾ, ਗੁਰਨਾਮ ਸਿੰਘ ਗਿੱਲ ਨੇ ਕਰਨੈਲ ਸਿੰਘ ਪਾਰਸ ਦੀ ਲਿਖੀ ਕਵੀਸ਼ਰੀ, ਗੁਰਦਿਆਲ ਸਿੰਘ ਖੈਹਰਾ ਨੇ ਇੱਕ ਹਾਸਰਸ ਕਵਿਤਾ, ਕੁਲਵੀਰ ਸ਼ੇਰਗਿੱਲ ਨੇ ਕਵਿਤਾ, ਜਰਨੈਲ ਸਿੰਘ ਤੱਗੜ ਨੇ ਕੁਝ ਸ਼ਿਅਰ ਓਤੇ ਕੁੰਦਨ ਸਿੰਘ ਸ਼ੇਰਗਿੱਲ ਨੇ ਕਵਿਤਾ ਸੁਣਡਈ। ਸੋਹਣ ਮਾਨ ਨੇ 'ਪੰਜਾਬੀ ਸਾਹਿਤ ਉਤੇ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ' ਦੇ ਵਿਸ਼ੇ ਤੇ ਬੋਲਦਿਆਂ ਭਰਪੂਰ ਚਾਨਣਾ ਪਾਇਆ। ਹਰਨੇਕ ਬੱਧਣੀ ਨੇ ਡਾ. ਦਿਲਜੀਤ ਸਿੰਘ ਦੀ ਕਿਤਾਬ 'ਸੱਚ ਦੀ ਭਾਲ' ਬਾਰੇ ਗੱਲ ਬਾਤ ਕੀਤੀ ਉਨ੍ਹਾਂ ਇਸ ਕਿਤਾਬ ਵਿੱਚ ਛੱਪੇ, ਅਮਰੀਕਾ ਦੇ ਫ਼ੈਡਲਰਲ ਰੀਜ਼ਰਵ ਬੈਂਕ ਬਾਰੇ ਇੱਕ ਲੇਖ ਦਾ ਜ਼ਿਕਰ ਕਰਦਿਆਂ ਸਰੋਤਿਆਂ ਨੂੰ ਪੁਰ ਜੋਰ ਸ਼ਫ਼ਾਰਸ਼ ਕੀਤੀ, ਕਿ ਉਹ ਸਾਰੇ ਇਸ ਗਿਆਨ ਭਰਪੂਰ ਕਿਤਾਬ ਨੂੰ ਜ਼ਰੂਰ ਪੜ੍ਹਨ। ਹਰਜੀਤ ਗਿੱਲ ਨੇ ਕੁਲਦੀਪ ਮਾਣਕ ਨਾਲ ਆਪਣੀਅਢ ਯਾਦਾਂ ਸਾਝੀਆਂ ਕੀਤੀਆਂ ਤੇ ਉਸ ਦੇ ਗਾਏ ਕੁਝ ਗੀਤਾਂ ਦੇ ਮੁਖੜੇ ਆਪਣੀ ਸੁਰੀਲੀ ਆਵਾਜ਼ ਵਿਚ ਸਰੋਤਿਆਂ ਦੇ ਸਨਮੁਖ ਕੀਤੇ। ਆਖ਼ੀਰ ਤੇ ਸਤਨਾਮ ਸਿੰਘ ਢਾਅ ਨੇ ਵਿਛੜੀਆਂ ਰੂਹਾਂ ਨੂੰ ਯਾਦ ਕਰਦਿਆਂ ਦੁੱਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ।

# ਹੈੱਡਵੇ ਸਕੂਲ ਵਲੋਂ ਸੱਭਿਆਚਾਰਕ ਪ੍ਰੋਗਰਾਮ



ਐਡਮਿੰਟਨ (ਨਦਬ) :- ਨਵੇਂ ਸਾਲ ਦੀ ਆਮਦ ਮੌਕੇ ਹੈੱਡਵੇ ਸਕੂਲ ਵਲੋਂ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੀ ਸ਼ੁਰੂਆਤ ਕਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਨਾਲ ਕੀਤੀ ਗਈ। ਉਪਰੰਤ ਸਕੂਲ ਦੇ ਬੱਚਿਆਂ ਵਲੋਂ ਗਿੱਧਾ-ਭੰਗੜਾ ਤੇ ਸਕਿੱਟਾਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪ੍ਰਿੰ. ਜਸਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਦੇ ਸਾਂਚੇ ਵਿਚ ਢਾਲਣ ਲਈ ਸਕੂਲ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਭੰਗੜਾ ਕੋਚ ਮਨਜੀਤ ਸਿੰਘ ਵਲੋਂ ਤਿਆਰ ਕਰਵਾਇਆ ਗਿਆ ਭੰਗੜਾ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਅੰਤਰਰਾਸ਼ਟਰੀ ਢੋਲੀ ਬਿੱਟੂ ਉਸਤਾਦ ਨੇ ਵੀ ਸ਼ਮੂਲੀਅਤ ਕੀਤੀ। ਇਸ ਸਮਾਗਮ 'ਚ ਵਾਈਸ ਪ੍ਰਿੰਸੀਪਲ ਜਸਵੀਰ ਗਿੱਲ, ਮਿਸਜ਼ ਸੁਖਜੀਤ ਸੰਧੂ ਤੋਂ ਇਲਾਵਾ ਹੋਰ ਵੀ ਸਕੂਲ ਦਾ ਸਟਾਫ਼ ਤੇ ਭਾਈਚਾਰਾ ਵੱਡੀ ਗਿਣਤੀ ਵਿਚ ਹਾਜ਼ਰ ਸੀ।

# 'ਲੋਹੜੀ ਮੇਲਾ 2012' ਜਨਵਰੀ 7 ਨੂੰ





ਐਡਮਿੰਟਨ (ਨਦਬ):- ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਯਤਨਸ਼ੀਲ ਸੰਸਥਾ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਲੋਂ 'ਲੋਹੜੀ ਮੇਲਾ 2012' ਜਨਵਰੀ 7 ਨੂੰ ਦੁਪਹਿਰ 2 ਵਜੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਪ੍ਰਧਾਨ ਗੁਰਚਰਨ ਸਿੰਘ ਗਰਚਾ ਅਤੇ ਕਲਚਰਲ ਡਾਇਰੈਕਟਰ ਮਨਜੀਤ ਸਿੰਘ ਨੇ ਦਸਿਆ ਕਿ ਇਸ ਲੋਹੜੀ ਮੇਲੇ ਪ੍ਰਤੀ ਭਾਈਚਾਰੇ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਇਸ ਲੋਹੜੀ ਮੇਲੇ ਦੌਰਾਨ ਪੰਜਾਬ ਦੇ ਲੋਕ ਨਾਚ, ਗਿੱਧੇ ਭੰਗੜੇ, ਝੂਮਰ, ਲੁੱਡੀ, ਮਲਵਈ ਗਿੱਧਾ, ਜਿੰਦੂਆ ਤੋਂ ਇਲਾਵਾ ਲੋਕ ਗੀਤ, ਘੋੜੀਆਂ, ਮਾਹੀਏ, ਟੱਪੇ, ਜੁਗਨੀ, ਬੋਲੀਆਂ, ਢੋਲ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਜਾਵੇਗਾ। ਇਸ ਮੇਲੇ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਤੌਰ 'ਤੇ ਡਿਊਟੀਆਂ ਲਗਾ ਦਿਤੀਆਂ ਗਈਆਂ ਹਨ। ਅੰਤਰਰਾਸ਼ਟਰੀ ਢੋਲੀ ਉਸਤਾਦ ਬਿੱਟੂ ਇਸ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨ ਲਈ ਪਹੁੰਚੇ ਹਨ।

# ਮਿਲਵੁੱਡਜ਼ ਸੁਜ਼ੂਕੀ ਨੇ ਜੇਤੂਆਂ ਨੂੰ ਕਾਰਾਂ ਦੀਆਂ ਚਾਬੀਆਂ ਸੌਂਪੀਆਂ



ਐਡਮਿੰਟਨ (ਨਦਬ) ਮਿਲਵੁੱਡਜ਼ ਸੁਜ਼ੂਕੀ, ਐਡਮਿੰਟਨ ਦੀ ਭਾਈਵਾਲ ਜੈਸੀ ਪਰਿਹਾਰ ਨੇ ਨਵੀਂ ਐਸਐਕਸ4 ਦੀਆਂ ਚਾਬੀਆਂ ਲੱਕੀ ਡਰਾਅ ਦੇ ਜੇਤੂਆਂ ਨੂੰ ਸੌਂਪੀਆਂ। ਇਸ ਮੌਕੇ ਉਨ੍ਹਾਂ ਕਿਹਾ, 'ਅਸੀਂ ਹਮੇਸ਼ਾ ਇਸ ਗੱਲ ਵਿਚ ਯਕੀਨ ਰੱਖਦੇ ਹਾਂ ਕਿ ਅਸੀਂ ਸਮਾਜ ਨੂੰ ਕੁਝ ਮੋੜੀਏ ਤੇ ਅਸੀਂ ਆਪਣੇ ਗਾਹਕਾਂ ਦੀ ਕਦਰ ਕਰਦੇ ਹਾਂ।' ਇਹ ਪ੍ਰੋਗਰਾਮ ਮਿਲਵੁੱਡਜ਼ ਟਾਊਨ ਸੈਂਟਰ ਮਾਲ ਵਿਖੇ ਸਥਾਪਤ ਸ਼ੋਅਰੂਮ ਦੇ ਪ੍ਰਚਾਰ ਦਾ ਵਿਸ਼ੇਸ਼ ਹਿੱਸਾ ਸੀ ਤੇ ਛੁੱਟੀਆਂ ਦੇ ਦਿਨਾਂ ਵਿਚ ਖੁਸ਼ੀਆਂ ਵਿਚ ਹੋਰ ਵਾਧਾ ਕਰਨਾ ਸੀ। ਲੱਕੀ ਜੇਤੂਆਂ ਵਿਚੋਂ ਇਕ ਪੰਕਜ ਬਿਲੰਦਨੀ ਹੈ। ਐਡਮਿੰਟਨ ਇਲਾਕੇ ਵਿਚ ਸੇਵਾ ਨਿਭਾ ਰਿਹਾ ਮਿਲਵੁੱਡਜ਼ ਸੁਜ਼ੂਕੀ ਨਵੇਂ ਸੁਜ਼ੂਕੀ ਉਤਪਾਦਾਂ ਦਾ ਤੁਹਾਡਾ ਪ੍ਰੀਮੀਅਰ ਵਿਕਰੇਤਾ ਹੈ। ਹਾਲ ਹੀ ਵਿਚ ਇਸ ਨੂੰ ਕੈਨੇਡਾ ਵਿਚ ਨੰਬਰ ਇਕ 'ਤੇ ਹੈ। ਇਸ ਦਾ ਪ੍ਰਤੀਬੱਧ ਸਟਾਫ ਤੇ ਉਚ ਸਿਖਲਾਈ ਪ੍ਰਾਪਤ ਤਕਨੀਸ਼ੀਅਨ ਵਾਹਨਾਂ ਦੀ ਖਰੀਦ ਨੂੰ ਸੁਖਾਲਾ ਤੇ ਵਿੱਤੀ ਲਾਹੇਵੰਦ ਬਣਾਉਂਦੇ ਹਨ।

# ਸਰਬਰਿੰਦਰ ਮਠਾੜੂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਸਰਬਰਿੰਦਰ ਮਠਾੜੂ ਪਤਨੀ ਗੁਰਮੇਲ ਮਠਾੜੂ ਜੋ ਐਡਮਿੰਟਨ 'ਚ ਪਿਛਲੇ ਲੰਮੇ ਸਮੇ ਤੋਂ ਰਹਿ ਰਹੇ ਸਨ ਅਤੇ ਜਿਨ੍ਹਾਂ ਦਾ ਪਿਛਲਾ ਪਿੰਡ ਅਹਿਮਦਪੁਰ, ਜ਼ਿਲਾ ਕਪੂਰਥਲਾ (ਪੰਜਾਬ) ਹੈ, ਦਾ 9 ਦਸੰਬਰ 2011 ਨੂੰ ਦਿਹਾਂਤ ਹੋ ਗਿਆ। ਮਰਹੂਮ ਸਰਬਰਿੰਦਰ ਮਠਾੜੂ ਦਾ ਅੰਤਿਮ ਸੰਸਕਾਰ 18 ਦਸੰਬਰ 2011 ਨੂੰ ਹੇਨਸਟੋਕ ਫ਼ਿਊਨਰਲ ਹੋਮ 9810-34 ਐਵੀਨਿਊ, ਐਡਮਿੰਟਨ ਵਿਖੇ ਕੀਤਾ ਗਿਆ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਮਿੱਲਵੁਡਜ਼ (ਗੁਰਦੁਆਰਾ ਰਾਮਗੜ੍ਹੀਆ) ਵਿਖੇ ਹੋਈ। ਮਠਾੜੂ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ 780-953-9349 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ ' ਨਵੀਂ ਦੁਨੀਆ' ਮਠਾੜੂ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ।

# ਮਨਸ਼ਾ ਯਾਦ, ਕੁਲਦੀਪ ਮਾਣਕ, ਗੁਰਮੇਲ ਮਡਾਹੜ, ਇਕਬਾਲ ਦੀਵਾਨਾ ਤੇ ਕੁਲਵੰਤ ਸਿੰਘ ਨੂੰ ਯਾਦ ਕੀਤਾ



ਸਰੀ (ਨਦਬ):- ਬੀਤੇ ਦਿਨੀਂ ਪੰਜਾਬੀ ਅਦਬੀ ਸੰਗਤ ਕੈਨੇਡਾ ਵਲੋਂ ਇੱਕ ਵਿਸ਼ੇਸ਼ ਇਕੱਤਰਤਾ ਵਿਚ ਨਵੇਂ ਡਾਇਰੈਕਟਰਜ ਨੇ ਸਰਬ ਸੰਮਤੀ ਨਾਲ ਅਡਪਣੀ ਨਵੀਂ ਕਮੇਟੀ ਦਾ ਗਠਨ ਕਰ ਲਿਆ। ਜਿਨ੍ਹਾਂ ਵਿਚ ਸ: ਜੈਤੇਗ਼ ਸਿੰਘ ਅਨੰਤ ਨੂੰ ਪ੍ਰਧਾਨ, ਸ: ਜਗਜੀਤ ਸਿੰਘ ਤੱਖਰ ਨੂੰ ਮੀਤ ਪ੍ਰਧਾਨ, ਸ: ਕੇਹਰ ਸਿੰਘ ਧਮੜੈਤ ਨੂੰ ਜਨਰਲ ਸਕੱਤਰ, ਸ: ਸ਼ੰਗਾਰਾ ਸਿੰਘ ਸੰਧੂ ਨੂੰ ਸਹਾਇਕ ਸਕੱਤਰ ਤੇ ਸ: ਕੇਵਲ ਸਿੰਘ ਧਾਲੀਵਾਲ ਨੂੰ ਵਿੱਤ ਸਕੱਤਰ ਚੁਣ ਲਿਆ ਗਿਆ। ਇਸ ਦੇ ਨਾਲ ਹੀ ਸਮੂੰਹ ਮੈਂਬਰਾਂ ਨੇ ਲਹਿੰਦੇ ਪੰਜਾਬ ਦੇ ਨਾਮਵਰ ਲੇਖਕ ਨਾਟਕਕਾਰ ਅਤੇ ਸਮਾਲੋਚਕ ਮਨਸ਼ਾ ਯਾਦ, ਮਜਾਹੀਆ ਸ਼ਾਇਰ ਇਕਬਾਲ ਦੀਵਾਨਾ (ਲਾਹੌਰ), ਨਾਮਵਰ ਗਾਇਕ ਕੁਲਦੀਪ ਮਾਣਕ, ਕਹਾਣੀਕਾਰ ਗੁਰਮੇਲ ਮਡਾਹੜ ਅਤੇ ਢਾਡੀ ਤੇ ਸਿੱਖ ਵਿਦਵਾਨ ਕੁਲਵੰਤ ਸਿੰਘ ਬੀ.ਏ ਦੇ ਸ਼ੋਕ ਮਈ ਚਲਾਣੇ ਤੇ ਦੁੱਖ ਜ਼ਾਹਰ ਕੀਤਾ ।

ਇਕੱਤਰਤਾ ਵਿੱਚ ਉੱਘੇ ਲੇਖਕ ਜੋਗਿੰਦਰ ਸ਼ਮਸ਼ੇਰ ਹੁਰਾਂ ਨੇ ਮਨਸ਼ਾ ਯਾਦ ਦੇ ਜੀਵਨ, ਉਨ੍ਹਾਂ ਦੇ ਕਾਰਜ ਅਤੇ ਪਿਛੋਕੜ ਬਾਰੇ ਰੋਸ਼ਨੀ ਪਾਈ। ਉਨ੍ਹਾਂ ਦੀ ਪੁਸਤਕ "ਵਗਦੇ ਪਾਣੀ" ਦਾ ਵਿਸ਼ੇਸ਼ ਜ਼ਿਕਰ ਕੀਤਾ। ਲਹਿੰਦੇ ਪੰਜਾਬ ਦੇ ਨਾਮਵਰ ਅਦੀਬ ਪ੍ਰੋ ਆਸ਼ਿਕ ਰਹੀਲ ਉਚੇਚੇ ਤੌਰ ਤੇ ਫ਼ੋਨ ਲਾਈਨ ਰਾਹੀਂ ਮੀਟਿੰਗ ਵਿਚ ਹਾਜ਼ਰ ਹੋਏ। ਉਨ੍ਹਾਂ ਮਨਸ਼ਾ ਯਾਦ ਦੀ ਕਿਰਤ "ਟਾਵਾਂ ਟਾਵਾਂ ਤਾਰਾ" ਦਾ ਜ਼ਿਕਰ ਕੀਤਾ ਤੇ ਇਕਬਾਲ ਦੀਵਾਨੇ ਦੀ ਜ਼ਿੰਦਗੀ ਦੇ ਸੁਨਿਹਰੇ ਪੱਖ ਪੇਸ਼ ਕੀਤੇ। ਕਹਾਣੀਕਾਰ ਸ਼ੰਗਾਰ ਸਿੰਘ ਸੰਧੂ ਅਤੇ ਕੇਹਰ ਸਿੰਘ ਧਮੜੈਤ ਹੁਰਾਂ ਬੜੇ ਸੋਹਣੇ ਸ਼ਬਦਾਂ ਰਾਹੀਂ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਹੋਈ ਮੌਤ ਤੇ ਇੱਕ ਯੁਗ ਦਾ ਖ਼ਤਮ ਹੋ ਜਾਣਾ ਕਿਹਾ। ਜਗਜੀਤ ਸਿੰਘ ਤੱਖਰ ਨੇ ਨਾਮਵਰ ਢਾਡੀ ਤੇ ਸਿੱਖ ਵਿਦਵਾਨ ਕੁਲਵੰਤ ਸਿੰਘ ਬੀ.ਏ ਦੀ ਜੀਵਨ ਕਲਾ ਤੇ ਉਨ੍ਹਾਂ ਦੀ ਘਾਲਣਾ ਨੂੰ ਯਾਦ ਕੀਤਾ। ਇਸੇ ਤਰ੍ਹਾਂ ਜੈਤੇਗ਼ ਸਿੰਘ ਅਨੰਤ ਨੇ ਕਹਾਣੀਕਾਰ ਗੁਰਮੇਲ ਮਡਾਹੜ ਨੂੰ ਯਾਦ ਕਰਦਿਆਂ ਦੱਸਿਆ ਕਿ ਉਨ੍ਹਾਂ ਆਪਣੀਆਂ ਪਿਆਰੀਆਂ ਕਹਾਣੀਆਂ ਨਾਲ ਪੰਜਾਬੀ ਜਗਤ ਨੂੰ ਮਾਲਾ ਮਾਲ ਕੀਤਾ. ਇੱਕਤਰਤਾ ਵਿਚ ਸਰਬਜੀਤ ਸਿੰਘ ਕੂਨਰ, ਅਜਮੇਰ ਸਿੰਘ, ਸ੍ਰੀ ਗੁਤੇ ਅਹੀਰ, ਤੇ ਕੇਵਲ ਸਿੰਘ ਧਾਲੀਵਾਲ ਨੇ ਵੀ ਦੁਖੀ ਹਿਰਦੇ ਨਾਲ ਨਾਮਵਰ ਹਸਤੀਆਂ ਦੇ ਵਿਛੋੜੇ ਤੇ ਦੁੱਖ ਜ਼ਾਹਰ ਕੀਤਾ।

# ਪੀ.ਸੀ. ਪਾਰਟੀ ਦੀ ਨਾਮਜ਼ਦਗੀ ਵਿਚ ਸ਼ਾਮਿਲ ਹਾਂ ਕਿਉਂਕਿ....

## ਸੋਹੇਲ ਕਾਦਰੀ



ਮੈਂ ਇਸ ਪੀ.ਸੀ. ਪਾਰਟੀ ਦੀ ਨਾਮਜ਼ਦਗੀ ਵਿਚ ਸ਼ਾਮਿਲ ਹਾਂ ਕਿਉਂਕਿ ਮੈਂ ਉਨ੍ਹਾਂ ਚੁਣੌਤੀਆਂ ਨੂੰ ਸਮਝ ਸਕਦਾ ਹਾਂ ਜੋ ਅੱਜ ਕਲ ਮਿਲਵੁੱਡ ਝੱਲ ਰਿਹਾ ਹੈ। ਮੈਂ ਪਿਛਲੇ 20 ਸਾਲਾਂ ਤੋਂ ਇਸ ਮਿੱਟੀ ਨਾਲ ਜੁੜਿਆ ਹੋਇਆ ਹਾਂ। ਲੋਕਾਂ ਦੀ ਸੇਵਾ ਕਰਨ ਵਿਚ ਮੈਨੂੰ ਹਮੇਸ਼ਾ ਖੁਸ਼ੀ ਮਿਲੀ ਹੈ।

## ਰੋਨ ਰੰਧਾਵਾ



ਮੈਂ ਇਸ ਪੀ.ਸੀ. ਪਾਰਟੀ ਦੀ ਨਾਮਜ਼ਦਗੀ ਵਿਚ ਸ਼ਾਮਿਲ ਹਾਂ ਤਾਂ ਜੋ ਆਪਣੇ ਭਾਈਚਾਰੇ ਨੂੰ ਕੁਝ ਵੱਖਰਾ ਦੇ ਸਕਾਂ ਤੇ ਕੁਝ ਮੋੜ ਸਕਾਂ। ਸਾਡੇ ਭਾਈਚਾਰੇ ਵਿਚ ਕਈ ਲੋਕ ਪਿਛਲੇ ਕੁਝ ਸਮੇਂ ਤੋਂ ਇਹ ਇੱਛਾ ਰੱਖਦੇ ਹਨ ਕਿ ਮਿਲਵੁੱਡ ਦੇ ਲੋਕਾਂ ਦੀ ਪ੍ਰਤੀਨਿਧਤਾ ਕੋਈ ਪੜ੍ਹਿਆ ਲਿਖਿਆ ਉਮੀਦਵਾਰ ਕਰੇ। ਜਦੋਂ ਤੁਸੀਂ ਆਪਣੇ ਸੂਬੇ ਵਿਚ ਸਿੱਖਿਆ ਸਬੰਧੀ ਅਸੰਬਲੀ ਵਿਚ ਲਏ ਫੈਸਲਿਆਂ ਬਾਰੇ ਵਿਚਾਰ ਕਰਦੇ ਹੋ, ਤਾਂ ਹਰ ਕੋਈ ਸਮਝਦਾ ਹੈ ਕਿ ਤੁਹਾਡੀ ਪ੍ਰਤੀਨਿਧਤਾ ਕੋਈ ਪੋਸਟ ਸੈਕੰਡਰੀ ਪਾਸ ਵਿਅਕਤੀ ਕਰੇ ਤਾਂ ਜੋ ਉਹ ਤੁਹਾਡੇ ਬੱਚਿਆਂ ਦੀ ਐਲਬਰਟਾ ਵਿਚ ਪੋਸਟ ਸੈਕੰਡਰੀ ਸਿੱਖਿਆ ਸਬੰਧੀ ਕੋਈ ਠੋਸ ਫੈਸਲਾ ਕਰਵਾ ਸਕੇ ਕਿਉਂਕਿ ਤੁਹਾਡਾ ਪ੍ਰਤੀਨਿਧ ਜਦੋਂ ਤਕ ਖੁਦ ਪੋਸਟ ਸੈਕੰਡਰੀ ਸਿੱਖਿਅਤ ਨਹੀਂ ਹੈ ਉਹ ਐਲਬਟਾ ਵਿਚ ਪੋਸਟ ਸੈਕੰਡਰੀ ਸਿੱਖਿਆ ਸਬੰਧੀ ਫੈਸਲਾ ਨਹੀਂ ਲੈ ਸਕਦਾ। ਮੇਰੀ ਪੋਸਟ ਸੈਕੰਡਰੀ ਸਿੱਖਿਆ, ਜਿਸ ਤਹਿਤ ਮੈਂ ਬੈਚਲਰ ਆਫ ਸਾਇੰਸ ਡਿਗਰੀ ਤੇ ਮਾਸਟਰ ਆਫ ਪਬਲਿਕ ਐਡਮਨਿਸਟਰੇਸ਼ਨ ਡਿਗਰੀਆਂ ਲਈਆਂ ਹਨ, ਨੇ ਮੈਨੂੰ ਉਹ ਪੜ੍ਹਿਆ ਲਿਖਿਆ ਉਮੀਦਵਾਰ ਬਣਾਇਆ ਹੈ ਜਿਸ ਬਾਰੇ ਮਿਲਵੁੱਡ ਦੇ ਲੋਕ ਆਸ ਰੱਖਦੇ ਹਨ। ਮੇਰੀ ਸਿੱਖਿਆ ਨੇ ਮੈਨੂੰ ਤਜਰਬਾ ਹਾਸਲ ਕਰਨ ਦੇ ਯੋਗ ਬਣਾਇਆ ਹੈ। ਇਸ ਨੇ ਲੋਕਾਂ ਨਾਲ ਸਬੰਧ ਬਣਾਉਣ, ਨੀਤੀ ਅਤੇ ਸਰਕਾਰ ਬਾਰੇ ਸਮਝ ਰੱਖਣ ਦੇ ਯੋਗ ਬਣਾਇਆ ਹੈ। ਇਸ ਰਾਹੀਂ ਮੈਂ ਮਿਲਵੁੱਡ ਦੇ ਲੋਕਾਂ ਦੀ ਆਵਾਜ਼ ਬਣਾਂਗਾ। ਇਕ ਇਹ ਵੀ ਲਾਭ ਹੈ ਕਿ ਇਕ ਸਿਆਸੀ ਪਰਿਵਾਰ ਵਿਚ ਜਨਮ ਲੈਣ ਨਾਤੇ ਮੇਰੇ ਪੜਦਾਦਾ ਜੋ ਸਾਬਕਾ ਭਾਰਤੀ ਸਿਆਸਤਦਾਨ ਤੇ ਆਜ਼ਾਦੀ ਘੁਲਾਟੀਏ ਸਨ, ਨੇ ਸਿਖਾਇਆ ਸੀ ਕਿ ਮੈਂ ਨੈਤਿਕ ਕਦਰਾਂ ਕੀਮਤਾਂ ਨਾਲ ਵਿਚਰਾਂ। ਇਕ ਸਿਆਸੀ ਪਰਿਵਾਰ ਵਿਚ ਜਨਮ ਲੈਣ ਕਾਰਨ ਮੈਂ ਮਹਿਸੂਸ ਕਰਦਾ ਹਾਂ ਕਿ ਹੁਣ ਮੇਰਾ ਫਰਜ਼ ਬਣਦਾ ਹੈ ਕਿ ਮੈਨੂੰ ਜੋ ਕੁਝ ਮਿਲਿਆ ਮੈਂ ਸਮਾਜ ਨੂੰ ਉਹ ਵਾਪਸ ਕਰਾਂ।

# ਪਰਵਾਸੀ ਭਾਰਤੀਆਂ ਨੇ ਮੰਗਿਆ ਪੰਜਾਬ ਵਿਚ ਆਨ ਲਾਈਨ ਵੋਟਿੰਗ ਦਾ ਹੱਕ

### ਪਰਵਾਸੀਆਂ ਨੂੰ ਚੋਣਾਂ ਦੀ ਬੇਸਬਰੀ ਨਾਲ ਉਡੀਕ

ਚੰਡੀਗੜ੍ਹ (ਨਦਬ) ਇਸ 30 ਜਨਵਰੀ ਨੂੰ ਪੰਜਾਬ ਵਿਚ ਹੋਣ ਜਾ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਜਿਥੇ ਪੂਰੇ ਪੰਜਾਬ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ, ਉਥੇ ਵਿਦੇਸ਼ਾਂ ਵਿਚ ਵਸਣ ਵਾਲੇ ਪਰਵਾਸੀ ਭਾਰਤੀ ਵੀ ਇਨ੍ਹਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਵਿਦੇਸ਼ਾਂ ਵਿਚ ਵਸਣ ਵਾਲੇ ਪਰਵਾਸੀ ਭਾਰਤੀਆਂ ਨੇ ਵੀ ਪੰਜਾਬ ਵਿਚ ਆਨ ਲਾਈਨ ਵੋਟਿੰਗ ਪ੍ਰਕਿਰਿਆ ਰਾਹੀਂ ਆਪਣੇ ਪਸੰਦੀਦਾ ਉਮੀਦਵਾਰ ਨੂੰ ਵੋਟ ਪਾ ਕੇ ਪੰਜਾਬ ਵਿਚ ਆਪਣੀ ਮਨਮਰਜ਼ੀ ਦੀ ਸਰਕਾਰ ਚੁਣਨ ਦਾ ਅਧਿਕਾਰ ਮੰਗਿਆ ਹੈ। ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਨੇ ਭਾਰਤ ਦੇ ਚੋਣ ਕਮਿਸ਼ਨ ਕੋਲ ਆਨ ਲਾਈਨ ਵੋਟਾਂ ਪਾਉਣ ਦੀ ਮੰਗ ਕੀਤੀ ਹੈ ਤਾਂ ਜੋ ਪੰਜਾਬ ਦੇ ਚੋਣ ਦੰਗਲ ਵਿਚ ਪਰਵਾਸੀ ਭਾਰਤੀ ਵੀ ਵਿਦੇਸ਼ ਵਿਚ ਬੈਠੇ-ਬੈਠੇ ਆਨ ਲਾਈਨ ਪ੍ਰਕਿਰਿਆ ਦੇ ਚੱਲਦਿਆਂ ਆਪਣੇ ਪਸੰਦੀਦਾ ਉਮੀਦਵਾਰ ਨੂੰ ਵੋਟ ਪਾ ਕੇ ਆਪਣੀ ਮਨਮਰਜ਼ੀ ਦੀ ਸਰਕਾਰ ਚੁਣਨ ਦਾ ਅਧਿਕਾਰ ਹਾਸਲ ਕਰ ਸਕਣ। ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਚੇਅਰਮੈਨ ਦਲਵਿੰਦਰ ਸਿੰਘ ਧੂਤ ਤੇ ਪ੍ਰਧਾਨ ਸਤਨਾਮ ਸਿੰਘ ਚਾਹਲ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਦਿਨੀਂ ਭਾਰਤ ਦੇ ਚੋਣ ਕਮਿਸ਼ਨਰ ਐਸ.ਵਾਈ. ਕੁਰੈਸ਼ੀ ਨੂੰ ਇਕ ਪੱਤਰ ਭੇਜ ਕੇ ਤੇ ਈਮੇਲ ਰਾਹੀਂ ਪਰਵਾਸੀ ਭਾਰਤੀਆਂ ਨੂੰ ਆਨ ਲਾਈਨ ਵੋਟਿੰਗ ਦੀ ਆਗਿਆ ਮੰਗੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਵਾਸੀ ਭਾਰਤੀਆਂ ਦੀ ਪੰਜਾਬ ਵਿਚ ਵੋਟ ਬਣੀ ਹੋਈ ਹੈ, ਉਹ ਵੀ ਪੰਜਾਬ ਵਿਧਾਨ ਸਭਾ ਵਿਚ ਵੋਟਾਂ ਰਾਹੀਂ ਆਪਣੀ ਪਸੰਦ ਦੀ ਸਰਕਾਰ ਚਾਹੁੰਦੇ ਹਨ। ਇਸ ਲਈ ਚੋਣਾਂ ਦੇ ਮੱਦੇਨਜ਼ਰ 37 ਪਰਵਾਸੀ ਭਾਰਤੀਆਂ ਨੇ ਪੰਜਾਬ ਆ ਕੇ ਵੋਟ ਪਾਉਣ ਦੀ ਪ੍ਰਕਿਰਿਆ ਵਿਚ ਨਾਮ ਦਰਜ ਕਰਵਾਇਆ ਹੈ। ਵਿਦੇਸ਼ ਵਿਚ ਬੈਠੇ ਹੋਰ ਪਰਵਾਸੀ ਭਾਰਤੀ ਵੀ ਵਿਧਾਨ ਸਭਾ ਚੋਣਾਂ ਵਿਚ ਵੋਟ ਪਾਉਣ ਦੀ ਇੱਛਾ ਰੱਖਦੇ ਹਨ ਪਰ ਇਹ ਸੰਭਵ ਨਹੀਂ ਹੈ ਕਿ ਸਾਰੇ ਪਰਵਾਸੀ ਭਾਰਤੀ ਪੰਜਾਬ ਆ ਕੇ ਵੋਟ ਪਾ ਸਕਣ ਕਿਉਂਕਿ ਪਰਵਾਸੀ ਭਾਰਤੀਆਂ ਨੂੰ ਇਥੇ ਆਉਣ ਲਈ ਕਰੀਬ 8 ਤੋਂ 10 ਹਜ਼ਾਰ ਡਾਲਰ ਖਰਚ ਕਰਨੇ ਪੈਣਗੇ ਤੇ ਉਨ੍ਹਾਂ ਦੇ ਸਮੇਂ ਦੀ ਵੀ ਬਰਬਾਦੀ ਹੋਵੇਗੀ। ਇਸ ਲਈ ਉਨ੍ਹਾਂ ਨੇ ਚੋਣ ਕਮਿਸ਼ਨ ਤੋਂ ਆਨ ਲਾਈਨ ਵੋਟਿੰਗ ਪ੍ਰਕਿਰਿਆ ਦੀ ਮੰਗ ਰੱਖੀ ਹੈ। ਜੇਕਰ ਚੋਣ ਕਮਿਸ਼ਨ ਉਨ੍ਹਾਂ ਦੀ ਇਹ ਮੰਗ ਸਵੀਕਾਰ ਕਰ ਲੈਂਦਾ ਹੈ ਤੇ ਵਿਦੇਸ਼ਾਂ ਵਿਚ ਬੈਠੇ ਪਰਵਾਸੀ ਭਾਰਤੀਆਂ ਲਈ ਆਨ ਲਾਈਨ ਵੋਟਿੰਗ ਪ੍ਰਕਿਰਿਆ ਸ਼ੁਰੂ ਕਰਵਾ ਦਿੰਦਾ ਹੈ ਤਾਂ ਪਰਵਾਸੀ ਭਾਰਤੀ ਵੀ ਆਪਣੇ ਵੋਟ ਦੀ ਵਰਤੋਂ ਕਰ ਕੇ ਪੰਜਾਬ ਵਿਚ ਸਰਕਾਰ ਬਣਾਉਣ ਵਿਚ ਆਪਣਾ ਅਹਿਮ ਯੋਗਦਾਨ ਪਾ ਸਕਣਗੇ।

# ਮੀਡੀਆ ਸਨਸਨੀ ਫੈਲਾਉਣ ਤੋਂ ਬਚੇ :ਪ੍ਰਧਾਨ ਮੰਤਰੀ



ਨਵੀਂ ਦਿੱਲੀ, (ਨਦਬ) : ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅੱਜ ਅਜ਼ਾਦ ਪ੍ਰੈੱਸ ਦੀ ਪ੍ਰਤੀਬੱਧਤਾ ਦੁਹਰਾਉਂਦਿਆਂ ਹੋਇਆਂ ਮੀਡੀਆ ਨੂੰ ਸਨਸਨੀ ਫੈਲਾਉਣ ਤੋਂ ਬਚਣ ਅਤੇ ਦੇਸ਼ ਦੇ ਲਈ ਅਸਲ ਵਿਚ ਮਹੱਤਵਪੂਰਨ ਵਿਸ਼ਿਆਂ 'ਤੇ ਧਿਆਨ ਦੇਣ ਲਈ ਕਿਹਾ। ਉਨ੍ਹਾਂ ਕਿਹਾ, "ਮੇਰੇ ਵਿਚਾਰ ਵਿਚ ਸਾਡੇ ਦੇਸ਼ 'ਚ ਆਮ ਧਾਰਨਾ ਹੈ ਕਿ ਮੀਡੀਆ 'ਤੇ ਕੋਈ ਬਾਹਰੀ ਦਬਾਅ ਨਹੀਂ ਹੋਣਾ ਚਾਹੀਦਾ ਪਰ ਮੇਰਾ ਇਹ ਵੀ ਮੰਨਣਾ ਹੈ ਕਿ ਮੀਡੀਆ ਦੇ ਨੁਮਾਇੰਦਿਆਂ ਨੂੰ ਰਲ-ਮਿਲ ਕੇ ਕੋਈ ਅਜਿਹਾ ਰਾਹ ਕੱਢਣਾ ਚਾਹੀਦਾ ਹੈ, ਜਿਸ ਨਾਲ ਨਿਰਪੱਖਤਾ ਨੂੰ ਉਤਸ਼ਾਹ ਮਿਲੇ ਅਤੇ ਸਨਸਨੀ ਫੈਲਾਉਣ ਦਾ ਰੁੱਝਾਨ ਘੱਟ ਹੋ ਸਕੇ।"

'ਦੈਨਿਕ ਜਾਗਰਣ' ਦੇ ਸੰਸਥਾਪਕ ਪੂਰਨ ਚੰਦਰ ਗੁਪਤਾ ਦੇ ਜਨਮ ਦਿਨ ਸਬੰਧੀ ਕਰਵਾਏ ਗਏ ਸਮਾਗਮ ਵਿਚ ਪ੍ਰਧਾਨ ਮੰਤਰੀ ਨੇ ਮੀਡੀਆ ਨੂੰ ਉਸਦੇ ਫਰਜ਼ਾਂ ਦੇ ਪ੍ਰਤੀ ਜਾਗਰੂਕ ਕਰਦੇ ਕਿਹਾ ਕਿ ਮੀਡੀਆ ਨੂੰ ਉਨ੍ਹਾਂ ਮੁੱਦਿਆਂ ਦੀ ਕਵਰੇਜ ਵਧਾਉਣੀ ਚਾਹੀਦੀ ਹੈ ਜੋ ਦੇਸ਼ ਦੇ ਲਈ ਸਹੀ ਅਰਥਾਂ 'ਚ ਮਹੱਤਵਪੂਰਨ ਹਨ।

ਪ੍ਰਧਾਨ ਮੰਤਰੀ ਨੇ ਇਸ ਮੌਕੇ 'ਤੇ ਗੁਪਤਾ ਦੀ ਯਾਦ ਵਿਚ ਡਾਕ ਟਿਕਟ ਜਾਰੀ ਕੀਤੀ ਅਤੇ ਇਸਨੂੰ ਉਨ੍ਹਾਂ ਦੇ ਜਨਮ ਦੇ 100ਵੇਂ ਸਾਲ 'ਚ ਉਨ੍ਹਾਂ ਪ੍ਰਤੀ ਆਦਰ ਜ਼ਾਹਰ ਕਰਨ ਦਾ ਵਧੀਆ ਤਰੀਕਾ ਦੱਸਿਆ। ਇਸ ਦੇ ਨਾਲ ਹੀ ਉਨ੍ਹਾਂ ਇਕ ਕਿਤਾਬ ਵੀ ਰਿਲੀਜ਼ ਕੀਤੀ। ਜ਼ਿਕਰਯੋਗ ਹੈ ਕਿ ਪੂਰਨ ਚੰਦਰ ਦੋ ਸਾਲ ਤੱਕ ਪ੍ਰੈੱਸ ਟਰੱਸਟ ਆਫ ਇੰਡੀਆ ਦੇ ਚੇਅਰਮੈਨ ਵੀ ਰਹੇ।

ਮੀਡੀਆ 'ਤੇ ਕਿਸੇ ਕਿਸਮ ਦਾ ਬਾਹਰੀ ਕੰਟਰੋਲ ਹੋਣ ਤੋਂ ਇਨਕਾਰ ਕਰਦੇ ਹੋਏ ਡਾ. ਸਿੰਘ ਨੇ ਕਿਹਾ ਕਿ ਦੇਸ਼ ਦਾ ਮੀਡੀਆ ਪੇਡ ਨਿਊਜ਼ ਵਰਗੀਆਂ 'ਬੁਰਾਈਆਂ' 'ਤੇ ਖੁਦ ਹੀ ਕਾਬੂ ਪਾ ਸਕਦਾ ਹੈ। ਉਨ੍ਹਾਂ ਕਿਹਾ, "ਮੈਨੂੰ ਖੁਸ਼ੀ ਹੈ ਕਿ ਸਾਡੇ ਦੇਸ਼ ਦਾ ਮੀਡੀਆ ਆਮ ਤੌਰ 'ਤੇ ਅਜ਼ਾਦ ਹੈ। ਅਜ਼ਾਦੀ ਤੋਂ ਬਾਅਦ ਦੇਸ਼ ਵਿਚ ਮੀਡੀਆ ਦੀ ਭੂਮਿਕਾ ਅਤੇ ਉਸਦੇ ਕੰਮ ਕਰਨ ਦੇ ਤਰੀਕੇ 'ਤੇ ਚਰਚਾ ਹੁੰਦੀ ਰਹੀ ਹੈ।

# ਗਾਂਧੀ ਜੀ ਹੁੰਦੇ ਤਾਂ ਉਹ ਵੀ ਰੋ ਪੈਂਦੇ...

**ਜੇਕਰ ਦੇਖਿਆ ਜਾਵੇ ਤਾਂ ਲੋਕਤੰਤਰ ਵਿਚ ਪੈਸਿਆਂ ਦੀ ਖੇਡ ਹੈ। ਹੱਸਦੇ ਹੋਏ ਗਾਂਧੀ ਬਾਪੂ ਜੀ ਦੀ ਤਸਵੀਰ ਵਾਲੇ ਨੋਟ, ਵੋਟ ਖਰੀਦਣ ਦਾ ਜ਼ਰੀਆ ਬਣ ਗਏ ਹਨ। ਸ਼ਰਾਬ, ਕਬਾਬ, ਭੁੱਕੀ ਤੋਂ ਲੈ ਕੇ ਮੋਟਰਸਾਈਕਲ ਅਤੇ ਕਾਰਾਂ 'ਤੇ ਕਰੋੜਾਂ ਰੁਪਏ ਖਰਚੇ ਜਾਂਦੇ ਹਨ।**

## 3000 ਕਰੋੜ ਰੁਪਏ ਦੀਆਂ ਹੋਣਗੀਆਂ ਪੰਜਾਬ ਵਿਧਾਨ ਸਭਾ ਚੋਣਾਂ

ਚੋਣਾਂ ਜਿੱਤਣ ਦੇ ਲਈ ਹੁਣ ਸਭ ਤੋਂ ਵੱਡੀ ਤਾਕਤ ਪੈਸਾ ਬਣਦੀ ਜਾ ਰਹੀ ਹੈ। ਅੰਦਾਜ਼ਾ ਹੈ ਕਿ ਇਹਨਾਂ ਚੋਣਾਂ ਵਿਚ ਇਸ ਵਾਰ 3000 ਕਰੋੜ ਰੁਪਏ ਖਰਚ ਹੋਣਗੇ। ਮੋਟੇ ਤੌਰ 'ਤੇ ਹਰ ਵਿਧਾਨ ਸਭਾ ਖੇਤਰ ਵਿਚ ਇਕ ਉਮੀਦਵਾਰ 10 ਕਰੋੜ ਰੁਪਏ ਇਕ ਵਿਧਾਨ ਸਭਾ ਸੀਟ ਜਿੱਤਣ ਲਈ ਖਰਚ ਕਰਦਾ ਹੈ। ਕੁਝ ਉਮੀਦਵਾਰ ਤਾਂ ਇਸ ਤੋਂ ਜ਼ਿਆਦਾ ਅਤੇ ਕੁਝ ਇਸ ਤੋਂ ਘੱਟ ਖਰਚ ਕੇ ਇਸ ਜਿੱਤ ਦੀ ਦੌੜ ਵਿਚ ਜੁਟੇ ਰਹਿਣਾ ਚਾਹੁੰਦੇ ਹਨ।

ਪੈਸਿਆਂ ਦੇ ਇਸ ਵਧਦੇ ਰੁਝਾਨ ਨੇ ਆਮ ਆਦਮੀ ਨੂੰ ਚੋਣਾਂ ਲੜਨ ਦੀ ਇਸ ਪ੍ਰਕਿਰਿਆ ਵਿਚੋਂ ਬਾਹਰ ਹੀ ਕਰ ਦਿੱਤਾ ਹੈ। ਸਾਰੀਆਂ ਵੱਡੀਆਂ ਪਾਰਟੀਆਂ ਨੇ ਚੋਣਾਂ ਦੇ ਨਿਯਮ ਇਸ ਤਰ੍ਹਾਂ ਬਣਾ ਲਏ ਹਨ ਕਿ ਚੋਣਾਂ ਸਿਰਫ ਉਹ ਹੀ ਲੜ ਸਕਦੇ ਹਨ। ਗਰੀਬ ਜਾਂ ਮੱਧ ਵਰਗ ਦੇ ਵਿਅਕਤੀ ਤਾਂ ਚੋਣਾਂ ਲੜਨ ਦਾ ਸੁਪਨਾ ਵੀ ਨਹੀਂ ਦੇਖ ਸਕਦੇ।

ਚੋਣਾਂ ਦੇ ਕਾਲੇ ਧਨ ਦੇ ਇਸਤੇਮਾਲ ਨੂੰ ਰੋਕਣ ਲਈ ਚੋਣ ਕਮਿਸ਼ਨ ਨੇ ਪੈਸੇ ਖਰਚਣ ਦੀ ਹੱਦ 16 ਲੱਖ ਰੁਪਏ ਤੈਅ ਕੀਤੀ ਹੋਈ ਹੈ। ਉਮੀਦਵਾਰਾਂ ਦੇ ਖਰਚੇ ਸਬੰਧੀ ਜੋ ਬਾਇਓਡਾਟਾ ਦਿੱਤਾ ਗਿਆ ਹੈ ਉਸ ਵਿਚ ਕਿਸੇ ਵੀ ਉਮੀਦਵਾਰ ਦੇ ਅੱਠ ਜਾਂ ਦੱਸ ਲੱਖ ਰੁਪਏ ਤੋਂ ਜ਼ਿਆਦਾ ਖਰਚ ਕਰਨ ਸਬੰਧੀ ਦਰਜ ਹੈ। ਇਸ 'ਤੇ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਹੈ।

ਉਮੀਦਵਾਰਾਂ ਦਾ ਅਸਲੀ ਖਰਚਾ ਤਾਂ ਕਿਸੇ ਖਾਤੇ ਵਿਚ ਆ ਹੀ ਨਹੀਂ ਸਕਦਾ। ਤਾਮਿਲਨਾਡੂ ਵਿਚ 70 ਕਰੋੜ ਰੁਪਏ ਤੋਂ ਜਿਆਦਾ ਰਕਮ ਫੜੇ ਜਾਣ ਤੋਂ ਇਹ ਸਾਫ ਹੋ ਗਿਆ ਸੀ ਕਿ ਕਿਸ ਤਰ੍ਹਾਂ ਚੋਣਾਂ ਜਿੱਤਣ ਦੇ ਲਈ ਕਰੋੜਾਂ ਰੁਪਏ ਪਾਣੀ ਵਾਂਗ ਰੋੜ੍ਹੇ ਜਾਂਦੇ ਹਨ। ਮੁੱਖ ਚੋਣ ਕਮਿਸ਼ਨਰ ਨਾਲ ਇਸ ਬਾਰੇ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਹਰ ਸੀਟ 'ਤੇ ਇਕ ਕਰੋੜ ਰੁਪਏ ਫੜੇ ਜਾਣ 'ਤੇ 50 ਕਰੋੜ ਰੁਪਏ ਤੱਕ ਦਾ ਕਾਲਾ ਧਨ ਆਉਣਾ ਡਰ ਦੇ ਮਾਰੇ ਰੁਕ ਗਿਆ ਹੈ। ਹਾਲਾਂਕਿ ਕਮੇਟੀ ਇਸ ਨੂੰ ਆਪਣੀ ਸਫਲਤਾ ਮੰਨ ਰਹੀ ਹੈ ਪਰ ਇਹ ਚੰਗੀ ਸ਼ੁਰੂਆਤ ਹੈ।

ਕਾਲਾ ਧਨ ਕਿੰਨਾ ਖਰਚ ਹੁੰਦਾ ਹੈ, ਇਸ ਦਾ ਅੰਕੜੇ ਤਾਂ ਨਹੀਂ ਹਨ ਪਰ ਅੰਦਾਜ਼ਾ ਹੈ ਕਿ ਜੇਕਰ ਇਕ ਸੀਟ ਉਤੇ ਸਾਰੀਆਂ ਪਾਰਟੀਆਂ ਦੇ ਉਮੀਦਵਾਰ ਲਗਭਗ 25 ਕਰੋੜ ਰੁਪਏ ਵੀ ਖਰਚ ਕਰਦੇ ਹਨ ਤਾਂ ਪੰਜਾਬ ਵਿਚ ਲਗਭਗ 3000 ਕਰੋੜ ਰੁਪਏ ਦਾ ਖਰਚ ਹੋਵੇਗਾ। ਇਹ ਰਕਮ ਵੋਟਰਾਂ ਨੂੰ ਸ਼ਰਾਬ ਪਿਲਾਉਣ, ਨਸ਼ਾ ਖਵਾਉਣ, ਇਸ਼ਤਿਹਾਰ ਅਤੇ ਵੋਟਾਂ ਦੇ ਰੂਪ ਵਿਚ ਉਨ੍ਹਾਂ ਨੂੰ ਨਕਦ ਪੈਸੇ ਦੇਣ 'ਤੇ ਖਰਚ ਹੋਣਗੇ। ਇਸ ਤੋਂ ਇਲਾਵਾ ਜਿਥੇ ਦੋ ਵੱਡੇ ਲੀਡਰਾਂ ਦੀ ਆਪਸ ਵਿਚ ਟੱਕਰ ਹੋਵੇਗੀ ਉਥੇ ਇਹ ਖਰਚ ਹੋਰ ਵੀ ਵੱਧ ਹੋ ਸਕਦਾ ਹੈ। ਇਸ ਕਾਲੇ ਧਨ ਨੂੰ ਰੋਕਣ ਲਈ ਸਟੇਟ ਫੰਡਿੰਗ ਦੀ ਮੰਗ ਜ਼ੋਰਾਂ ਨਾਲ ਉਠਾਈ ਜਾ ਰਹੀ ਹੈ, ਪਰ ਲੱਗਦਾ ਨਹੀਂ ਕਿ ਅਜੇ ਦੇਸ਼ ਵਿਚ ਅਜਿਹੀ ਸਥਿਤੀ ਆਈ ਹੈ ਕਿ ਇਹ ਜ਼ਿਆਦਾ ਸਫਲ ਹੋ ਸਕੇ। ਸਮੱਸਿਆ ਤਾਂ ਕਾਲੇ ਧਨ ਦੀ ਹੈ ਜਿਹੜਾ ਸ਼ਰਾਬ, ਨਸ਼ੇ ਅਤੇ ਵੋਟਾਂ ਖਰੀਦਣ ਆਦਿ 'ਤੇ ਖਰਚ ਕੀਤਾ ਜਾਂਦਾ ਹੈ।

## ਕਾਲਾ ਧਨ ਹੀ ਅਸਲੀ ਜੜ੍ਹ : ਐਮ ਐਸ ਗਿੱਲ



ਜਦੋਂ ਤੱਕ ਸਾਡੀ ਆਰਥਿਕ ਵਿਵਸਥਾ ਵਿਚ ਕਾਲਾ ਧਨ ਮੌਜੂਦ ਹੈ, ਇਸ ਦੀ ਵਰਤੋਂ ਚੋਣਾਂ ਵਿਚ ਰੋਕਣਾ ਕਾਫੀ ਮੁਸ਼ਕਲ ਕੰਮ ਹੈ। ਮੈਂ ਜਦੋਂ ਤੱਕ ਮੁੱਖ ਚੋਣ ਕਮਿਸ਼ਨਰ ਰਿਹਾ, ਅਸੀਂ ਇਸ ਨੂੰ ਰੋਕਣ ਲਈ ਕਾਫੀ ਯਤਨ ਕੀਤੇ। ਮੇਰੇ ਤੋਂ ਬਾਅਦ ਵਿਚ ਆਉਣ ਵਾਲੇ ਚੋਣ ਕਮਿਸ਼ਨਰਾਂ ਨੇ ਇਸ ਨੂੰ ਰੋਕਣ ਲਈ ਬਹੁਤ ਕੰਮ ਕੀਤਾ। ਚੋਣ ਕਮਿਸ਼ਨਰ ਦੇ ਕੋਲ ਤਾਕਤਾਂ ਬਹੁਤ ਜ਼ਿਆਦਾ ਹਨ ਪਰ ਹਰ ਥਾਂ ਪਹੁੰਚ ਸਕਣਾ ਉਨ੍ਹਾਂ ਲਈ ਮੁਸ਼ਕਲ ਹੈ।

ਫਰਜ਼ ਕਰੋ ਜੇਕਰ ਕੋਈ ਪਾਰਟੀ ਨੇਤਾ ਚੁੱਪਚਾਪ ਰਾਤ ਦੇ ਹਨ੍ਹੇਰੇ ਵਿਚ ਆਪਣੇ ਕਿਸੇ ਨੇਤਾ ਕੋਲ ਪੈਸਾ ਭੇਜ ਦਿੰਦਾ ਹੈ ਅਤੇ ਉਸ ਨੂੰ ਵੰਡਣ ਲਈ ਕਹਿੰਦਾ ਹੈ ਤਾਂ ਚੋਣ ਕਮਿਸ਼ਨ ਨੂੰ ਕਿਵੇਂ ਪਤਾ ਲੱਗੇਗਾ। ਮੇਰਾ ਮੰਨਣਾ ਹੈ ਕਿ ਜਦੋਂ ਤੱਕ ਅਰਥਵਿਵਸਥਾ ਵਿਚ ਕਾਲਾ ਧਨ ਮੌਜੂਦ ਹੈ ਉਦੋਂ ਤੱਕ ਸਮੱਸਿਆ ਇਹ ਹੀ ਰਹੇਗੀ। ਚੋਣਾਂ ਵਿਚ ਕਾਲੇ ਧਨ ਨੂੰ ਰੋਕਣ ਵਿਚ ਪਹਿਲਾਂ ਤਾਂ ਸਾਨੂੰ ਇਹ ਕੋਸ਼ਿਸ਼ ਕਰਨੀ ਪਵੇਗੀ ਕਿ ਅਰਥਵਿਵਸ਼ਥਾ ਵਿਚੋਂ ਕਾਲੇ ਧਨ ਨੂੰ ਕਿਵੇਂ ਖਤਮ ਕੀਤਾ ਜਾਵੇ। ਏਨੀ ਦਿਨੀਂ ਸਟੇਟ ਫੰਡਿੰਗ ਦੀ ਗੱਲ ਚੱਲ ਰਹੀ ਹੈ। ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਬਿਆਨ ਦਿੱਤਾ ਹੈ ਜਿਸ ਵਿਚ ਉਨ੍ਹਾਂ ਇਹੋ ਜਿਹੇ ਕਾਨੂੰਨ ਲਿਆਉਣ ਦਾ ਭਰੋਸਾ ਦਿੱਤਾ ਹੈ। ਕਿਸ ਪਾਰਟੀ ਨੂੰ ਕਿੰਨਾ ਫੰਡ ਮਿਲੇ ਇਸ ਦਾ ਫਾਰਮੂਲਾ ਤਿਆਰ ਕਰ ਲਿਆ ਗਿਆ ਹੈ, ਪਰ ਮੈਨੂੰ ਨਹੀਂ ਲਗਦਾ ਕਿ ਇਹ ਸਫਲ ਹੋਵੇਗਾ। ਮੈਂ ਪਹਿਲਾਂ ਵੀ ਇਸ ਦਾ ਵਿਰੋਧ ਕਰਦੇ ਹੋਇਆ ਕਿਹਾ ਸੀ ਕਿ ਗੱਲ ਵੋਟ ਖਰੀਦਣ, ਸ਼ਰਾਬ, ਨਸ਼ੇ ਅਤੇ ਪੈਸੇ ਵੰਡਣ ਨੂੰ ਰੋਕਣ ਦੀ ਹੈ ਅਤੇ ਇਸ ਤਰ੍ਹਾਂ ਦੇ ਖਰਚ ਕੀਤੇ ਪੈਸੇ ਕਦੇ ਸਾਹਮਣੇ ਨਹੀਂ ਆਉਂਦੇ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਾਵਿ-ਬਿੰਬ

ਡਾ. ਧਰਮ ਸਿੰਘ

ਪੰਜਾਬ ਦੇ ਇਤਿਹਾਸ ਵਿਚ ਅਠ੍ਹਾਰਵੀਂ ਸਦੀ ਜੁਗਗਰਦੀ, ਅਰਾਜਕਤਾ ਅਤੇ ਬਰਬਾਦੀ ਦੀ ਸਦੀ ਹੈ ਜਿਸ ਵਿਚ ਸਿੱਖਾਂ ਦੀ ਆਪਣੀ ਹੋਂਦ-ਹਸਤੀ ਵੀ ਖ਼ਤਰੇ ਵਿਚ ਪਈ ਹੋਈ ਸੀ। ਇਹੋ ਕਾਰਨ ਹੈ ਕਿ ਜਿਉਂ-ਜਿਉਂ ਸੰਕਟ ਗੰਭੀਰ ਹੁੰਦਾ ਜਾਂਦਾ ਹੈ, ਲੇਖਕ ਲੋਕ ਪ੍ਰੇਰਨਾ, ਉਤਸ਼ਾਹ ਅਤੇ ਅਗਵਾਈ ਲਈ ਬਾਰ-ਬਾਰ ਸ੍ਰੀ ਗੁਰੂ ਗੋਬਿੰਦ ਸਿੰਘ ਵੱਲ ਤੱਕਦੇ ਹਨ। ਅਠ੍ਹਾਰਵੀਂ ਸਦੀ ਦੇ ਕਵੀਆਂ ਨੇ ਦਸਮ ਗੁਰੂ ਜੀ ਦੇ ਜਿਸ ਰੂਪ ਦਾ ਵਧੇਰੇ ਉਲੇਖ ਕੀਤਾ ਹੈ, ਉਹ ਹੈ ਉਨ੍ਹਾਂ ਦੀ ਬੀਰਤਾ ਜਾਂ ਉਨ੍ਹਾਂ ਦਾ ਸਿਪਾਹੀ ਰੂਪ।

ਖਾਲਸਾ ਸਾਜਨਾ ਨੇ ਰੁਲੀ ਹੋਈ ਇਨਸਾਨੀ ਅਜ਼ਮਤ ਨਾ ਕੇਵਲ ਬਹਾਲ ਹੀ ਕੀਤੀ, ਸਗੋਂ ਇਸ ਕਾਰਨਾਮੇ ਰਾਹੀਂ ਉਨ੍ਹਾਂ ਅਜਿਹੇ ਸਿਰਲੱਥ ਸੂਰਮੇ ਵੀ ਪੈਦਾ ਕੀਤੇ ਜਿਨ੍ਹਾਂ ਗੁਰੂ ਜੀ ਦੀ ਅਗਵਾਈ ਵਿਚ ਜ਼ੁਲਮ, ਅਨਿਆਂ ਅਤੇ ਅੱਤਿਆਚਾਰ ਦੇ ਖ਼ਿਲਾਫ਼ ਕ੍ਰਿਪਾਨ ਉਠਾ ਕੇ ਧਰਮ ਅਤੇ ਸੱਚ ਦੀਆਂ ਸ਼ਕਤੀਆਂ ਦੀ ਰਾਖੀ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜੇ ਗਏ ਧਰਮ-ਯੁੱਧਾਂ ਦੀ ਬਦੌਲਤ ਪੰਜਾਬ ਦੇ ਇਤਿਹਾਸ ਵਿਚ ਇਕ ਨਵਾਂ ਇਨਕਲਾਬ ਵਾਪਰਿਆ। ਇਸ ਇਨਕਲਾਬ ਨੇ ਗੁਰੂ ਜੀ ਦੀ ਕੀਰਤੀ ਦੇਸ਼ਾਂ-ਦੇਸ਼ਾਂਤਰਾਂ ਤਕ ਫੈਲਾ ਦਿੱਤੀ। ਸ਼ਾਇਦ ਇਹ ਕਾਰਨ ਹੈ ਕਿ ਅਠ੍ਹਾਰਵੀਂ ਸਦੀ ਦੇ ਲੇਖਕਾਂ ਨੇ ਗੁਰੂ ਜੀ ਦੀ ਵੀਰ ਰੂਪ ਵਿਚ ਵਧੇਰੇ ਮਹਿਮਾ ਕੀਤੀ ਹੈ। ਗੁਰੂ ਜੀ ਕ੍ਰਿਪਾਨ ਦੇ ਧਨੀ ਸਨ, ਇਸ ਕਰਕੇ ਉਨ੍ਹਾਂ ਦੀ ਬਾਣੀ ਵਿਚ ਤੇਗ, ਕਿਰਪਾਨ, ਭਗਉਤੀ, ਸੈਫ ਆਦਿ ਦੀ ਬਹੁਤ ਚਰਚਾ ਹੈ। ਹੇਠ ਲਿਖਿਆ ਬੰਦ ਕਵੀ ਅਣੀ ਰਾਇ ਦਾ ਹੈ ਜਿਸ ਵਿਚ ਕਵੀ ਕਹਿੰਦਾ ਹੈ ਕਿ ਮਿਆਨ ਤੋਂ ਕੱਢਦਿਆਂ ਹੀ ਉਨ੍ਹਾਂ ਦੀ ਤੇਗ ਇਸ ਤਰ੍ਹਾਂ ਚਮਕਦੀ ਹੈ ਜਿਵੇਂ ਉਹ ਅੱਗ ਦੀ ਖਾਣ ਅਤੇ ਸੂਰਜਾਂ ਦਾ ਸਮੂਹ ਹੋਵੇ:

> ਕਾਢਤ ਮਯਾਨ ਤੇ ਬਡੀ ਸੁ ਚੰਡਤਾ ਕੀ ਸਾਨ,
> ਤਾ ਕੇ ਉਪਮਾਨ ਕਵਿ ਕੇਵਲ ਬਖਾਨ ਹੈ।
> ਕਾਲ ਕੀ ਜਬਾਨ ਹੈ ਨਿਦਾਨ ਕ੍ਰਿਸਾਨ ਖਾਨ,
> ਪੁੰਜ ਮਾਰਤੰਡ ਕੋ ਅਖੰਡ ਭਾਸਮਾਨ ਹੈ।
> ਭਾਨ ਕੀ ਪ੍ਰਭਾ ਨ ਹੈ ਛਟਾ ਨ ਕ੍ਰਿਸਾਨ।
> ਪ੍ਰਗਟ ਗੁਰੂ ਗੋਬਿੰਦ ਸਿੰਘ ਕੀ ਕ੍ਰਿਪਾਨ ਹੈ।

ਕਵੀ ਸੋਹਨ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਪੁੱਤਰ ਗੁਰੂ ਗੋਬਿੰਦ ਸਿੰਘ ਦੇਗ-ਤੇਗ ਦਾ ਧਨੀ ਹੈ ਜਿਸ ਨੇ ਸਾਰੇ ਜ਼ਾਲਮਾਂ ਨੂੰ ਮਾਰ ਖਪਾਇਆ ਹੈ। ਖਾਲਸਾ ਸਿਰਜਣਾ ਦੀ ਮਹਿਮਾ ਕਰਦਾ ਉਹ ਨਾਲ ਹੀ ਕਹਿੰਦਾ ਹੈ ਕਿ ਇਸ ਨਾਲ ਚਾਰੇ ਵਰਣ ਇਕ ਵਰਣ ਹੋ ਗਏ:

> ਦਸਮ ਗੁਰੂ ਸੁਤ ਜਾਸ ਨਾਮ ਗੋਬਿੰਦ ਮ੍ਰਿਗਪਤਿ।
> ਦੇਗ ਤੇਗ ਕੇ ਧਨੀ ਜਾਸ ਸਭ ਤੁਰਕਨ ਕੀਨ ਹਤਿ।
> ਚਾਰੋਂ ਬਰਨ ਮਿਲਾਏ ਕਰ ਏਕ ਰੂਪ ਜਿਨ ਕਰ ਦਿਯੇ।
> ਬਾਰ ਬਾਰ ਬੰਦੋ ਸਦਾ ਚਰਨ ਕਮਲ ਤਹਿ ਧਰ ਦਿਯੇ।

ਜੁਝਾਰੂ ਰੂਪ ਦੇ ਨਾਲ-ਨਾਲ ਅਠ੍ਹਾਰਵੀਂ ਸਦੀ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਰੂਪ ਅਧਿਆਤਮ ਦਾ ਵੀ ਉਘੜਨਾ ਸ਼ੁਰੂ ਹੁੰਦਾ ਹੈ। ਇਸ ਦੀ ਸ਼ੁਰੂਆਤ ਗੁਰੂ ਜੀ ਦੇ ਸਮਕਾਲੀ ਸਿੱਖ ਕਵੀ ਭਾਈ ਗੁਰਦਾਸ ਜੀ ਨੇ ਕੀਤੀ। ਉਨ੍ਹਾਂ ਦੀ ਪ੍ਰਸਿੱਧ ਵਾਰ ਜੋ ੪੧ਵੀਂ ਵਾਰ ਕਰਕੇ ਜਾਣੀ ਜਾਂਦੀ ਹੈ ਅਤੇ ਜੋ ਆਮ ਕਰਕੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਨਾਲ ਹੀ ਪ੍ਰਕਾਸ਼ਤ ਕਰ ਦਿੱਤੀ ਜਾਂਦੀ ਹੈ, ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਧਿਆਤਮ ਅਤੇ ਸੰਸਾਰੀ ਰੂਪ ਆਪਸ ਵਿਚ ਰਲਗੱਡ ਹੋਏ ਦਿਖਾਈ ਦਿੰਦੇ ਹਨ।

ਪਹਿਲੀਆਂ ਚੌਦਾਂ ਪਉੜੀਆਂ ਵਿਚ ਅਧਿਆਤਮਕ ਰੂਪ ਵਧੇਰੇ ਨਿੱਖਰਿਆ ਹੈ ਜਦਕਿ ਪੰਦਰ੍ਹਵੀਂ ਪਉੜੀ ਪਿੱਛੋਂ ਉਨ੍ਹਾਂ ਦਾ ਸ਼ਖ਼ਸੀ ਅਤੇ ਸੰਸਾਰੀ ਰੂਪ ਵਧੇਰੇ ਉਜਾਗਰ ਹੋਇਆ ਹੈ:

> ਆਦਿ ਪੁਰਖ ਅਨਭੈ ਅਨੰਤ ਗੁਰੁ ਅੰਤ ਨ ਪਾਈਐ।
> ਅਪਰ ਅਪਾਰ ਅਗੰਮ ਆਦਿ ਜਿਸੁ ਲਖੀ ਨ ਜਾਈਐ।
> ਅਮਰ ਅਜਾਚੀ ਸਤਿ ਨਾਮੁ ਤਿਸੁ ਸਦਾ ਧਿਆਈਐ।
> ਸਚਾ ਸਾਹਿਬ ਸੇਵੀਐ ਮਨ ਚਿੰਦਿਆ ਪਾਈਐ।
> ਅਨਿਕ ਰੂਪ ਧਰਿ ਪ੍ਰਗਟਿਆ ਹੈ ਏਕ ਅਕੇਲਾ।
> ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਇਥੇ ਇਹ ਵੀ ਦੱਸਣਾ ਉਚਿਤ ਹੈ ਕਿ ਗੁਰਬਾਣੀ ਵਿਚ ਪਰਮਾਤਮਾ ਦੇ ਜਿੰਨੇ ਵੀ ਸਿਫਤੀ ਨਾਂ ਵਰਤੇ ਗਏ ਹਨ, ਉਨ੍ਹਾਂ ਵਿੱਚੋਂ ਬਹੁਤੇ ਇਸ ਵਾਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਬੰਧ ਵਿਚ ਵਰਤੇ ਗਏ ਹਨ। ਕਵੀ ਸੈਨਾਪਤਿ ਨੇ ਵੀ ਗੁਰੂ ਸਾਹਿਬ ਦੇ ਅਧਿਆਤਮ ਰੂਪ ਨੂੰ ਇਨ੍ਹਾਂ ਸ਼ਬਦਾਂ ਵਿਚ ਯਾਦ ਕੀਤਾ ਹੈ:

> ਨਿਰੰਕਾਰ ਆਕਾਰ ਕਰਿ ਮਨਸਾ ਮਨਿ ਬੀਚਾਰ।
> ਮੁਕਤ ਕਰਨ ਸੰਸਾਰ ਕੋ ਪ੍ਰਗਟ ਭਯੋ ਕਰਤਾਰ॥੫੪੭॥
> ਕਰਨ ਕਰਾਵਨਹਾਰ ਪ੍ਰਭ ਸਮਰਥ ਸਿੰਘ ਗੋਬਿੰਦ।
> ਕਲਾ ਧਾਰਿ ਪ੍ਰਗਟ ਭਯੋ ਚਹੁ ਦਿਸ ਭਯੋ ਅਨੰਦ॥੫੪੮॥



ਭਾਈ ਤੋਲਾ ਸਿੰਘ (ਭੱਲਾ) ਅਤੇ ਭਾਈ ਸਰੂਪ ਦਾਸ (ਭੱਲਾ) ਦੀਆਂ ਕਿਰਤਾਂ ਵਿਚ ਵੀ ਗੁਰੂ ਸਾਹਿਬ ਦੇ ਅਧਿਆਤਮ ਸਰੂਪ ਦੀ ਹੀ ਚੜ੍ਹਤ ਹੈ। ਮਗਰੋਂ ਇਹ ਰੰਗਤ ਨਿਰਮਲੇ ਸੰਤਾਂ ਦੀ ਮਹਿਮਾ ਵਿਚ ਵੀ ਜਾਰੀ ਰਹੀ। ਕਵੀ ਬਸੰਤ ਸਿੰਘ ਵੱਲੋਂ ਗੁਰੂ ਜੀ ਨੂੰ ਕ੍ਰਿਸ਼ਨ ਅਵਤਾਰ ਅਤੇ ਕਲਕੀ ਅਵਤਾਰ ਦੀ ਵਿਚਕਾਰਲੀ ਕੜੀ ਮੰਨਣ ਪਿੱਛੇ ਵੀ ਉਨ੍ਹਾਂ ਦੇ ਅਧਿਆਤਮ ਸਰੂਪ ਨੂੰ ਉਜਾਗਰ ਕਰਨ ਦੀ ਭਾਵਨਾ ਪ੍ਰਤੀਤ ਹੁੰਦੀ ਹੈ। ਇਹ ਸਮਾਂ ਸਿੱਖਾਂ ਦੀ ਰਾਜਨੀਤਿਕ ਚੜ੍ਹਤ ਦਾ ਸਮਾਂ ਹੈ ਜਿਸ ਦਾ ਸਿੱਧਾ ਅਸਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਵਿ-ਬਿੰਬ ਉੱਪਰ ਪਿਆ ਹੈ। ਪਿਛਲੀ ਸਦੀ ਦੇ ਟਾਕਰੇ ਇਸ ਵੇਲੇ ਗੁਰੂ ਜੀ ਦੇ ਕਾਵਿ-ਬਿੰਬ ਵਿਚ ਰਾਜਸੀ ਠਾਠ-ਬਾਠ ਵਧੇਰੇ ਹੈ। ਕਵੀ ਵੀਰ ਸਿੰਘ (ਬੱਲ) ਨੇ ਆਪਣੇ ਇਕ ਗ੍ਰੰਥ 'ਸਿੰਘ ਸਾਗਰ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੁਕੰਮਲ ਜੀਵਨ ਕਲਮਬੱਧ ਕੀਤਾ ਹੈ, ਜਿਸ ਵਿਚ ਗੁਰੂ ਸਾਹਿਬ ਦਾ ਤੇਜੱਸਵੀ ਰੂਪ ਵਧੇਰੇ ਉਘੜਿਆ ਹੈ, ਪਰ ਦਰਬਾਰੀ ਕਵੀ ਹੋਣ ਦੇ ਨਾਤੇ ਉਹ ਦਰਬਾਰੀ ਤੜਕ-ਭੜਕ ਤੋਂ ਪਿੱਛਾ ਨਹੀਂ ਛੁਡਾ ਸਕਿਆ। ਜਿਸ ਦਾ ਪ੍ਰਮਾਣ ਉਸ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਦੀਆਂ ਰੀਤਾਂ-ਰਸਮਾਂ ਨੂੰ ਰਾਜ ਘਰਾਣਿਆਂ ਵਾਲੀਆਂ ਦਰਸਾਉਣ ਤੋਂ ਦੇਖਿਆ ਜਾ ਸਕਦਾ ਹੈ।

ਬਾਵਾ ਸੁਮੇਰ ਸਿੰਘ (ਭੱਲਾ) ਭਾਵੇਂ ਉਮਰ ਦਾ ਬਹੁਤਾ ਹਿੱਸਾ ਪੰਜਾਬ ਤੋਂ ਬਾਹਰ ਰਿਹਾ ਕਿਉਂਕਿ ਉਹ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਮਹੰਤ ਸੀ ਪਰ ਉਸ ਦੀ ਕਾਵਿ ਰਚਨਾ ਵਿਚ ਵੀ ਦਰਬਾਰੀ ਰੰਗ ਕਾਫ਼ੀ ਜ਼ਿਆਦਾ ਹੈ। ਉਸ ਨੇ ਗੁਰੂ ਜੀ ਦੀ ਕਲਗੀ, ਜਿਗ੍ਹਾ, ਸ਼ਸ਼ਤਰਾਂ, ਘੋੜਿਆਂ ਅਤੇ ਹਾਥੀਆਂ ਦੀ ਮਹਿਮਾ ਉਚੇਚੇ ਤੌਰ 'ਤੇ ਕੀਤੀ ਹੈ। ਵੀਹਵੀਂ ਸਦੀ ਨਵੇਂ ਗਿਆਨ ਅਤੇ ਨਵੀਂ ਚੇਤਨਾ ਦੀ ਸਦੀ ਸੀ ਅਤੇ ਆਉਣ ਵਾਲੀ ਸਦੀ ਵਿਚ ਇਹ ਚੇਤਨਾ ਹੋਰ ਵੀ ਪ੍ਰਚੰਡ ਹੋ ਰਹੀ ਹੈ ਜਿਸ ਨੇ ਗੁਰੂ ਜੀ ਵੱਲੋਂ ਇਤਿਹਾਸ ਵਿਚ ਪਾਏ ਯੋਗਦਾਨ ਨੂੰ ਪਹਿਲਾਂ ਨਾਲੋਂ ਵੀ ਵਧੇਰੇ ਉਜਾਗਰ ਕੀਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਵਿਚ ਪੰਜਾਬੀਆਂ ਦੇ ਮਨਭਾਉਂਦੇ ਦੋਵੇਂ ਗੁਣ ਸੰਤ ਅਤੇ ਸਿਪਾਹੀ ਮੌਜੂਦ ਹਨ ਇਸ ਲਈ ਉਹ ਸਦੀਆਂ ਤੋਂ ਪੰਜਾਬੀਆਂ ਦੇ ਮਨਭਾਉਂਦੇ ਨਾਇਕ ਚਲੇ ਆ ਰਹੇ ਹਨ। ਗੁਰੂ ਜੀ ਦੇ ਕਾਵਿ-ਬਿੰਬ ਵਿਚ ਉਹ ਧਾਰਮਿਕ ਨੇਤਾ ਦੇ ਨਾਲ-ਨਾਲ ਸਮਾਜਿਕ ਅਤੇ ਜਨਤਕ ਉਧਾਰ-ਕਰਤਾ ਹਨ। ਇਸ ਵਿਚ ਜਾਬਰਾਂ ਲਈ ਭੈਅ, ਅਵਤਾਰੀ ਰੰਗ, ਪੌਰਾਣਿਕ ਚੇਤਨਾ ਅਤੇ ਨਾਇਕ-ਪੂਜਾ ਸਭ ਕੁਝ ਹੈ। ਤਤਕਾਲੀ ਯਥਾਰਥ ਨੇ ਗੁਰੂ ਜੀ ਦੇ ਨਾਇਕਤਵ ਦੀ ਘਾੜਤ ਵਿਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅਜ਼ਾਦੀ, ਮਨੁੱਖੀ ਬਰਾਬਰੀ, ਵਸੀਲਿਆਂ ਦੀ ਇਕਸਾਰ ਵੰਡ, ਇਨਸਾਨੀ ਹੱਕਾਂ ਦਾ ਸਤਿਕਾਰ ਨਵੇਂ ਯੁੱਗ ਦੇ ਨਵੇਂ ਤਕਾਜ਼ੇ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਕੇਵਲ ਇਨ੍ਹਾਂ ਦੇ ਹੱਕ ਵਿਚ ਆਵਾਜ਼ ਹੀ ਉਠਾਈ, ਸਗੋਂ ਵਿਹਾਰਕ ਰੂਪ ਵਿਚ ਇਹ ਸਭ ਕੁਝ ਕਰ ਵਿਖਾਇਆ। ਨਵੀਂ ਸਦੀ ਦੀਆਂ ਵੰਗਾਰਾਂ ਦੇ ਸਨਮੁਖ ਉਹ ਭਵਿੱਖਮੁਖੀ ਅਤੇ ਸਰਬਕਾਲੀ ਨਾਇਕ ਹਨ।

- ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ






# A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



### What we Offer

- Home / Auto Insurance
- RV Insurance
- Life and Financial Services
- Travel Insurance
- Emergency Road Services
- Auto Mobile Warranty Services
- Commercial Insurance
- D&O Coverage / E&O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

**We Provide Services In English, Punjabi, Gujrati, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

# RON RANDHAWA

BSc. BSc. MPA.

PC ALBERTA NOMINATION CANDIDATE FOR EDMONTON-MILLWOODS

## Bio

- 1991- MPA - Master of Public Administration, University of Victoria, BC
- 1989 - BSc -Bachelor of Science (Psychology) University of Victoria, BC
- 1987 - BSc -Bachelor of Science (Biology) University of Victoria, BC
- Graduated with academic award from Reynolds Secondary School, Victoria, BC
- Worked with BC Ministries of Health and Advanced Education,Victoria for 13 years as Research officer, Program Evaluator and Health Information Consultant
- Worked in government, non-profit and private Sector
- Moved to Edmonton in 2005, GM/ Partner of Super 8 Hotel
- Director, Edmonton-Sherwood Park Conservative Party of Canada Association
- Vice President, Policy, Fort Saskatchewan-Vegreville PC Association
- Member of Servus Credit Union Community Council
- Great grandson of late Jathedar Sohan Singh Jalalusman, freedom fighter and politician (MLA and Minister of Punjab Government for many years)

"On Behalf of my Family , I would like to wish everyone a Merry Christmas and a Happy New Year "



## What I Stand For

- Voicing the needs and concerns of my constituents
- Supporting an open and transparent government
- Honesty, Accountability and Integrity
- More effective and efficient management of provincial funds
- Improving facilities, programs and services for our seniors. While finding ways to allow them to age with the dignity they deserve
- Providing stable funding and efficient management for Education and Health Care
- A better Health Care system that is more accessible for all Albertan's
- Standing up for our provinces industry



" COMMON SENSE CHANGE "

Open House
Jan 08, 2012
5 pm - 8 pm
Millwoods Plaza 34,
9271 34 Ave (next to Domo)

Email: Ronrandhawa@shaw.ca Contact Number: (780) 965-8871 Office Address: Millwoods Plaza 34, 9271 34 Ave (next to Domo)


**ADVANCED Roofing Systems Ltd.**

Residential/Commercial Insurance Claims • Asphalt & Specialty Shingles • Siding, Soffits,Fascia • 2 Ply Membranes (SBS) • Cedar Shakes New & Re-Roof Specialists • Condominums Welcome • Steep Roofs Welcome Licaenced & Insured • Pine Shake Replacement • Roof Top Snow removel • FREE Estimates




Gill Olson (Manager)

RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**KOPY CENTRE & PRINTING**
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Gurkeerat Holding Ltd.**



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਪੀ.ਪੀ.ਪੀ. ਦੀ ਸਥਿਰਤਾ 'ਤੇ ਸਵਾਲੀਆ ਨਿਸ਼ਾਨ



ਨਵਗਠਿਤ ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਸਥਿਰਤਾ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਇਸ ਦੀ ਕਾਰਗੁਜ਼ਾਰੀ ਲੋਕਾਂ ਸਾਹਮਣੇ ਆਉਣ ਤੋਂ ਪਹਿਲਾਂ ਹੀ ਇਸ ਦੇ ਭਵਿੱਖ ਬਾਰੇ ਅਨਿਸ਼ਚਿਤਤਾ ਪੈਦਾ ਹੋ ਗਈ ਹੈ। ਇਸ ਦੇ ਭਵਿੱਖ ਦਾ ਫੈਸਲਾ ਤਾਂ ਭਵਿੱਖ ਹੀ ਕਰੇਗਾ, ਕਿਉਂਕਿ ਇਤਿਹਾਸ ਵਿਚ ਇਸ ਦਾ ਵਰਤਮਾਨ ਸਾਡੇ ਸਾਹਮਣੇ ਹੈ ਤੇ ਕੋਈ ਵਧੇਰੇ ਆਸ਼ਾਜਨਕ ਨਹੀਂ ਹੈ। ਪੀ.ਪੀ.ਪੀ. ਦਾ ਬਹੁਚਰਚਿਤ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਜਿਨ੍ਹ ਸਾਥੀਆਂ ਨੂੰ ਨਾਲ ਲੈ ਕੇ ਆਪਣੇ ਪਰਿਵਾਰ ਦੀ ਪਾਰਟੀ ਨਾਲੋਂ ਵੱਖ ਹੋਇਆ ਸੀ, ਉਹ ਸਾਰੇ ਇਕ ਇਕ ਕਰ ਕੇ ਉਸ ਦਾ ਸਾਥ ਛੱਡਦੇ ਜਾ ਰਹੇ ਹਨ, ਕੁਝ ਤਾਂ ਮੁੱਢ ਵਿਚ ਹੀ ਉਹਦੇ ਨਾਲੋਂ ਖਿਸਕ ਤੁਰੇ ਸਨ, ਕੁਝ ਅਗਲੇ ਪੜਾਅ 'ਤੇ ਹਾਕਮ ਪਾਰਟੀ ਦੇ ਦਬਾਅ ਹੇਠ ਉਸ ਦਾ ਸਾਥ ਛੱਡ ਗਏ, ਬਾਕੀ, ਜੋ ਚਟਾਨ ਵਾਂਗ ਉਸ ਦੇ ਨਾਲ ਖਲੋਣ ਦਾ ਦਮ ਭਰਦੇ ਸਨ, ਸਾਂਝਾ ਮੋਰਚਾ ਬਣਨ ਮਗਰੋਂ ਉਸ ਨੂੰ ਅਲਵਿਦਾ ਆਖ ਗਏ। ਉਸ ਦੇ ਦੋ ਮਜ਼ਬੂਤ ਸਮਝੇ ਜਾਂਦੇ ਸਾਥੀਆਂ, ਕੁਸ਼ਲਦੀਪ ਸਿੰਘ ਢਿੱਲੋਂ ਅਤੇ ਜਗਬੀਰ ਸਿੰਘ ਬਰਾੜ ਨੇ ਕੈਪਟਨ ਅਮਰਿੰਦਰ ਸਿੰਘ ਦਾ ਪੱਲਾ ਘੁੱਟ ਕੇ ਫੜ ਲਿਆ ਹੈ। ਕੁਝ ਹੋਰ ਘੱਟ ਅਹਿਮੀਅਤ ਰੱਖਣ ਵਾਲੇ ਉਸ ਦੇ ਸਾਥੀ ਸੁਖਬੀਰ ਸਿੰਘ ਬਾਦਲ ਦੀ ਸ਼ਰਨ ਵਿਚ ਚਲੇ ਗਏ ਹਨ। ਇਸ ਤਰ੍ਹਾਂ ਮਨਪ੍ਰੀਤ ਸਿੰਘ ਬਾਦਲ ਦਾ ਪਹਿਲਾ ਕਾਫ਼ਲਾ ਤਾਂ ਖਿੰਡ ਪੁੰਡ ਗਿਆ ਹੈ। ਭਾਵੇਂ ਇਸ ਸੰਭਾਵਨਾ ਨੂੰ ਵੀ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਕਾਫਲਿਆਂ ਦੀ ਕੋਈ ਕਮੀ ਨਹੀਂ ਹੈ, ਕੁਝ ਹੋਰ ਲੋਕ ਕਾਫਲਾ ਬੰਨ੍ਹ ਕੇ ਮਨਪ੍ਰੀਤ ਸਿੰਘ ਬਾਦਲ ਦੀ ਪਿੱਠ 'ਤੇ ਆ ਜਾਣਗੇ ਪਰ ਕਾਫਲਾ ਬਣਨ ਨੂੰ ਵੀ ਕੁਝ ਸਮਾਂ ਚਾਹੀਦਾ ਹੈ, ਜਦਕਿ ਚੋਣਾਂ ਸਿਰ 'ਤੇ ਹਨ।

ਦਰਅਸਲ, ਮਨਪ੍ਰੀਤ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਤੋੜ ਵਿਛੋੜੇ ਦੇ ਸਮੇਂ ਤੋਂ ਹੀ ਉਸ ਦੀ ਸੰਭਾਵਿਤ ਭੂਮਿਕਾ ਨੂੰ ਪੁਰਾਣੇ ਚੌਖਟਿਆਂ ਵਿਚ ਰੱਖ ਕੇ ਦੇਖਣਾ ਆਰੰਭ ਕਰ ਦਿਤਾ ਗਿਆ ਸੀ। ਕੁਝ ਰਾਜਨੀਤਕ ਵਿਸ਼ਲੇਸ਼ਕਾਂ ਦਾ ਖ਼ਿਆਲ ਸੀ ਕਿ ਮਨਪ੍ਰੀਤ ਸਿੰਘ ਬਾਦਲ ਅਗਾਮੀ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੇ ਵੋਟ ਬੈਂਕ ਨੂੰ ਉਵੇਂ ਹੀ ਖੋਰਾ ਲਾਵੇਗਾ, ਜਿਵੇਂ ਬੀਤੇ ਦੀਆਂ ਕੁਝ ਚੋਣਾਂ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਲਾਇਆ ਗਿਆ ਸੀ। ਇਸ ਤਰ੍ਹਾਂ ਕਰ ਕੇ ਕਾਂਗਰਸ ਦੀ ਜਿੱਤ ਨੂੰ ਆਸਾਨ ਬਣਾ ਦੇਵੇਗਾ। ਇਹ ਵੀ ਸੋਚਿਆ ਜਾਂਦਾ ਸੀ ਕਿ ਉਸ ਦੀ ਉਦਾਰ ਰਾਜਨੀਤਕ ਸਿਆਸੀ ਸ਼ੈਲੀ ਕਾਂਗਰਸੀ ਵੋਟ ਨੂੰ ਆਕਰਸ਼ਿਤ ਕਰੇਗੀ ਤੇ ਇੰਜ ਉਹ ਆਪਣੇ ਤਾਇਆ ਜੀ ਲਈ ਰਾਜਨੀਤਕ ਲਾਭ ਜੁਟਾਵੇਗਾ। ਕੁਸ਼ਲਦੀਪ ਸਿੰਘ ਢਿੱਲੋਂ ਅਤੇ ਜਗਬੀਰ ਸਿੰਘ ਬਰਾੜ ਨੇ ਵੀ ਮਨਪ੍ਰੀਤ ਸਿੰਘ ਬਾਦਲ ਦਾ ਸਾਥ ਛੱਡਣ ਸਮੇਂ ਕੁਝ ਅਜਿਹੇ ਸੰਕੇਤਾਂ ਵਾਲੇ ਬਿਆਨ ਦਿਤੇ ਹਨ।

ਮਨਪ੍ਰੀਤ ਸਿੰਘ ਬਾਦਲ ਦੀ ਕਾਰਜਸ਼ੈਲੀ ਨੂੰ ਲੈ ਕੇ ਵੀ ਢਿੱਲੋਂ ਅਤੇ ਬਰਾੜ ਨੇ ਕੁਝ ਇਤਰਾਜ਼ ਪ੍ਰਗਟਾਏ ਹਨ। ਇਨ੍ਹਾਂ ਇਤਰਾਜ਼ਾਂ ਅਨੁਸਾਰ ਸਾਬਕਾ ਖ਼ਜ਼ਾਨਾ ਮੰਤਰੀ ਦੀ ਕਾਰਜਸ਼ੈਲੀ ਵਿਚ ਲੋੜੀਂਦੀ ਪਾਰਦਰਸ਼ਤਾ ਨਹੀਂ ਹੈ ਅਤੇ ਆਪਣੇ ਕਨੇਡਾ ਦੌਰੇ ਸਮੇਂ ਇਕੱਤਰ ਹੋਏ ਫ਼ੰਡ ਦਾ ਹਿਸਾਬ ਉਸ ਨੇ ਪਾਰਟੀ ਨੂੰ ਨਹੀਂ ਦਿਤਾ ਹੈ। ਖ਼ੈਰ, ਇਨ੍ਹਾਂ ਇਤਰਾਜ਼ਾਂ ਨੂੰ ਤਾਂ ਇਕ ਪ੍ਰਸਿੱਧ ਫਿਲਮੀ ਗਾਣੇ ਦੇ ਹਵਾਲੇ ਨਾਲ ਕਿ, 'ਜਾਨਾ ਥਾ ਹਮਸੇ ਦੂਰ ਬਹਾਨੇ ਬਨਾ ਲੀਏ' ਦਰਕਿਨਾਰ ਕੀਤਾ ਜਾ ਸਕਦਾ ਹੈ, ਪਰ ਕਾਂਗਰਸ 'ਚ ਜਾਣ ਵਾਲੇ ਮਨਪ੍ਰੀਤ ਦੇ ਸਾਥੀ ਤਾਂ ਕਾਫੀ ਦੇਰ ਤੋਂ ਕੈਪਟਨ (ਕਾਂਗਰਸ) ਦੇ ਸੰਪਰਕ ਵਿਚ ਸਨ। ਕੀ ਅੰਦਰਖਾਤੇ ਪੱਕ ਰਹੀ ਖਿਚੜੀ ਬਾਰੇ ਮਨਪ੍ਰੀਤ ਸਿੰਘ ਬਾਦਲ ਨੂੰ ਕੁਝ ਨਹੀਂ ਸੀ ਪਤਾ? ਜੇ ਪਤਾ ਸੀ ਤਾਂ ਉਸ ਨੂੰ ਵੀ ਇਸ ਬਾਰੇ ਜ਼ਰੂਰ ਕੋਈ ਟਿਪਣੀ ਕਰਨੀ ਚਾਹੀਦੀ ਹੈ।

ਹਾਲੀਆ ਦਲਬਦਲੀਆਂ ਨਾਲ ਮਨਪ੍ਰੀਤ ਸਿੰਘ ਬਾਦਲ ਦੇ ਜਨਤਕ ਅਕਸ ਨੂੰ ਠੇਸ ਪਹੁੰਚੀ ਹੈ। ਬਹੁਤ ਸਾਰੇ ਸ਼ੰਕੇ ਸਿਰ ਉਠਾਈ ਖੜੇ ਹਨ, ਹੋ ਸਕਦਾ ਹੈ ਕਿ ਇਹ ਸਾਰੇ ਸ਼ੰਕੇ ਭਰਮ-ਭੁਲੇਖੇ ਹੀ ਹੋਣ ਅਥਵਾ ਨਿਰਮੂਲ ਹੀ ਹੋਣ। ਪਰ ਆਪਣੇ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੀ ਸ਼ੰਕਾ ਨਿਵਿਰਤੀ ਲਈ ਮਨਪ੍ਰੀਤ ਸਿੰਘ ਬਾਦਲ ਨੂੰ ਖੁਲ੍ਹ ਕੇ ਅੱਗੇ ਆਉਣਾ ਚਾਹੀਦਾ ਹੈ। ਹਾਲਾਂਕਿ ਹੁਣ ਬਹੁਤ ਦੇਰ ਹੋ ਗਈ ਹੈ ਅਤੇ ਪੀ.ਪੀ.ਪੀ. ਦਾ ਵਜੂਦ ਖ਼ਤਰੇ ਵਿਚ ਪਿਆ ਹੋਇਆ ਹੈ, ਫਿਰ ਵੀ ਜੇਕਰ ਉਹ ਇਸ ਸਥਿਤੀ ਬਾਰੇ ਪੂਰੀ ਸੁਹਿਰਦਤਾ ਨਾਲ ਸੱਚ ਲੋਕਾਂ ਸਾਹਮਣੇ ਰੱਖਦੇ ਹਨ ਤਾਂ ਅਜਿਹਾ ਕਰਨ ਨਾਲ ਪੰਜਾਬ ਦੇ ਸਿਆਸੀ ਯਥਾਰਥ ਨੂੰ ਸਮਝਣ ਵਿਚ ਕਾਫੀ ਮਦਦ ਮਿਲ ਸਕਦੀ ਹੈ।

## ਚੋਣ ਪ੍ਰੋਗਰਾਮ 'ਤੇ ਸਭ ਬਾਗੋਬਾਗ

ਭਾਰਤੀ ਚੋਣ ਕਮਿਸ਼ਨ ਨੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਪ੍ਰੋਗਰਾਮ ਦਾ ਐਲਾਨ ਕਰ ਦਿਤਾ ਹੈ ਤੇ ਆਦਰਸ਼ ਚੋਣ ਜ਼ਾਬਤਾ ਵੀ ਤੁਰੰਤ ਲਾਗੂ ਕਰ ਦਿਤਾ ਗਿਆ ਹੈ। ਪੰਜਾਬ ਦੀਆਂ ਵਿਧਾਨ ਸਭਾਈ ਚੋਣਾਂ 30 ਜਨਵਰੀ 2012 ਨੂੰ ਇਕੋ ਦਿਨ ਮੁਕੰਮਲ ਹੋ ਜਾਣਗੀਆਂ। ਚੋਣ ਐਲਾਨ ਦੇ ਚਾਰ ਪ੍ਰਤੀਕਰਮ ਸਾਹਮਣੇ ਆਏ ਹਨ, ਚੌਹਾਂ ਵਿਚ ਆਪਣੇ ਆਪਣੇ ਢੰਗ ਨਾਲ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਤਿੰਨ ਪ੍ਰਤੀਕਰਮ ਤਿੰਨ ਪ੍ਰਮੁੱਖ ਸਿਆਸੀ ਧਿਰਾਂ ਦੇ ਸਿਖਰਲੇ ਆਗੂਆਂ ਦੇ ਹਨ ਤੇ ਚੌਥਾ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਤਰਫ਼ੋਂ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪ੍ਰਤੀਕਰਮ ਵਿਚ ਕਿਹਾ ਹੈ ਕਿ ਜਾਪਦਾ ਹੈ ਕਿ ਚੋਣ ਕਮਿਸ਼ਨ ਉਨ੍ਹਾਂ ਦੀ ਇੱਛਾ ਅਨੁਸਾਰ ਹੀ ਕੰਮ ਕਰ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਇੰਜ ਉਤਸ਼ਾਹ ਨਾਲ ਭਰਪੂਰ ਤੇ ਤਰੋਤਾਜ਼ਾ ਮਹਿਸੂਸ ਕਰ ਰਹੇ ਹਨ, ਜਿਵੇਂ ਉਨ੍ਹਾਂ ਨੇ ਆਪਣੀ ਪਹਿਲੀ ਚੋਣ ਸਮੇਂ ਕੀਤਾ ਸੀ। ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਨਾਲ ਸ. ਬਾਦਲ ਦੀਆਂ ਕਈ ਸਾਰੀਆਂ ਪ੍ਰੇਸ਼ਾਨੀਆਂ ਵੀ ਦੂਰ ਹੋ ਗਈਆਂ ਹਨ, ਵੱਖ ਵੱਖ ਵਰਗਾਂ ਦੇ ਲੋਕ ਜੋ ਲਾਭ ਪ੍ਰਾਪਤ ਕਰਨ ਲਈ ਅਕਸਰ ਸਰਕਾਰ ਦੇ ਖਹਿੜੇ ਪਏ ਰਹਿੰਦੇ, ਹੁਣ ਚੁੱਪ ਕਰ ਕੇ ਬਹਿ ਜਾਣਗੇ ਕਿਉਂਕਿ ਹੁਣ ਸ. ਬਾਦਲ ਉਨ੍ਹਾਂ ਨੂੰ ਕਹਿ ਸਕਦੇ ਹਨ ਕਿ ਸਰਕਾਰ ਦੇ ਹੱਥ ਚੋਣ ਕਮਿਸ਼ਨ ਨੇ ਬੰਨ੍ਹੇ ਹੋਏ ਹਨ।

ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਤੀਕਰਮ ਪ੍ਰਗਟਾਉਂਦਿਆਂ ਕਿਹਾ ਹੈ ਕਿ ਕਾਂਗਰਸੀ ਵਰਕਰਾਂ ਨੇ ਜਿਸ ਉਤਸ਼ਾਹ ਨਾਲ ਲੱਡੂ ਵੰਡ ਕੇ ਚੋਣਾਂ ਦੇ ਪ੍ਰੋਗਰਾਮ ਦਾ ਸਵਾਗਤ ਕੀਤਾ ਹੈ, ਉਸ ਤੋਂ ਜਾਪਦਾ ਹੈ ਕਿ ਕਾਂਗਰਸੀ ਵਰਕਰਾਂ ਨੂੰ ਹੁਣੇ ਤੋਂ ਹੀ ਆਪਣੀ ਜਿੱਤ ਦੀ ਮਹਿਕ ਆਉਣ ਲੱਗੀ ਹੈ ਤੇ ਅਗਲੀ ਸਰਕਾਰ ਨਿਸ਼ਚਿਤ ਤੌਰ 'ਤੇ ਕਾਂਗਰਸ ਦੀ ਹੀ ਹੋਵੇਗੀ।




ਸਾਂਝੇ ਮੋਰਚੇ ਦੇ ਆਗੂ ਸ. ਮਨਪ੍ਰੀਤ ਸਿੰਘ ਬਾਦਲ ਨੇ ਵੀ ਚੋਣ ਜ਼ਾਬਤਾ ਲੱਗਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਕਾਫ਼ੀ ਸਖ਼ਤ ਸ਼ਬਦ ਇਸਤੇਮਾਲ ਕਰਦਿਆਂ ਕਿਹਾ ਹੈ ਕਿ ਪੰਜਾਬ ਵਿਚ ਪੰਜ ਸਾਲਾਂ ਤੋਂ ਚੱਲੇ ਆ ਰਹੇ ਕੁਸ਼ਾਸਨ ਦਾ ਅੰਤ ਹੋ ਗਿਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬ ਵਿਚੋਂ ਹੁਣ ਬਦਇੰਤਜ਼ਾਮੀ ਦੇ ਕੋਡ ਆਫ਼ ਕੰਡਕਟ ਦਾ ਖ਼ਾਤਮਾ ਹੋ ਗਿਆ ਹੈ। ਜ਼ਾਹਰ ਹੈ ਕਿ ਉਸ ਦਾ ਇਸ਼ਾਰਾ ਆਪਣੇ ਤਾਏ ਦੇ ਪੁੱਤ ਭਰਾ ਦੀਆਂ ਵਧੀਕੀਆਂ ਵੱਲ ਸੀ।

ਇਕ ਦਿਲਚਸਪ ਪ੍ਰਤੀਕਰਮ ਅਧਿਕਾਰੀਆਂ, ਕਰਮਚਾਰੀਆਂ ਤੇ ਆਮ ਲੋਕਾਂ ਨੇ ਬਠਿੰਡੇ ਤੋਂ ਪ੍ਰਗਟਾਇਆ ਹੈ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਸਾਲ ਭਰ ਤੋਂ ਉਹ ਹਾਕਮ ਪਰਿਵਾਰ ਦੇ ਹੈਲੀਕਾਪਟਰਾਂ ਮਗਰ ਭੱਜ ਭੱਜ ਕੇ ਥੱਕੇ ਤੇ ਅੱਕੇ ਪਏ ਹਨ। ਹੁਣ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਨਾਲ ਉਨ੍ਹਾਂ ਦੀ ਔਖ ਦੇ ਦਿਨ ਮੁੱਕ ਗਏ ਹਨ, ਹੁਣ ਉਹ ਜ਼ਰਾ ਚੈਨ ਦੀ ਨੀਂਦ ਸੌਂ ਸਕਣਗੇ। ਜ਼ਿਕਰਯੋਗ ਹੈ ਕਿ ਬਠਿੰਡੇ ਵਿਚ ਹਾਕਮ ਪਰਿਵਾਰ ਦੇ ਕਿਸੇ ਨਾ ਕਿਸੇ ਜੀਅ ਦਾ ਚੱਕਰ ਲੱਗਦਾ ਹੀ ਰਹਿੰਦਾ ਸੀ ਤੇ ਸਥਾਨਕ ਅਧਿਕਾਰੀਆਂ ਤੇ ਕਰਮਚਾਰਆਂ ਦੀ ਉਨ੍ਹਾਂ ਦੇ ਅੱਗੇ ਪਿੱਛੇ ਦੌੜ ਲੱਗੀ ਰਹਿੰਦੀ ਸੀ ਤੇ ਹੈਲੀਕਾਪਟਰਾਂ ਦਾ ਸ਼ੋਰ ਵੀ ਆਮ ਹੀ ਮੱਚਿਆ ਰਹਿੰਦਾ ਸੀ। ਹੁਣ ਲੋਕਾਂ ਦੁਆਰਾ ਭਰੇ ਜਾਂਦੇ ਟੈਕਸਾਂ ਦੀ ਬਰਬਾਦੀ ਵੀ ਰੁਕੇਗੀ ਤੇ ਇੰਜ ਵੀ ਆਮ ਆਦਮੀ ਨੂੰ ਕੁਝ ਰਾਹਤ ਮਿਲੇਗੀ।

## ਤੇਲ ਪੀਣੀਆਂ ਜੋਕਾਂ

ਤੇਲ ਪੀਣੀਆਂ ਜੋਕਾਂ ਵੀ ਇਕ ਤਰ੍ਹਾਂ ਨਾਲ ਲਹੂ ਪੀਣੀਆਂ ਜੋਕਾਂ ਹੀ ਹਨ। ਸ਼ਾਇਰ ਮੋਹਨ ਸਿੰਘ ਨੇ ਕਿਆ ਖ਼ੂਬ ਕਿਹਾ ਸੀ, 'ਦੋ ਧੜਿਆਂ ਵਿਚ ਖ਼ਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ' ਇਹ ਜੋਕਾਂ ਕਰੋੜਾਂ ਰੁਪਏ ਦਾ ਤਾਂ ਤੇਲ ਹੀ ਪੀ ਰਹੀਆਂ ਹਨ, ਤੇਲ ਦਾ ਸਾਰਾ ਖ਼ਰਚ ਸਰਕਾਰੀ ਖ਼ਜ਼ਾਨੇ ਵਿਚੋਂ ਹੁੰਦਾ ਹੈ ਤੇ ਸਰਕਾਰੀ ਖ਼ਜ਼ਾਨੇ ਵਿਚ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਹੁੰਦੀ ਹੈ। ਇਹ ਤੇਲ ਪੀਣੀਆਂ ਜੋਕਾਂ ਹਨ ਮੰਤਰੀਆਂ ਦੀਆਂ ਗੱਡੀਆਂ। ਪਿਛਲੇ ਢਾਈ ਵਰ੍ਹਿਆਂ ਦੌਰਾਨ ਪੰਜਾਬ ਕੈਬਨਿਟ ਵਲੋਂ 18.54 ਕਰੋੜ ਰੁਪਏ ਦਾ ਤੇਲ ਫੂਕਿਆ ਗਿਆ। ਇਕੱਲੇ ਮੁੱਖ ਮੰਤਰੀ ਦੀਆਂ ਗੱਡੀਆਂ ਦਾ ਕਾਫ਼ਲਾ ਪੌਣੇ ਛੇ ਕਰੋੜ ਰੁਪਏ ਦਾ ਤੇਲ ਛਕ ਗਿਆ। ਮੁੱਖ ਮੰਤਰੀ ਕੋਲ ਤੇਤੀ ਗੱਡੀਆਂ ਦਾ ਵੱਡਾ ਕਾਫਲਾ ਹੈ ਤੇ ਏਡਾ ਵੱਡਾ ਕਾਫਲਾ ਕਰੋੜਾਂ ਰੁਪਏ ਦੇ ਖ਼ਰਚੇ 'ਤੇ ਕੇਵਲ ਸੰਗਤ ਦਰਸ਼ਨਾਂ ਵਿਚ ਚੈਕ ਵੰਡਣ ਹੀ (ਆਮ ਕਰ ਕੇ) ਜਾਂਦਾ ਰਿਹਾ ਹੈ। ਇਹ ਕਰੋੜਾਂ ਰੁਪਏ ਦਾ ਤੇਲ ਤਾਂ ਉਨ੍ਹਾਂ ਸਾਰੇ ਖ਼ਰਚਿਆਂ ਦਾ ਇਕ ਹਿੱਸਾ ਮਾਤਰ ਹੈ ਜੋ ਮੰਤਰੀ ਮੰਡਲ ਵਲੋਂ ਆਮ ਕਰ ਕੇ ਕੀਤੇ ਜਾਂਦੇ ਹਨ ਤੇ ਜਿਨ੍ਹਾਂ ਦਾ ਬੋਝ ਸਰਕਾਰੀ ਖ਼ਜ਼ਾਨੇ ਅਰਥਾਤ ਲੋਕਾਂ ਨੂੰ ਚੁੱਕਣਾ ਪੈਂਦਾ ਹੈ। ਦਰਅਸਲ, ਇਹ ਐਸ਼ਾਂ ਹੀ ਹਨ ਜਿਹੜੀਆਂ ਸੱਤਾ ਦੇ ਗਲਿਆਰਿਆਂ ਦਾ ਮੁੱਖ ਆਕਰਸ਼ਣ ਬਣੀਆਂ ਹੋਈਆਂ ਹਨ। 'ਰਾਜ ਨਹੀਂ ਸੇਵਾ' ਤਾਂ ਬਸ ਕਹਿਣ ਦੀਆਂ ਗੱਲਾਂ ਹਨ। ਢਾਈ ਸਾਲਾਂ ਦੌਰਾਨ ਸਾਢੇ ਅਠਾਰਾਂ ਕਰੋੜ ਦੇ ਖ਼ਰਚੇ (ਤੇਲ ਦੇ) ਤਾਂ ਕੇਵਲ ਕੈਬਨਿਟ ਦੀਆਂ ਗੱਡੀਆਂ ਦੇ ਹਨ। ਹੈਲੀਕਾਪਟਰਾਂ ਦੇ ਖ਼ਰਚੇ ਇਸ ਤੋਂ ਵੱਖਰੇ ਹਨ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਪੰਜਾਬ ਕੋਲ ਆਰਥਕ ਸ੍ਰੋਤਾਂ ਦੀ ਕਮੀ ਨਹੀਂ ਹੈ। ਪੈਸੇ ਦੀ ਯੋਗ ਵਰਤੋਂ ਹੋਵੇ ਤਾਂ ਸਮਾਜ ਦੀਆਂ ਕਈ ਸਮੱਸਿਆਵਾਂ ਆਸਾਨੀ ਨਾਲ ਹੱਲ ਹੋ ਸਕਦੀਆਂ ਹਨ, ਪਰ ਆਰਥਕ ਸ੍ਰੋਤਾਂ ਦੀ ਇਸ ਕਦਰ ਦੁਰਵਰਤੋਂ ਹੋ ਰਹੀ ਹੈ ਕਿ ਜਦੋਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਜਾਂ ਲੋਕ ਕਲਿਆਣਕਾਰੀ ਯੋਜਨਾਵਾਂ ਲਾਗੂ ਕਰਨ ਦੀ ਵਾਰੀ ਆਉਂਦੀ ਹੈ ਤਾਂ ਫ਼ੰਡਾਂ ਦੀ ਘਾਟ ਹੋ ਜਾਂਦੀ ਹੈ। ਉਂਜ ਆਰਥਕ ਉਜਾੜੇ ਦੇ ਕਈ ਹਿੱਸਿਆਂ ਵਿਚ ਤੇਲ ਪੀਣੀਆਂ ਜੋਕਾਂ ਨਹੀਂ ਹਨ, ਮੰਤਰੀਆਂ ਨੂੰ ਸਰਕਾਰੀ ਖ਼ਰਚ 'ਤੇ ਵੱਡੇ ਵੱਡੇ ਲਾਮ ਲਸ਼ਕਰ ਮੁਹੱਈਆ ਨਹੀਂ ਕਰਵਾਏ ਜਾਂਦੇ। ਇਥੇ ਵੀ ਕਈ ਵਿਅਕਤੀਆਂ ਦੀ ਸਰਕਾਰੀ ਖ਼ਰਚੇ ਦੀ ਸੁਰੱਖਿਆ ਵਾਪਸ ਲੈਣ ਦੀਆਂ ਕਾਰਵਾਈਆਂ ਹੋਈਆਂ ਹਨ, ਪਰ ਅਗਲਾ ਅਤਿਵਾਦੀਆਂ ਦੀ ਚਿੱਠੀ ਲੈ ਕੇ ਖ਼ੁਦ ਨੂੰ ਮਿਲਦੀਆਂ ਧਮਕੀਆਂ ਦੀ ਦੁਹਾਈ ਦੇਣ ਲਗਦਾ ਹੈ ਤੇ ਇਸ ਤਰ੍ਹਾਂ ਹਾਲ ਦੀ ਘੜੀ ਸਰਕਾਰੀ ਖ਼ਰਚੇ ਨੂੰ ਚੰਬੜੇ ਇਨ੍ਹਾਂ ਲੋਕਾਂ ਦਾ ਖ਼ਜ਼ਾਨਾ ਉਜਾੜੂ ਕਲਚਰ ਖ਼ਤਮ ਹੋਣ ਦੀਆਂ ਕੋਈ ਬਹੁਤੀਆਂ ਸੰਭਾਵਨਾਵਾਂ ਦਿਖਾਈ ਨਹੀਂ ਦੇ ਰਹੀਆਂ।

## ਗੱਫਾ ਪ੍ਰਣਾਲੀ

ਗੱਫਾ ਧਾਰਮਕ ਸਭਿਆਚਾਰ ਦੀ ਸ਼ਬਦਾਵਲੀ ਦਾ ਇਕ ਵਿਸ਼ੇਸ਼ ਸ਼ਬਦ ਹੈ ਤੇ ਅਸੀਂ ਜਾਣਦੇ ਹਾਂ ਕਿ ਬਾਣੀ ਦੇ ਪਾਠ ਉਪਰੰਤ ਸੰਗਤ ਨੂੰ ਜੋ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਜਾਂਦੀ ਹੈ, ਉਸ ਦੀ ਇਕਾਈ ਨੂੰ ਗੱਫਾ ਕਿਹਾ ਜਾਂਦਾ ਹੈ। ਦੇਗ ਕਦੇ ਕਿਣਕਾ ਕਿਣਕਾ ਤੇ ਕਦੇ ਖੁਲ੍ਹੇ ਗੱਫੇ ਦੇ ਰੂਪ ਵਿਚ ਵਰਤਾਈ ਜਾਂਦੀ ਹੈ। ਖ਼ਿਆਲ ਦੇਗ ਦੀ ਕੁਲ ਮਾਤਰਾ ਦਾ ਰੱਖਿਆ ਜਾਂਦਾ ਹੈ ਤੇ ਮਾਪ ਅਜਿਹਾ ਅਖ਼ਤਿਆਰ ਕੀਤਾ ਜਾਂਦਾ ਹੈ ਕਿ ਕੜਾਹ ਪ੍ਰਸ਼ਾਦਿ ਸਭ ਸੰਗਤ ਨੂੰ ਹੀ ਪ੍ਰਾਪਤ ਹੋ ਜਾਵੇ। ਆਪਣਾ ਕਾਰਜਕਾਲ ਪੂਰਾ ਕਰਨ ਉਪਰੰਤ ਪੰਜਾਬ ਸਰਕਾਰ ਨੇ ਵੀ ਮੁਲਾਜ਼ਮਾਂ ਦੇ ਵੱਖ ਵੱਖ ਵਰਗਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੇ ਵੇਤਨਮਾਨ ਤੇ ਭੱਤੇ ਵਧਾਏ ਹਨ ਤੇ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਇਨ੍ਹਾਂ ਆਰਥਕ ਲਾਭਾਂ ਨੂੰ 'ਗੱਫੇ' ਕਿਹਾ ਗਿਆ ਹੈ। ਚੋਣ ਜ਼ਾਬਤਾ ਲਾਗੂ ਹੁੰਦਿਆਂ ਹੁੰਦਿਆਂ ਵੀ ਪੰਜਾਬ ਸਰਕਾਰ ਨੇ ਗੱਫਿਆਂ ਦੀਆਂ 29 ਨੋਟੀਫਿਕੇਸ਼ਨਾਂ ਜਾਰੀ ਕਰ ਦਿਤੀਆਂ ਹਨ। ਪੰਜਾਬ ਸਰਕਾਰ ਦੀ ਗੱਫਾ ਪ੍ਰਣਾਲੀ ਤੋਂ ਪਹਿਲਾਂ ਸੰਕੇਤ ਤਾਂ ਇਹ ਮਿਲਦਾ ਹੈ ਕਿ ਇਸ ਨੇ ਸਮੇਂ ਸਿਰ ਕੁਝ ਵੀ ਨਹੀਂ ਕੀਤਾ, ਦੂਜਾ ਸੰਕੇਤ ਇਹ ਮਿਲਦਾ ਹੈ ਕਿ ਮੁਲਾਜ਼ਮਾਂ ਨੂੰ ਆਰਥਕ ਲਾਭ ਦੇਣ ਵਿਚ ਦੇਰੀ ਜਾਣ ਬੁੱਝ ਕੇ ਕੀਤੀ ਗਈ ਹੈ ਤਾਂ ਕਿ ਚੋਣਾਂ ਮੌਕੇ ਇਨ੍ਹਾਂ ਵਿੱਤੀ ਲਾਭਾਂ ਨੂੰ ਮੁਲਾਜ਼ਮ ਗੱਫੇ ਸਮਝ ਕੇ ਆਪਣੀ ਜ਼ਮੀਰ ਹਾਕਮ ਪਾਰਟੀ ਦਾ ਗ੍ਰਿਫ਼ਤ ਵਿਚ ਕਰ ਦੇਣ। ਖ਼ੈਰ, ਕੁਝ ਵੀ ਹੋਵੇ ਗੱਫਾ-ਪ੍ਰਣਾਲੀ ਕੋਈ ਚੰਗੀ ਪ੍ਰਸ਼ਾਸਨਿਕ ਜੁਗਤ ਨਹੀਂ ਹੈ। ਗੱਫਾ ਵਰਤਾਉਣ ਸਮੇਂ ਜੇਕਰ ਟਪਲਾ ਲੱਗ ਜਾਵੇ ਤਾਂ ਬਹੁਤ ਸਾਰੀ ਸੰਗਤ ਪ੍ਰਸ਼ਾਦਿ ਤੋਂ ਵਿਰਵੀ ਵੀ ਰਹਿ ਜਾਂਦੀ ਹੈ। ਮੁਲਾਜ਼ਮਾਂ ਨੂੰ ਵਰਤਾਏ ਗੱਫਿਆਂ ਸਮੇਂ ਵੀ ਕੁਝ ਅਜਿਹਾ ਹੀ ਵਾਪਰਿਆ ਹੈ ਕਿਉਂਕਿ ਮੁਲਾਜ਼ਮਾਂ ਦੇ ਕੁਝ ਵਰਗਾਂ ਨੂੰ ਤਾਂ ਲਗਦਾ ਹੈ ਕਿ ਉਨ੍ਹਾਂ ਦੇ ਵਾਰੇ ਨਿਆਰੇ ਹੋ ਗਏ ਹਨ ਜਦਕਿ ਕੁਝ ਹੱਥ ਮਲਦੇ ਹੀ ਰਹਿ ਗਏ ਹਨ।

## ਜ਼ਮੀਨ ਹੇਠਲਾ ਪਾਣੀ ਵਿਚਾਰਾ ਕੀ ਕਰੇ?

ਛੱਪੜ ਪਿੰਡ ਦੀ ਸ਼ਖ਼ਸੀਅਤ ਦਾ ਇਕ ਹਿੱਸਾ ਹੀ ਹੁੰਦੇ ਹਨ। ਜਿੰਨੇ ਵੱਡੇ ਪਿੰਡ ਉਨੇ ਵੱਡੇ ਉਨ੍ਹਾਂ ਦੇ ਛੱਪੜ, ਕਈ ਪਿੰਡਾਂ ਦੇ ਛੱਪੜ ਤਾਂ ਸਰੋਵਰ ਹੋਣ ਦਾ ਭੁਲੇਖਾ ਪਾਉਂਦੇ ਹਨ। ਸਾਊ, ਸਭਿਅਕ ਤੇ ਸਿਆਣੇ ਲੋਕ ਹਨ ਜਿਨ੍ਹਾਂ ਨੇ ਆਪਣੇ ਪਿੰਡਾਂ ਦੀ ਵਿਰਾਸਤ ਅਜੇ ਤਕ ਸੰਭਾਲੀ ਹੋਈ ਹੈ, ਪਰ ਇਹ ਰਿਪੋਰਟ ਨਿਰਾਸ਼ ਕਰਨ ਵਾਲੀ ਹੈ ਕਿ ਛੱਪੜਾਂ ਹੇਠਲਾ 219 ਏਕੜ ਰਕਬਾ ਪੂਰ ਦਿਤਾ ਗਿਆ ਹੈ, ਇਨ੍ਹਾਂ ਉਪਰ ਨਾਜਾਇਜ਼ ਕਬਜ਼ੇ ਕਰ ਲਏ ਗਏ ਹਨ, ਇਹ ਕਬਜ਼ੇ ਨਾ ਕੇਵਲ ਸਰਕਾਰੀ ਸਰਪ੍ਰਸਤੀ ਹੇਠ ਹੋਏ ਹਨ, ਸਗੋਂ ਖ਼ੁਦ ਸਰਕਾਰ ਨੇ ਵੀ ਇਨ੍ਹਾਂ ਉਪਰ ਨਾਜਾਇਜ਼ ਕਬਜ਼ੇ ਕਰ ਕੇ ਉਸਾਰੀਆਂ ਕਰਵਾਈਆਂ ਹਨ। ਇਕ ਰਿਪੋਰਟ ਅਨੁਸਾਰ, 'ਅੰਮ੍ਰਿਤਸਰ ਜ਼ਿਲ੍ਹੇ ਦੇ 9 ਬਲਾਕਾਂ ਅਜਨਾਲਾ, ਚੋਗਾਵਾਂ, ਹਰਸ਼ਾ ਛੀਨਾ, ਜੰਡਿਆਲਾ, ਮਜੀਠਾ, ਰਈਆ, ਤਰਸਿੱਕਾ, ਵੇਰਕਾ ਅਤੇ ਅਟਾਰੀ ਦੇ ਪਿੰਡਾਂ ਦੇ 326 ਵਿਅਕਤੀਆਂ ਨੇ 219 ਏਕੜ ਰਕਬੇ ਵਿਚਲੇ ਛੱਪੜਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ' ਜੇਕਰ ਇਸ ਰਿਪੋਰਟ ਨੂੰ ਪੰਜਾਬ ਉਪਰ ਫੈਲਾਅ ਕੇ ਦੇਖਿਆ ਜਾਵੇ ਤਾਂ ਪੂਰੀ ਸਥਿਤੀ ਹੋਰ ਵੀ ਗੰਭੀਰ ਜਾਪੇਗੀ। ਛੱਪੜ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਠੀਕ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜੇਕਰ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਦਿਨ ਬ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ ਤਾਂ ਇਸ ਦਾ ਇਕ ਕਾਰਨ ਛੱਪੜਾਂ ਦਾ ਪੂਰਿਆ ਜਾਣਾ ਵੀ ਹੈ। ਵਾਤਾਵਰਣ ਪ੍ਰੇਮੀਆਂ ਤੇ ਜਾਗਰੂਕ ਲੋਕਾਂ ਨੂੰ ਹੰਭਲਾ ਮਾਰ ਕੇ ਛੱਪੜਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਤੇ ਬਚੇ ਹੋਏ ਛੱਪੜਾਂ ਨੂੰ ਬਚਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਪੰਜਾਬ ਨੂੰ ਰਾਜਸਥਾਨ ਬਣਨੋ ਬਚਾਇਆ ਜਾ ਸਕੇ।

## ਛੇਕੜਲੀ ਗੱਲ

ਕਿਸੇ ਨੇ ਅਮਲੀ ਨੂੰ ਖ਼ਬ ਸੁਣਾਈ
'ਗੋਲੂ ਅਮਲੀ ਤਾਂ ਚੜ੍ਹਾਈਆਂ ਕਰ ਗਿਆ ਬਾਈ'
'ਉਹ ਕਿਦਾਂ?'
'ਮਾਵਾਂ ਵੱਧ ਛੱਕ ਗਿਆ, ਬਸ ਲੋਰ 'ਚ ਹੀ ਰਹਿ ਗਿਆ, 'ਫੀਮ ਚੰਗੀ ਸੀ'
'ਚੱਲ ਮਰਨਾ ਤਾਂ ਸਭ ਨੇ ਹੈ ਇਕ ਦਿਨ, ਪਰ ਕੇਰਾਂ ਤਾਂ ਨਜ਼ਾਰੇ ਲੈ ਗਿਆ, ਕੇਰਾਂ ਤਾਂ ਲੈ ਗਿਆ ਸਾਲਾ ਮੇਰਾ ਸੁਰਗੀ ਝੂਟੇ।' ਅਮਲੀ ਨੇ ਚਾਮ੍ਹਲ ਕੇ ਕਿਹਾ।
ਉਂਜ ਨਸ਼ਾ ਸੱਤਾ ਦਾ ਵੀ ਕੁਝ ਏਦਾਂ ਦਾ ਹੀ ਹੈ।
ਹੁੰਦੇ ਹਨ, ਹੋ ਜਾਣ ਸਰਕਾਰੀ ਖ਼ਜ਼ਾਨੇ ਖ਼ਾਲੀ,
ਮਰਦੀ ਹੈ, ਪਈ ਮਰਦੀ ਰਹੇ ਦੁਨੀਆ ਭੁੱਖੀ।
ਸਾਡੇ 'ਗੋਲੂ' ਹੁਰੀ ਤਾਂ ਲੈ ਰਹੇ ਹਨ ਸੁਰਗੀ ਝੂਟੇ,
ਹੈਲੀਕਾਪਟਰਾਂ ਦੇ ਹੂਟੇ।

# ਪ੍ਰਮਾਣੂ ਪਲਾਂਟ ਦੁਰਘਟਨਾ : ਹੀਰੋਸ਼ੀਮਾ ਅਜੇ ਤਕ ਜਲ ਰਿਹਾ ਹੈ

ਕੋਈ ਹੋਰ ਨਹੀਂ ਜੋ ਮੇਰੀ ਜਗ੍ਹਾ ਮਰ ਸਕੇ
ਇਸ ਲਈ ਮੈਨੂੰ ਹੀ ਮਰਨਾ ਚਾਹੀਦਾ ਹੈ
ਕਿਸੇ ਹੋਰ ਦੀਆਂ ਹੱਡੀਆਂ ਨਹੀਂ
ਮੈਂ ਖ਼ੁਦ ਆਪਣੀਆਂ ਹੱਡੀਆਂ ਬਣਾਂਗਾ

6 ਅਗਸਤ 1945 ਨੂੰ ਜਾਪਾਨ ਉਪਰ ਪ੍ਰਮਾਣੂ ਬੰਬ ਸੁੱਟ ਕੇ ਅਮਰੀਕਾ ਨੇ ਦੂਜੇ ਵਿਸ਼ਵ ਯੁੱਧ ਨੂੰ ਖ਼ਤਮ ਸਮਝ ਲਿਆ ਸੀ। ਇਸ ਤੋਂ ਮਗਰੋਂ ਵਿਗਿਆਨੀਆਂ ਨੇ ਇਸ ਵਿਨਾਸ਼ਕਾਰੀ ਊਰਜਾ ਨੂੰ ਵਰਦਾਨ ਵਿਚ ਤਬਦੀਲ ਕਰਨ ਦਾ ਇਰਾਦਾ ਧਾਰ ਲਿਆ ਅਤੇ ਪ੍ਰਮਾਣੂ ਊਰਜਾ ਵਾਲੇ ਪਲਾਂਟ ਚੱਲਣ ਲੱਗੇ। ਇਸ ਤੋਂ ਪਹਿਲਾਂ ਦੂਜੇ ਵਿਸ਼ਵ ਯੁੱਧ ਲਈ ਤਿਆਰ ਕੀਤੇ ਗਏ ਖ਼ਤਰਨਾਕ ਰਸਾਇਣਾਂ ਦੀ ਖਪਤ ਕਰਨ ਲਈ ਖੇਤੀ ਨੂੰ ਮਾਧਿਅਮ ਬਣਾਇਆ ਗਿਆ ਅਤੇ ਅੱਜ ਖੇਤੀ ਵਿਚ ਪ੍ਰਯੋਗ ਕੀਤੇ ਜਾਣ ਵਾਲੇ ਲਗਭਗ ਸਾਰੇ ਖ਼ਤਰਨਾਕ ਕੀਟਨਾਸ਼ਕ ਇਨ੍ਹਾਂ ਰਸਾਇਣਾਂ ਦੇ ਹੀ ਸਹਾਇਕ ਉਤਪਾਦ ਹਨ। ਭੋਪਾਲ ਦੇ ਯੂਨੀਅਨ ਕਾਰਬਾਈਡ ਵਿਚ ਹੋਈ ਦੁਰਘਟਨਾ ਨੂੰ ਅਸੀਂ ਦੁਨੀਆ ਦੀਆਂ ਭਿਅੰਕਰ ਉਦਯੋਗਿਕ ਘਟਨਾਵਾਂ ਦੇ ਰੂਪ ਵਿਚ ਪੁਕਾਰਦੇ ਹਾਂ ਪਰ ਇਹ ਵੀ ਕਿਸੇ ਨਾ ਕਿਸੇ ਢੰਗ ਨਾਲ ਦੂਜੇ ਵਿਸ਼ਵ ਯੁੱਧ ਦੀ ਨਿਰੰਤਰਤਾ ਦਾ ਹੀ ਨਤੀਜਾ ਹੈ, ਜਿਸ ਨੇ ਸਭ ਤੋਂ ਪਹਿਲਾਂ ਭਾਰਤ ਦੇ ਭੋਪਾਲ ਵਿਚ, ਉਸ ਤੋਂ ਮਗਰੋਂ ਰੂਸ ਦੇ ਚੇਰਨੋਬਿਲ ਵਿਚ ਅਤੇ ਹੁਣ ਜਾਪਾਨ ਦੇ ਫੂਕੂਸ਼ੀਮਾ ਵਿਚ ਆਪਣੀ ਮੌਜੂਦਗੀ ਦਰਜ ਕਰਾਈ ਹੈ।

ਮੀਡੀਆ ਵਿਚ ਵਧੇਰੇ ਕਰ ਕੇ ਜਾਪਾਨ ਦੇ ਦਾਇਚੀ ਸਥਿਤ ਪ੍ਰਮਾਣੂ ਪਲਾਂਟ ਦੀ ਚਰਚਾ ਹੋਈ ਹੈ ਪਰ ਵਾਸਤਵਿਕਤਾ ਇਹ ਹੈ ਕਿ ਜਾਪਾਨ ਦੇ ਉਤਰ ਪੂਰਬ ਵਿਚ ਸਥਿਤ ਦੋ ਹੋਰ ਪਲਾਂਟਾਂ ਔਨਾਗਾਵਾ ਅਤੇ ਤੋਕਾਈ ਵਿਚ ਵੀ ਠੀਕ ਇਸੇ ਸਮੇਂ ਸਮੱਸਿਆਵਾਂ ਸਾਹਮਣੇ ਆਈਆਂ ਸਨ ਪਰ ਸਮੇਂ ਸਿਰ ਉਨ੍ਹਾਂ ਨੂੰ ਸੰਭਾਲ ਲਿਆ ਗਿਆ। ਪ੍ਰੰਤੂ ਫੂਕੂਸ਼ੀਮਾ ਵਿਚ ਸਥਿਤੀਆਂ ਬੇਕਾਬੂ ਹੁੰਦੀਆਂ ਗਈਆਂ। ਇਥੇ ਇਸ ਗੱਲ 'ਤੇ ਵੀ ਧਿਆਨ ਦੇਣਾ ਜ਼ਰੂਰੀ ਹੈ ਕਿ ਜਾਪਾਨ ਦੇ ਪ੍ਰਮਾਣੂ ਸੁਰੱਖਿਆ ਪ੍ਰਬੰਧ ਦੁਨੀਆ ਵਿਚ ਸਭ ਤੋਂ ਵਧੀਆ ਮੰਨੇ ਜਾਂਦੇ ਹਨ। ਇਹ ਗੱਲ ਫੂਕੂਸ਼ੀਮਾ ਪਲਾਂਟ ਬਾਰੇ ਵੀ ਕਹੀ ਜਾ ਸਕਦੀ ਹੈ। ਇਥੇ ਜੇਕਰ ਇਕ ਸੁਰੱਖਿਆ ਉਪਾਅ ਅਸਫਲ ਹੁੰਦਾ ਹੈ ਤਾਂ ਦੂਜਾ ਆਪਣੇ ਆਪ ਸ਼ੁਰੂ ਹੋ ਜਾਂਦਾ ਹੈ। ਭੁਚਾਲ ਦਾ ਆਭਾਸ ਹੁੰਦਿਆਂ ਹੀ ਇਥੋਂ ਦੇ ਪ੍ਰਮਾਣੂ ਪਲਾਂਟਾਂ ਨੇ ਕੰਮ ਕਰਨਾ ਬੰਦ ਕਰ ਦਿਤਾ ਅਤੇ ਠੀਕ ਉਸੇ ਸਮੇਂ ਡੀਜ਼ਲ ਜਨਰੇਟਰਾਂ ਨੇ ਪ੍ਰਮਾਣੂ ਪਲਾਂਟਾਂ ਨੂੰ ਠੰਢਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿਤੀ। ਜ਼ਿਕਰਯੋਗ ਹੈ ਕਿ ਇਸ ਪ੍ਰਮਾਣੂ ਪਲਾਂਟ ਦਾ ਡਿਜ਼ਾਇਨ ਅਮਰੀਕਾ ਦੀ ਜਨਰਲ ਇਲੈਕ੍ਰਿਟਸ ਨੇ ਕੀਤਾ ਸੀ। ਭਾਰਤ ਦੇ ਮੁੰਬਈ ਸਥਿਤ ਤਾਰਾਪੁਰ ਪਲਾਂਟ ਦਾ ਡਿਜ਼ਾਇਨ ਵੀ ਇਸੇ ਕੰਪਨੀ ਨੇ ਬਣਾਇਆ ਹੈ। ਨਾਲ ਹੀ ਇਨ੍ਹਾਂ ਦੋਨਾਂ ਪਲਾਂਟਾਂ ਵਿਚ ਸਮਾਨਤਾ ਇਹ ਵੀ ਹੈ ਕਿ ਦੋਨਾਂ ਪਲਾਂਟਾਂ ਦੇ ਕਾਰਜਕਾਲ ਦਾ ਸਮਾਂ 10 ਸਾਲ ਲਈ ਵਧਾਇਆ ਗਿਆ ਹੈ।

26 ਅਪ੍ਰੈਲ 1986 ਨੂੰ ਚੇਰਨੋਬਿਲ ਵਿਚ ਹੋਈ ਦੁਰਘਟਨਾ ਦੇ ਬਾਅਦ ਇਸ ਦਾ ਜ਼ੁੰਮੇਵਾਰ ਰੂਸ ਦੀ ਲਾਪ੍ਰਵਾਹ ਨੌਕਰਸ਼ਾਹੀ ਨੂੰ ਠਹਿਰਾਇਆ ਜਾ ਰਿਹਾ ਸੀ। ਲੇਕਿਨ ਜਾਪਾਨ ਉਪਰ ਤਾਂ ਅਜਿਹਾ ਕੋਈ ਦੋਸ਼ ਨਹੀਂ ਹੈ। ਇਸ ਤੋਂ ਇਕ ਗੱਲ ਬਿਲਕੁਲ ਸਾਫ ਹੋ ਜਾਂਦੀ ਹੈ ਕਿ ਕੁਦਰਤੀ ਆਫਤਾਂ ਤੋਂ ਹੋਣ ਵਾਲੀ ਹਾਨੀ ਦਾ ਪੂਰਵਅਨੁਮਾਨ ਲਾਉਣਾ ਅਸੰਭਵ ਹੈ ਅਤੇ ਇਨ੍ਹਾਂ ਆਫਤਾਂ ਤੋਂ ਕੋਈ ਸੁਰੱਖਿਅਤ ਨਹੀਂ ਹੈ, ਇਥੋਂ ਤਕ ਕਿ ਦੁਨੀਆ ਦੀ ਸਭ ਤੋਂ ਹਾਈਟੈਕ ਪ੍ਰਮਾਣੂ ਤਕਨਾਲੌਜੀ ਵੀ। ਚੇਰਨੋਬਿਲ ਵਿਚ ਹੋਈ ਦੁਰਘਟਲਾ ਦੇ ਕਰੀਬ 15 ਦਿਨ ਬਾਅਦ 10 ਮਈ 1986 ਦੇ ਆਸ ਪਾਸ ਭਾਰਤ ਵਿਚ ਕਲਪਕਮ ਅਤੇ ਕੁੰਦਨਕੂਲਮ ਪ੍ਰਮਾਣੂ ਪਲਾਂਟ ਦੀਆਂ ਭੌਤਿਕ ਸਵਾਸਥ ਪ੍ਰਯੋਗਸ਼ਾਲਾਵਾਂ ਵਿਚ ਵਾਧੂ ਪ੍ਰਮਾਣੂ ਵਿਕਰਣ (ਰੇਡੀਓ ਐਕਟਿਵ ਆਯੋਡੀਨ) ਦੇ ਤੱਤ ਪਾਏ ਗਏ। ਉਧਰ ਫੁਕਸ਼ੀਮਾ ਪ੍ਰਮਾਣੂ ਪਲਾਂਟ ਵਿਚੋਂ ਨਿਕਲੀ ਰੇਡੀਓ ਐਕਟੀਵਿਟੀ 800 ਕਿਲੋਮੀਟਰ ਦੂਰ ਰੂਸ ਸਥਿਤ ਵਲਾਦੀਵੋਸਤਕ ਵਿਚ ਪਹੁੰਚ ਚੁੱਕੀ ਹੈ। ਰੇਡੀਓ ਐਕਟੀਵਿਟੀ ਦਾ ਉਥੇ ਪਹੁੰਚਣਾ, ਦੁਨੀਆ ਦੀ ਇਕ ਸੈਨਿਕ ਮਹਾਂਸ਼ਕਤੀ ਰੂਸ ਅਤੇ ਆਰਥਕ ਮਹਾਂਸ਼ਕਤੀ ਜਾਪਾਨ ਜੋ ਕਿ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਹੈ, ਨੂੰ ਚੇਤਾਵਨੀ ਦੇ ਰਿਹਾ ਹੈ ਕਿ ਹੁਣ ਮਾਨਵਤਾ ਨੂੰ ਬਚਾਉਣ ਲਈ ਸੈਨਿਕ ਅਤੇ ਆਰਥਕ ਮਹਾਂਸ਼ਕਤੀ ਬਣਨ ਦੇ ਇਲਾਵਾ ਕੁਝ ਹੋਰ ਹੀ ਹੋਣਾ ਪਵੇਗਾ ਪਰ ਅਮਰੀਕਾ ਅਜੇ ਵੀ ਆਪਣੇ ਪੱਤੇ ਨਹੀਂ ਖੋਲ੍ਹ ਰਿਹਾ ਹੈ। ਉਂਜ ਅਮਰੀਕਾ ਹਮੇਸ਼ਾ 'ਸੇਫ' ਬਣਿਆ ਰਹਿੰਦਾ ਹੈ। ਜਾਪਾਨ ਦੀ ਸੁਰੱਖਿਆ ਦਾ ਜ਼ਿੰਮਾ ਵੀ ਉਸ ਨੇ ਲੈ ਰੱਖਿਆ ਹੈ। ਪਰ ਉਹ ਜਾਣਦਾ ਹੈ ਕਿ ਦੁਰਘਟਨਾਵਾਂ ਤਾਂ ਅਚਾਨਕ ਹੁੰਦੀਆਂ ਹਨ। ਇਸ ਲਈ ਉਸ ਨੇ ਆਪਣੇ ਸੱਤਵੇਂ ਬੇੜੇ ਨੂੰ ਜਾਪਾਨ ਦੀ ਸਮੁੰਦਰੀ ਸੀਮਾ ਤੋਂ 100 ਮੀਲ ਦੂਰ ਸਥਾਪਤ ਕਰ ਰੱਖਿਆ ਹੈ ਕਿਉਂਕਿ ਇਨ੍ਹਾਂ ਪ੍ਰਮਾਣੂ ਪਲਾਂਟਾਂ ਵਿਚ ਦੁਰਘਟਨਾਵਾਂ ਦਾ ਸਭ ਤੋਂ ਜ਼ਿਆਦਾ ਅਸਰ 18 ਤੋਂ 32 ਮੀਲ ਦੇ ਦਾਇਰੇ ਵਿਚ ਹੁੰਦਾ ਹੈ। ਇਸ ਸੱਤਵੇਂ ਬੇੜੇ ਵਿਚ 50-60 ਸਮੁੰਦਰੀ ਜਹਾਜ਼ ਅਤੇ 60 ਹਜ਼ਾਰ ਸੈਨਿਕ ਹਨ। ਜਿਉਂ ਹੀ ਉਨ੍ਹਾਂ ਨੂੰ ਦੁਰਘਟਨਾ ਦੀ ਖ਼ਬਰ ਮਿਲੀ ਉਹ ਹਵਾ ਤੋਂ ਉਲਟੀ ਦਿਸ਼ਾ ਵੱਲ ਚਲ ਪਏ ਅਤੇ ਉਨ੍ਹਾਂ 'ਤੇ ਨਿਰਭਰ ਜਾਪਾਨ ਹੱਕਾ ਬੱਕਾ ਖੜਾ ਰਹਿ ਗਿਆ। ਇੰਨਾ ਹੀ ਨਹੀਂ ਇਸ ਦੌਰਾਨ ਹੈਲੀਕਾਪਟਰ 'ਤੇ ਦੌਰਾ ਕਰਨ ਆਏ 'ਮਾਹਰਾਂ' ਨੇ ਫੁਰਮਾਇਆ ਕਿ ਪ੍ਰਮਾਣੂ ਵਿਕਰਣ ਇੰਨਾ ਘੱਟ ਹੈ ਕਿ ਇਹ 'ਸਾਬਣ ਅਤੇ ਪਾਣੀ' ਨਾਲ ਦੂਰ ਕੀਤਾ ਜਾ ਸਕਦਾ ਹੈ (ਵੈਸੇ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਅਮਰੀਕੀ ਸੈਨਾ ਜਾਪਾਨ ਦੀ ਸੀਮਾ ਤੋਂ ਬਾਹਰ ਗਈ ਹੈ) ਯਾਦ ਕਰੋ, ਅਜਿਹੀ ਹੀ ਸਲਾਹ ਭੋਪਾਲ ਸਥਿਤ ਯੂਨੀਅਨ ਕਾਰਬਾਈਡ ਵਿਚ ਹੋਈ ਦੁਰਘਟਨਾ ਤੋਂ ਬਾਅਦ ਵੀ ਦਿਤੀ ਗਈ ਸੀ।

ਕਿਸੇ ਸਿੱਟੇ 'ਤੇ ਪਹੁੰਚਣ ਤੋਂ ਪਹਿਲਾਂ ਪ੍ਰਮਾਣੂ ਊਰਜਾ ਦੇ ਕੁਝ ਹੋਰ ਤੱਥਾਂ 'ਤੇ ਧਿਆਨ ਦੇਣਾ ਵੀ ਜ਼ਰੂਰੀ ਹੈ।



1 ਮੂਲ ਯੂਰੇਨੀਅਮ ਵਿਖੰਡਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਨ ਮਗਰੋਂ ਇਕ ਅਰਬ ਗੁਣਾ ਜ਼ਿਆਦਾ ਰੇਡੀਓ ਐਕਟਿਵ ਹੋ ਜਾਂਦਾ ਹੈ ਅਤੇ ਇਕ ਹਜ਼ਾਰ ਮੈਗਾਵਾਟ ਵਾਲੇ ਪ੍ਰਮਾਣੂ ਭੱਠੀ ਦੇ ਪਿਘਲਣ 'ਤੇ ਹੀਰੋਸ਼ੀਮਾ ਉਪਰ ਸੁੱਟੇ ਗਏ ਬੰਬ ਵਰਗੇ 1000 ਬੰਬਾਂ ਜਿੰਨਾ ਭਿਆਨਕ ਵਿਸਫੋਟ ਹੋਵੇਗਾ।

2 ਪ੍ਰਮਾਣੂ ਊਰਜਾ ਉਤਪਾਦਨ ਵਿਚ ਵਰਤੀਆਂ ਜਾਣ ਵਾਲੀਆਂ ਛੜਾਂ ਇੰਨੀਆ ਗਰਮ ਹੁੰਦੀਆਂ ਹਨ ਕਿ ਵਰਤੋਂ ਤੋਂ ਬਾਅਦ ਉਨ੍ਹਾਂ ਨੂੰ ਠੰਢਾ ਹੋਣ ਵਿਚ 30 ਤੋਂ 60 ਸਾਲ ਲਗਦੇ ਹਨ ਅਤੇ ਇਸ ਦੌਰਾਨ ਉਨ੍ਹਾਂ ਨੂੰ ਬਹੁਤ ਹੀ ਮਜ਼ਬੂਤ ਇਮਾਰਤ ਵਿਚ ਰੱਖ ਕੇ ਉਨ੍ਹਾਂ ਉਪਰ ਲਗਾਤਾਰ ਪਾਣੀ ਅਤੇ ਹਵਾ ਪਾਉਂਦੇ ਰਹਿਣਾ ਜ਼ਰੂਰੀ ਹੈ।

3 ਵਿਕਿਰਣ ਦੀ ਚਪੇਟ ਵਿਚ ਆ ਜਾਣ 'ਤੇ ਬੱਚਿਆਂ ਵਿਚ 300 ਦਿਨਾਂ ਦੇ ਬਾਅਦ ਸਰੀਰਕ ਵਿਗਾੜ, ਖ਼ੂਨ ਤੇ ਬਾਈਰਾਈਡ ਕੈਂਸਰ ਸਾਹਮਣੇ ਆਉਂਦਾ ਹੈ। ਵੱਡਿਆਂ ਵਿਚ 2 ਤੋਂ 5 ਸਾਲ ਦੇ ਬਾਅਦ ਇਸ ਦਾ ਪਤਾ ਲਗਦਾ ਹੈ। ਨਾਲ ਹੀ ਦਿਲ ਦੇ ਰੋਗ ਵੀ ਵੱਡੀ ਮਾਤਰਾ 'ਚ ਲੋਕਾਂ ਨੂੰ ਜਕੜ ਵਿਚ ਲੈ ਲੈਂਦੇ ਹਨ।

ਚਾਲੂ ਪਲਾਂਟ ਨੂੰ ਠੰਢਾ ਰੱਖਣ ਲਈ ਪ੍ਰਤੀ ਮਿੰਟ 10 ਲੱਖ ਗੈਲਨ ਪਾਣੀ ਦੀ ਲੋੜ ਪੈਂਦੀ ਹੈ। ਪਾਣੀ ਦੀ ਸਪਲਾਈ ਵਿਚ ਇਕ ਮਿੰਟ ਤੋਂ ਵੀ ਘੱਟ ਦੀ ਰੁਕਾਵਟ ਆਉਣ 'ਤੇ ਇਸ ਦਾ ਤਾਪਮਾਨ 5 ਹਜ਼ਾਰ ਡਿਗਰੀ ਫਾਰਨਹਾਈਟ 'ਤੇ ਪਹੁੰਚ ਜਾਵੇਗਾ। ਜਿਸ ਨਾਲ ਸਿਰਫ ਸੀਮੇਂਟ ਦਾ ਕੰਕਰੀਟ ਢਾਂਚਾ ਹੀ ਨਹੀਂ ਬਲਕਿ ਉਸ ਦੇ ਹੇਠਲੀ ਧਰਤੀ ਵੀ ਪਿਘਲ ਜਾਂਦੀ ਹੈ। ਕਹਿਣ ਤੋਂ ਭਾਵ ਹੈ ਕਿ ਤੁਹਾਡੇ ਕੋਲ ਸੰਭਲਣ ਲਈ ਇਕ ਮਿੰਟ ਤੋਂ ਵੀ ਘੱਟ ਸਮਾਂ ਹੈ। ਇਸ ਤੋਂ ਇਸ ਦੀ ਸਮਰੱਥਾ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਅਤੇ ਇਨ੍ਹਾਂ ਦੇ ਸਮੁੰਦਰ ਕਿਨਾਰੇ ਸਥਾਪਤ ਕਰਨ ਦੀ ਉਚਿਤਤਾ ਨੂੰ ਵੀ ਸਿੱਧ ਕੀਤਾ ਜਾ ਸਕਦਾ ਹੈ। ਪ੍ਰੰਤੂ ਭਾਰਤ ਵਿਚ ਇਨ੍ਹਾਂ ਨੂੰ ਨਾ ਕੇਵਲ ਸਮੁੰਦਰ ਕਿਨਾਰੇ ਬਲਕਿ ਮੱਧ ਵਿਚ ਵੀ ਉਸਾਰਿਆ ਜਾ ਰਿਹਾ ਹੈ ਅਤੇ ਪਾਣੀ ਦੀ ਘਟਦੀ ਉਪਲਬਧਤਾ ਭਾਰਤ ਵਿਚ ਕਿਸ ਪਲਾਂਟ ਨੂੰ ਕਦੋਂ ਫੂਕੂਸ਼ੀਮਾ ਬਣਾ ਦੇਵੇਗੀ ਕਿਹਾ ਨਹੀਂ ਜਾ ਸਕਦਾ। ਉਧਰ ਸਮੁੰਦਰੀ ਤੱਟਾਂ ਉਪਰ ਵਰਤਮਾਨ ਵਿਚ ਕੰਮ ਕਰ ਰਹੇ ਅਤੇ ਪ੍ਰਸਤਾਵਿਤ ਪ੍ਰਮਾਣੂ ਪਲਾਂਟਾਂ ਵੱਲ ਧਿਆਨ ਮਾਰੀਏ ਤਾਂ ਸਥਿਤੀ ਦੀ ਨਜ਼ਾਕਤ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਭਾਰਤ ਵਿਚ ਹਿੰਦ ਮਹਾਂਸਾਗਰ, ਅਰਬ ਸਾਗਰ ਅਤੇ ਪ੍ਰਸ਼ਾਂਤ ਮਹਾਂਸਾਗਰ ਆ ਕੇ ਮਿਲਦੇ ਹਨ। ਧਿਆਨ ਮਾਰੀਏ ਤਾਂ ਪਤਾ ਲਗਦਾ ਹੈ ਕਿ ਹਿੰਦ ਮਹਾਂਸਾਗਰ ਦੇ ਖੇਤਰ ਵਿਚ ਤਾਮਿਲਨਾਡੂ ਦੇ ਕੁੰਦਨ ਕੁਲਮ, ਕਰਨਾਟਕ ਦੇ ਕੈਗਾ, ਮਹਾਂ ਰਾਸ਼ਟਰ ਦੇ ਜੈਤਾਪੁਰ ਵਿਚ ਕਲਪਕਮ, ਆਂਧਰਾ ਪ੍ਰਦੇਸ਼ ਵਿਚ ਕੋਵਾਦਾ ਅਤੇ ਪੱਛਮੀ ਬੰਗਾਲ ਵਿਚ ਹਰੀਪੁਰ ਵਿਚ ਅਤੇ ਅਰਬ ਸਾਗਰ ਦੇ ਨੇੜੇ ਗੁਜਰਾਤ ਵਿਚ ਮਿੱਠੀ ਵਿਦਰੀ ਅਤੇ ਕਾਕਰਾਪਾਰਾ ਵਿਚ ਇਨ੍ਹਾਂ ਪਲਾਂਟਾਂ ਦੀ ਸਥਾਪਨਾ ਜਾਂ ਤਾਂ ਹੋ ਚੁੱਕੀ ਹੈ ਜਾਂ ਵਿਚਾਰ ਅਧੀਨ ਹੈ। ਇਸ ਤਰ੍ਹਾਂ ਭਾਰਤ ਦਾ ਕੋਈ ਵੀ ਹਿੱਸਾ ਹੁਣ ਪੂਰਨ ਰੂਪ ਵਿਚ ਸੁਰੱਖਿਅਤ ਨਹੀਂ ਬਚਿਆ ਹੈ।

ਪੀਟਰ ਹੇਡਫੀਲਡ ਨੇ ਸੰਨ 1991 ਵਿਚ ਇਕ ਪੁਸਤਕ ਲਿਖੀ ਸੀ 'ਸੱਠ ਸੈਕੇਂਡ ਜੋ ਦੁਨੀਆ ਬਦਲ ਦੇਣਗੇ'। ਇਸ ਪੁਸਤਕ ਵਿਚ ਉਨ੍ਹਾਂ ਨੇ ਟੋਕੀਓ ਦੇ ਆਸ ਪਾਸ ਆਏ ਭਿਅੰਕਰ ਭੁਚਾਲ ਦੇ ਬਾਅਦ ਦੁਨੀਆ ਭਰ ਵਿਚ ਆਉਣ ਵਾਲੇ ਪਰਿਵਰਤਨਾਂ ਦਾ ਪੂਰਵਅਨੁਮਾਨ ਲਾਉਂਦੇ ਹੋਏ ਲਿਖਿਆ ਸੀ, "ਇਸ ਨਾਲ ਬਾਕੀ ਦਾ ਵਿਸ਼ਵ ਜਾਪਾਨ ਨਾਲੋਂ ਵੀ ਜ਼ਿਆਦਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਅੱਜ 20 ਸਾਲ ਬਾਅਦ ਉਨ੍ਹਾਂ ਦੀ ਗੱਲ ਸ਼ਬਦ-ਸ਼ਬਦ ਸੱਚ ਸਾਬਤ ਹੋ ਰਹੀ ਹੈ। ਭਾਰਤ ਜੋ ਕਿ ਪਹਿਲਾਂ ਕੈਗਾ ਅਤੇ ਨਰੋਰਾ ਪ੍ਰਮਾਣੂ ਬਿਜਲੀ ਘਰਾਂ ਵਿਚ ਛੋਟੀਆਂ ਦੁਰਘਟਨਾਵਾਂ ਦਾ ਸ਼ਿਕਾਰ ਹੋ ਚੁੱਕਾ ਹੈ, ਜਾਪਾਨ ਵਿਚ ਹੋਈ ਦੁਰਘਟਨਾ ਤੋਂ ਸਬਕ ਲੈਣ ਲਈ ਤਿਆਰ ਨਹੀਂ ਹੈ। ਮੰਤਰਾਲਿਆਂ ਦੀ ਆਪਸੀ ਖਿੱਚੋਤਾਣ ਅਤੇ ਪ੍ਰਧਾਨ ਮੰਤਰੀ ਦੇ ਵਿਅਕਤੀਗਤ ਹੱਠ ਦੇ ਅਗੇ ਪੂਰਾ ਭਾਰਤ ਝੁਕਿਆ ਜਿਹਾ ਨਜ਼ਰ ਆ ਰਿਹਾ ਹੈ। ਅਮਰੀਕਾ ਨਾਲ ਹੋ ਰਹੇ ਪ੍ਰਮਾਣੂ ਸਮਝੌਤੇ ਦੇ ਸਮੇਂ ਅਨੇਕ ਸੰਗਠਨਾਂ ਅਤੇ ਵਿਅਕਤੀਆਂ ਨੇ ਪ੍ਰਮਾਣੂ ਊਰਜਾ ਦੇ ਖ਼ਤਰਿਆਂ ਵੱਲ ਵੀ ਧਿਆਨ ਦੁਆਇਆ ਸੀ ਪਰ ਸਾਨੂੰ ਇਹ ਮੰਨਣ ਲਈ ਮਜਬੂਰ ਕਰ ਦਿਤਾ ਗਿਆ ਕਿ ਪ੍ਰਮਾਣੂ ਨੂੰ ਮਹਿਜ਼ ਇਕ ਦੁਰਘਟਨਾ ਦੀ ਤਰ੍ਹਾਂ ਲੈਣ ਨਾਲ ਗੱਲ ਨਹੀਂ ਬਣੇਗੀ। ਇਸ ਨੂੰ ਇਕ ਚੇਤਾਵਨੀ ਦੇ ਰੂਪ ਵਿਚ ਲੈਣਾ ਹੋਵੇਗਾ ਅਤੇ ਸਾਰੀਆਂ ਤਬਾਹਕੁਨ ਤਕਨੀਕਾਂ ਦੇ ਇਸਤੇਮਾਲ ਉਪਰ ਪੁਨਰ ਵਿਚਾਰ ਕਰਨਾ ਹੋਵੇਗਾ।

ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਜੀਵਨਸ਼ੈਲੀ ਅਤੇ ਉਪਭੋਗਤਾਵਾਦੀ ਦ੍ਰਿਸ਼ਟੀ ਵਿਚ ਤਬਦੀਲੀ ਲਿਆਈਏ। ਜਾਪਾਨ ਵਿਚ ਹੋਈ ਪ੍ਰਮਾਣੂ ਦੁਰਘਟਨਾ ਦੇ ਬਾਅਦ ਜਾਪਾਨ ਸਰਕਾਰ ਦੀ ਪਹਿਲੀ ਸਲਾਹ ਇਹ ਸੀ ਕਿ ਏਅਰ ਕੰਡੀਸ਼ਨਰ ਨਾ ਚਲਾਏ ਜਾਣ। ਫੈਜ਼ ਅਹਿਮਦ ਫੈਜ਼ ਨੇ ਲਿਖਿਆ ਹੈ :

ਹਰ ਇਕ ਦੌਰ ਮੇਂ, ਹਰ ਜ਼ਮਾਨੇ ਮੇਂ ਹਮ
ਜ਼ਹਿਰ ਪੀਤੇ ਰਹੇ, ਗੀਤ ਗਾਤੇ ਰਹੇ
ਜਾਨ ਦੇਤੇ ਰਹੇ, ਜ਼ਿੰਦਗੀ ਕੇ ਲੀਏ।

ਉਧਰ ਜਾਪਾਨੀ ਕਵੀ ਤਾਕੀਨਾਵਾ ਵੀ ਆਪਣੀ ਹੀ ਹੱਡੀ ਬਣਨ ਦੀ ਗੱਲ ਕਰਦੇ ਹਨ। ਮਹਾਤਮਾ ਗਾਂਧੀ ਨੇ ਬਹੁਤ ਪਹਿਲਾਂ ਟੀਚੇ ਲਈ ਸਾਧਨ ਦੀ ਪਵਿੱਤਰਤਾ ਦਾ ਸਿਧਾਂਤ ਬਣਾ ਦਿਤਾ ਸੀ। ਹੁਣ ਇਹ ਸਾਡੇ ਉਪਰ ਹੈ ਕਿ ਅਸੀਂ ਉਸ ਬਾਰੇ ਕੀ ਸੋਚਦੇ ਹਾਂ। ਪ੍ਰੰਤੂ ਅਸੀਂ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਤਾਂ ਜ਼ਰੂਰ ਹੀ ਸੋਚਦੇ ਹਾਂ ਤਾਂ ਸੋਚੋ ਕਿ ਉਹ ਕਿਵੇਂ ਇਕ ਸੁਰੱਖਿਅਤ, ਸ਼ਾਂਤ ਤੇ ਸਹਿਜ ਜੀਵਨ ਜੀ ਸਕਦੇ ਹਨ।

ਚਿਨਮਯ ਮਿਸ਼ਨ

127 Millbourne Rd. East
Edmonton, Alberta
T6K 1P6
Hours of Operation
Monday to Friday: 10 am - 7 pm
Saturday: 10 am - 3 pm
Sunday and Holidays: Closed
780-461-8648

Get Accu-Pak™ working for you.
✔ Are you on 3 or more prescriptions?
✔ Do you occasionally miss a dose?
✔ Are you getting the most from your medications?
Medicine Shoppe's exclusive Accu-Pak™ is prepared with each dose clearly marked with time and day. Contact your Medicine Shoppe pharmacist to get the Accu-Pak™ working for you.




FREE Delivery
Call for details.

WOW! $1.99 each


Rexall Brand
Acetaminophen Tablets or Caplets
100's • Regular or Extra Strength
Limit 2 per customer. Must present coupon. Offer expires 01/31/2012.


Jasbir Bhui, B.Sc. Pharm.
Pharmacist / Owner



## 1 ਅੰਨਾ ਹਜ਼ਾਰੇ

ਰਾਲੇਗਣ ਸਿੱਧੀ ਦਾ ਜੀਵਨ ਬਦਲਣ ਮਗਰੋਂ ਦੇਸ਼ ਦੀ ਤਸਵੀਰ ਬਦਲਣ ਨਿਕਲੇ 74 ਸਾਲਾ ਕਿਸ਼ਨ ਬਾਪਟ ਬਾਬੂਰਾਓ ਹਜ਼ਾਰੇ (ਅੰਨਾ ਹਜ਼ਾਰੇ) 5 ਅਪਰੈਲ 2011 ਨੂੰ ਨਵੀਂ ਦਿੱਲੀ ਵਿਚ ਵਰਤ 'ਤੇ ਕੀ ਬੈਠੇ, ਪੂਰਾ ਦੇਸ਼ ਉਨ੍ਹਾਂ ਨਾਲ ਤੁਰ ਪਿਆ। ਭ੍ਰਿਸ਼ਟਾਚਾਰ ਦੀ ਇਸ ਲੜਾਈ ਵਿਚ ਉਨ੍ਹਾਂ ਦਾ ਹਥਿਆਰ ਬਣਿਆ, ਆਮ ਲੋਕਾਂ ਨਾਲ ਸੰਵਾਦ ਤੇ ਗਾਂਧੀ ਦੇ ਸਿਧਾਂਤਾਂ ਦਾ ਪਾਲਣ। ਟਾਈਮ ਮੈਗਜ਼ੀਨ ਨੇ ਵੀ ਉਨ੍ਹਾਂ ਦੇ ਅੰਦੋਲਨ ਨੂੰ ਦੁਨੀਆ ਦੇ ਚੋਟੀ ਦੇ ਦਸ ਪ੍ਰਭਾਵਸ਼ਾਲੀ ਖ਼ਬਰਾਂ ਵਿਚ ਸ਼ਾਮਲ ਕੀਤਾ ਹੈ।



## 2 ਬਾਬਾ ਰਾਮਦੇਵ

ਆਪਣੇ ਯੋਗ ਲਈ ਦੁਨੀਆ ਭਰ ਵਿਚ ਮਸ਼ਹੂਰ ਬਾਬਾ ਰਾਮਦੇਵ ਨੇ ਵਿਦੇਸ਼ਾਂ ਦੇ ਬੈਂਕਾਂ ਵਿਚ ਬੰਦ ਦੇਸ਼ ਦੇ ਕਾਲੇ ਧਨ ਦੀ ਵਾਪਸੀ ਲਈ ਅੰਦੋਲਨ ਛੇੜਿਆ ਤਾਂ ਆਮ ਜਨਤਾ ਵੀ ਉਨ੍ਹਾਂ ਦੇ ਨਾਲ ਹੋ ਗਈ। ਪਰ 4 ਜੂਨ 2011 ਦੀ ਰਾਤ ਦਿੱਲੀ ਪੁਲੀਸ ਨੇ ਰਾਮਲੀਲਾ ਮੈਦਾਨ ਵਿਚ ਬਾਬਾ ਦੇ ਸਮਰਥਕਾਂ 'ਤੇ ਜੰਮ ਕੇ ਲਾਠੀਆਂ ਵਰ੍ਹਾਈਆਂ ਤੇ ਅੰਦੋਲਨ ਜਬਰੀ ਖ਼ਤਮ ਕਰਵਾ ਦਿੱਤਾ।



## 3 ਆਂਗ ਸਾਂਗ ਸੂ ਕੀ

ਫੌਜੀ ਸ਼ਾਸਨ ਲਈ ਬਦਨਾਮ ਰਹੇ ਮਿਆਂਮਾਰ ਵਿਚ ਆਂਗ ਸਾਂਗ ਸੂ ਕੀ ਲੋਕਤੰਤਰ ਦੀ ਉਮੀਦ ਵਾਂਗ ਹੈ। ਉਨ੍ਹਾਂ ਦੇ ਹੀ ਯਤਨਾਂ ਨਾਲ ਜੁੰਟਾ ਦੇ ਫੌਜੀ ਸ਼ਾਸਨ ਦੀ ਵਿਦਾਈ ਹੋਈ। ਅਗਲੇ ਸਾਲ ਦੀਆਂ ਜ਼ਿਮਨੀ ਚੋਣਾਂ ਵਿਚ ਆਂਗ ਵੀ ਆਪਣੀ ਸਿਆਸੀ ਦਾਅਵੇਦਾਰੀ ਪੇਸ਼ ਕਰ ਰਹੀ ਹੈ। ਭਾਵ ਮਿਆਂਮਾਰ ਲੋਕਤੰਤਰ ਵਲ ਕਦਮ ਵਧਾ ਚੁੱਕਾ ਹੈ।



## 4 ਈਰੋਮ ਸ਼ਰਮੀਲਾ

ਸਸ਼ਤਰ ਬਲ ਵਿਸ਼ੇਸ਼ ਅਧਿਕਾਰ ਕਾਨੂੰਨ ਖ਼ਿਲਾਫ਼ ਮਣੀਪੁਰ ਦੀ ਈਰੋਮ ਸ਼ਰਮੀਲਾ 11 ਸਾਲ ਤੋਂ ਵਰਤ 'ਤੇ ਹੈ। ਮਾਂ ਸਖੀ ਦੇਵੀ ਕਹਿੰਦੀ ਹੈ ਕਿ ਮਹਿਲਾ ਅਧਿਕਾਰਾਂ ਦੀ ਵਕਾਲਤ ਕਰ ਉਹ ਉਹ ਉਨ੍ਹਾਂ ਸਾਰੀਆਂ ਮਾਵਾਂ ਦਾ ਕਰਜ਼ ਵਾਪਸ ਕਰ ਰਹੀ ਹੈ, ਜਿਨ੍ਹਾਂ ਦਾ ਦੁੱਧ ਉਸ ਨੇ ਪੀਤਾ ਹੈ। ਕਿਉਂਕਿ ਜਦੋਂ ਈਰੋਮ ਦਾ ਜਨਮ ਹੋਇਆ ਸੀ, ਤਾਂ ਸਖੀ ਦਾ ਦੁੱਧ ਸੁੱਕ ਚੁੱਕਾ ਸੀ।

# ਇਸ ਗੁੱਸੇ ਨੂੰ ਸੁਣਨਾ ਸਿੱਖੋ...

ਦੁਨੀਆ ਵਿਚ ਜਿਵੇਂ ਸਭ ਕੁਝ ਠਹਿਰਿਆ ਜਿਹਾ ਹੋਇਆ ਸੀ। ਕਈ ਮੁਲਕਾਂ ਵਿਚ ਸ਼ਾਸਕ ਸਾਲਾਂ ਤੋਂ ਸੱਤਾ ਨੂੰ ਆਪਣੇ ਹੱਥਾਂ ਵਿਚ ਇਸ ਤਰ੍ਹਾਂ ਲਈ ਬੈਠੇ ਸਨ ਕਿ ਲਗਦਾ ਸੀ ਕਦੇ ਲੋਕ ਇਨ੍ਹਾਂ ਤੋਂ ਮੁਕਤੀ ਨਹੀਂ ਪਾ ਸਕਣਗੇ। ਜਿਸ ਤਰ੍ਹਾਂ ਸੱਤਾ ਦਾ ਜ਼ੋਰ ਸੀ, ਉਸ ਤੋਂ ਕਦੇ ਅਜਿਹਾ ਨਹੀਂ ਲਗਦਾ ਸੀ ਕਿ ਇਨ੍ਹਾਂ ਮੁਲਕਾਂ ਵਿਚ ਵੀ ਕੋਈ ਆਵਾਜ਼, ਚਿੰਗਾਰੀ ਉਠੇਗੀ। ਪਰ ਸਮਾਂ ਬਦਲਿਆ ਤੇ ਦੇਖਦੇ ਹੀ ਦੇਖਦੇ ਕੁਝ ਸ਼ਾਸਕਾਂ ਨੂੰ ਤਖ਼ਤ ਤੋਂ ਖਿਚਿਆ ਗਿਆ। ਕਈਆਂ ਦੇ ਖਿਲਾਫ਼ ਬਗ਼ਾਵਤ ਦੇ ਬਿਗੁਲ ਵੱਜੇ। ਪਰ ਕੀ ਇਹ ਮੰਨੀਏ ਕਿ ਇਹ ਸਭ ਅਚਾਨਕ ਹੋਇਆ ਜਾਂ ਇਹ ਸਭ ਤੈਅ ਸੀ? ਟਿਊਨੀਸ਼ੀਆ ਦੀ ਜੈਸਮੀਨ ਕ੍ਰਾਂਤੀ, ਮਿਸਰ ਵਿਚ ਹੋਸਨੀ ਮੁਬਾਰਕ ਦੇ ਖ਼ਿਲਾਫ਼ ਵਿਦਰੋਹ ਤੇ ਸੀਰੀਆ, ਬਹਿਰੀਨ, ਅਲਜ਼ੀਰੀਆ ਤੋਂ ਲੈ ਕੇ ਲਿਬੀਆ ਤਕ ਜੋ ਅੱਗ ਪਹੁੰਚੀ ਹੈ, ਉਸ ਤੋਂ ਸਾਫ ਝਲਕਦਾ ਹੈ ਕਿ ਵਿਦਰੋਹ ਲਈ ਲੋਕਾਂ ਦੇ ਮਨ ਵਿਚ ਸਾਲਾਂ ਤੋਂ ਲਾਵਾ ਬਣ ਰਿਹਾ ਸੀ ਤੇ ਲੋਕਾਂ ਵਿਚ ਜਥੇਬੰਦ ਹੋ ਕੇ ਵਿਦਰੋਹ ਕਰਨ ਦੀ ਤਾਕਤ ਬਣ ਰਹੀ ਸੀ। ਇਹ ਮੰਨ ਲਓ ਕਿ ਜ਼ੁਲਮ ਸਹਿੰਦੇ-ਸਹਿੰਦੇ ਜਦੋਂ ਕੁਝ ਨਹੀਂ ਬਚਦਾ ਤਾਂ ਵਿਅਕਤੀ ਤੇ ਸਮਾਜ ਫੈਸਲੇ ਦੇ ਮੂਡ ਵਿਚ ਆ ਜਾਂਦੇ ਹਨ। ਬਸ ਉਸ ਨੂੰ ਇਕ ਵੱਡੇ ਮੌਕੇ ਦੀ ਭਾਲ ਹੁੰਦੀ ਹੈ। ਇਨ੍ਹਾਂ ਮੁਲਕਾਂ ਵਿਚ ਕੁਝ ਚੀਜ਼ਾਂ ਸਮਾਨ ਰੂਪ ਨਾਲ ਲੋਕਾਂ ਨੂੰ ਤੰਗ ਕਰ ਰਹੀਆਂ ਸਨ, ਇਸ ਲਈ ਇਕ ਥਾਂ ਦੀ ਬਗ਼ਾਵਤ ਨੇ ਦੂਸਰੇ ਨੂੰ ਵੀ ਪ੍ਰੇਰਿਤ ਕਰ ਦਿੱਤਾ। ਜਿੱਥੇ ਸੱਤਾ ਬਹੁਤ ਸ਼ਕਤੀਸ਼ਾਲੀ ਸੀ, ਉਥੇ ਥੋੜ੍ਹਾ ਜ਼ਿਆਦਾ ਸੰਘਰਸ਼ ਦਿਸਿਆ। ਭ੍ਰਿਸ਼ਟਾਚਾਰ, ਤਾਨਾਸ਼ਾਹੀ, ਦਮਨ, ਅਯਾਸ਼ੀ ਤੇ ਕੁਵਿਵਸਥਾ ਅਜਿਹੀਆਂ ਚੀਜ਼ਾਂ ਹਨ, ਜੋ ਲੋਕਾਂ ਵਿਚ ਆਪਣੇ ਸ਼ਾਸਕਾਂ ਪ੍ਰਤੀ ਨਫ਼ਰਤ ਪੈਦਾ ਕਰਦੀਆਂ ਹਨ। ਪਰ ਲੰਬੇ ਸਮੇਂ ਤਕ ਅਜਿਹੇ ਤੰਤਰ ਵਿਚ ਜਿਉਣ ਮਗਰੋਂ ਰਸਤੇ ਆਪਣੇ ਆਪ ਨਿਕਲ ਆਉਂਦੇ ਹਨ। ਇਨ੍ਹਾਂ ਤਮਾਮ ਮੁਲਕਾਂ ਵਿਚ ਵੀ ਇਹੀ ਹੋਇਆ ਹੈ। ਆਖ਼ਰ ਲੋਕਾਂ ਨੂੰ ਰਸਤਾ ਮਿਲ ਗਿਆ। ਜਿਥੇ ਪੱਤੇ ਦੇ ਸਰਸਰਾਉਣ ਦੀ ਆਵਾਜ਼ ਨਹੀਂ ਸੁਣਾਈ ਦਿੰਦੀ ਸੀ, ਉਥੇ ਤਿੱਖੇ ਰੋਸ ਭਰੇ ਨਾਅਰੇ ਗੂੰਜਣ ਲੱਗੇ। ਹਰੇਕ ਥਾਂ ਤੋਂ ਸੰਦੇਸ਼ ਇਕ ਹੀ ਤਰ੍ਹਾਂ ਦਾ ਹੈ। ਲੋਕ ਖੁੱਲ੍ਹੀ ਹਵਾ ਚਾਹੁੰਦੇ ਹਨ। ਆਪਣੇ ਅਧਿਕਾਰ ਚਾਹੁੰਦੇ ਹਨ। ਲੰਬੇ ਸ਼ਾਸਨ ਅਤੇ ਕੁਝ ਲੋਕਾਂ ਦੇ ਹੱਥ ਵਿਚ ਬੰਨ੍ਹੀ ਸੱਤਾ ਨੇ ਲੋਕਾਂ ਲਈ ਬੇਬਸੀ ਹੀ ਲਿਖੀ ਹੈ। ਦਹਾਕਿਆਂ ਤੋਂ ਚੱਲੀ ਆ ਰਹੀ ਇਸ ਵਿਵਸਥਾ ਨੂੰ ਉਹ ਹਰ ਹਾਲ ਵਿਚ ਬਦਲਣਾ ਚਾਹੁੰਦੇ ਹਨ। ਤੁਸੀਂ ਦੇਖਿਆ ਹੋਵੇਗਾ ਕਿ ਕਿਤੇ ਵੀ ਲੜਾਕੇ ਰੁਕੇ ਨਹੀਂ। ਕਿਤੇ ਸੱਤਾ ਖੋਹੀ ਗਈ ਤਾਂ ਕਿਤੇ ਸ਼ਾਸਕਾਂ ਨੂੰ ਲੋਕਾਂ ਨੇ ਆਪਣੇ ਇਰਾਦੇ ਪ੍ਰਗਟਾਏ ਹਨ। ਇਸ ਪਿੱਛੇ ਰੋਸ ਦੇ ਉਨ੍ਹਾਂ ਸੁਰਾਂ ਨੂੰ ਫੜ ਸਕਦੇ ਹਾਂ ਜੋ ਭ੍ਰਿਸ਼ਟਾਚਾਰ, ਦਮਨ, ਜ਼ੁਲਮ ਖ਼ਿਲਾਫ਼ ਉਠੀ ਹੈ। ਦੇਖਿਆ ਗਿਆ ਹੈ ਕਿ ਸਾਊਦੀ ਅਰਬ ਵਰਗੇ ਵੱਡੇ ਮੁਲਕ ਵਿਚ ਵੀ ਬਗ਼ਾਵਤੀ ਸੁਰ ਹਨ ਤਾਂ ਖਾੜੀ ਦੇ ਸਭ ਤੋਂ ਛੋਟੇ ਦੇਸ਼ ਬਹਿਰੀਨ ਵਿਚ ਵੀ। ਲੋਕਾਂ ਨੂੰ ਲੱਗਣ ਲੱਗਾ ਹੈ ਕਿ ਸਾਲਾਂ ਤੋਂ ਜਿਨ੍ਹਾਂ ਸ਼ਾਸਕਾਂ ਦੀ ਅਯਾਸ਼ੀ, ਜਿਉਣ ਦੇ ਤੌਰ ਤਰੀਕੇ ਨੂੰ ਉਹ ਦੇਖਦੇ ਆਏ ਹਨ, ਉਸ ਨੂੰ ਬਦਲਨਾ ਚਾਹੀਦਾ ਹੈ। ਇਸ ਲਈ ਜਿਵੇਂ ਹੀ ਉਨ੍ਹਾਂ ਨੂੰ ਮੌਕਾ ਮਿਲਿਆ ਹੈ, ਉਹ ਸੜਕਾਂ 'ਤੇ ਆ ਗਏ ਹਨ। ਇਸ ਮਾਇਨੇ ਵਿਚ ਗੱਦਾਫੀ ਹੋਵੇ, ਮੁਬਾਰਕ ਹੋਵੇ ਜਾਂ ਫਿਰ ਸੀਰੀਆ, ਬਹਿਰੀਨ ਜਾਂ ਯਮਨ ਦੇ ਸ਼ਾਸਕ। ਹਰ ਥਾਂ ਤੁਹਾਨੂੰ ਇਕ ਹੀ ਤਰ੍ਹਾਂ ਦੀ ਦਿਖ ਨਜ਼ਰ ਆਏਗੀ। ਇਕੱਲੇ ਅਰਬ ਮੁਲਕਾਂ ਵਿਚ ਹੀ ਕਿਉਂ ਦੇਖੀਏ, ਅਮਰੀਕਾ ਦੇ ਵਾਲ ਸਟਰੀਟ ਅਤੇ ਖ਼ੁਦ ਸਾਡੇ ਦੇਸ਼ ਵਿਚ ਕੀ ਅਜਿਹੀਆਂ ਧੁਨਾਂ ਸੁਣਾਈ ਨਹੀਂ ਦਿੱਤੀਆਂ। ਵਾਲ ਸਟਰੀਟ ਵਿਚ ਭ੍ਰਿਸ਼ਟ ਵਿਵਸਥਾ ਦੇ ਖ਼ਿਲਾਫ਼ ਲੋਕ ਸੜਕਾਂ 'ਤੇ ਆਏ ਤਾਂ ਦੁਨੀਆ ਦੇ ਕਈ ਸ਼ਹਿਰਾਂ ਵਿਚ ਜਲੂਸ ਨਿਕਲਣ ਲੱਗੇ। ਯੂਰਪ, ਅਫਰੀਕਾ, ਏਸ਼ੀਆ ਹਰ ਥਾਂ ਵਿਵਸਥਾ ਖ਼ਿਲਾਫ਼ ਲੋਕ ਨਿਕਲੇ।



ਅਨੁਪਮ ਖੇਰ
ਮਸ਼ਹੂਰ ਅਦਾਕਾਰ

ਆਪਣੇ ਮੁਲਕ ਭਾਰਤ ਵਿਚ ਦੇਖੀਏ ਤਾਂ ਅੰਨਾ ਹਜ਼ਾਰੇ ਦਾ ਅੰਦੋਲਨ ਤਾਂ ਪੂਰੇ ਵਿਸ਼ਵ ਲਈ ਸਿਆਸਤ ਦੇ ਤੌਰ ਤਰੀਕਿਆਂ ਖ਼ਿਲਾਫ਼ ਰੋਸ ਦਾ ਸਭ ਤੋਂ ਚੰਗਾ ਪ੍ਰਤੀਕ ਬਣ ਗਿਆ। ਟਾਈਮ ਪੱਤ੍ਰਿਕਾ ਉਨ੍ਹਾਂ ਦੇ ਅੰਦੋਲਨ ਨੂੰ ਵਿਸ਼ਵ ਦੀਆਂ ਸਭ ਤੋਂ ਵੱਡੀਆਂ ਦਸ ਘਟਨਾਵਾਂ ਵਿਚ ਸ਼ੁਮਾਰ ਕਰਦੀ ਹੈ। ਇਹ ਆਪਣੇ ਆਪ ਵਿਚ ਬਦਲਦੇ ਸਮੇਂ ਦੇ ਸੰਕੇਤ ਹਨ। ਫਰਕ ਇਹ ਵੀ ਹੈ ਕਿ ਜਿਥੇ ਅਰਬ ਮੁਲਕਾਂ ਦੀ ਕ੍ਰਾਂਤੀ ਜਾਂ ਰੋਸ ਵਿਚ ਸਿੱਧੇ ਇਕ ਸ਼ਾਸਕ ਜਾਂ ਸੱਤਾ ਕੇਂਦਰ ਦੇ ਖ਼ਿਲਾਫ਼ ਬਗ਼ਾਵਤ ਦਿਸਦੀ ਹੈ, ਉਥੇ ਅੰਨਾ ਦਾ ਅੰਦੋਲਨ ਕਿਸੇ ਇਕ ਵਿਅਕਤੀ ਦੇ ਖ਼ਿਲਾਫ਼ ਨਾ ਹੋ ਕੇ ਉਸ ਵਿਵਸਥਾ ਨੂੰ ਬਦਲਣ ਦੀ ਕਵਾਇਦ ਹੈ, ਜਿਸ ਵਿਚ ਭ੍ਰਿਸ਼ਟਾਚਾਰ ਨੂੰ ਫੜਿਆ ਨਹੀਂ ਜਾ ਸਕਦਾ। ਜਿਸ ਵਿਚ ਸ਼ਾਸਕ ਹੀ ਨਹੀਂ, ਹੇਠਲੇ ਤੰਤਰ ਤਕ ਲੁੱਟਮਾਰ ਤੇ ਜਬਰ ਦੀ ਪੂਰੀ ਛੋਟ ਰਹਿੰਦੀ ਹੈ। ਅੰਨਾ ਨੇ ਜਿਸ ਤਰ੍ਹਾਂ ਲੋਕਾਂ ਨੂੰ ਜਥੇਬੰਦ ਕਰਕੇ ਇਸ ਦੇ ਖ਼ਿਲਾਫ਼ ਮਾਹੌਲ ਬਣਾਇਆ, ਉਹ ਇਕ ਮਿਸਾਲ ਹੈ। ਇਹ ਗੱਲ ਸਾਨੂੰ ਅੰਦਰ ਤਕ ਪ੍ਰੇਰਿਤ ਕਰ ਗਈ। ਆਖ਼ਰ ਇਸ ਵਿਅਕਤੀ ਕੋਲ ਆਪਣੇ ਲਈ ਕੀ ਹੈ? ਉਹ ਦੂਸਰਿਆਂ ਲਈ ਹੀ ਖੜਿਆ ਹੈ। ਬੁਰੇ ਵਚਨ ਵੀ ਸੁਣ ਰਿਹਾ ਹੈ। ਉਸ ਦੀ ਸ਼ਕਤੀ ਹੈ ਕਿ ਇਸ ਦੇਸ਼ ਨੇ 2011 ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ। ਗਾਂਧੀ ਜੀ ਤੇ ਅੰਨਾ ਦਾ ਮੁਕਾਬਲਾ ਨਹੀਂ ਕਰ ਸਕਦੇ। ਗਾਂਧੀ ਜੀ ਆਜ਼ਾਦੀ ਤੋਂ ਪਹਿਲਾਂ ਦੇ ਭਾਰਤ ਲਈ ਲੜ ਰਹੇ ਸਨ ਤੇ ਅੰਨਾ ਇਸ ਆਜ਼ਾਦ ਮੁਲਕ ਵਿਚ ਉਨ੍ਹਾਂ ਮੁੱਲਾਂ ਲਈ ਲੜ ਰਹੇ ਹਨ। ਇਸ ਦੇਸ਼ ਵਿਚ ਸਾਰਥਕ ਸੰਵਾਦ ਸ਼ੁਰੂ ਹੋਇਆ ਹੈ ਤੇ ਮੰਨ ਲੈਣਾ ਚਾਹੀਦਾ ਹੈ ਕਿ ਬਦਲਾਅ ਦਾ ਦੌਰ ਸ਼ੁਰੂ ਹੋ ਗਿਆ ਹੈ।

ਬਦਲਦੇ ਸਮੇਂ ਵਿਚ ਮੰਦੀ ਤੇ ਬੇਰੁਜ਼ਗਾਰੀ ਨੂੰ ਲੈ ਕੇ ਚਿੰਤਾ ਸੁਭਾਵਕ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਪਿੱਛੇ ਗੈਰਵਾਜਿਬ ਕਾਰਜਪ੍ਰਣਾਲੀਆਂ ਹਨ। ਇਹ ਸਮੱਸਿਆ ਪੂਰੇ ਵਿਸ਼ਵ ਦੀ ਹੈ, ਇਸ ਨਾਲ ਹਰ ਕੋਈ ਪ੍ਰਭਾਵਤ ਹੈ। ਰੁਜ਼ਗਾਰ ਨਹੀਂ ਵਧ ਰਹੇ ਹਨ। ਨੌਜਵਾਨ ਪ੍ਰੇਸ਼ਾਨ ਹਨ। ਚੰਗੀਆਂ ਵਿਵਸਥਾਵਾਂ ਹੋਣਗੀਆਂ ਤਾਂ ਦੁਨੀਆ ਵਿਚ ਚੀਜ਼ਾਂ ਆਪਣੇ ਆਪ ਸੰਤੁਲਤ ਹੁੰਦੀਆਂ ਚਲੀਆਂ ਜਾਣਗੀਆਂ। ਪ੍ਰਕਿਰਿਆ ਲੰਬੀ ਹੈ, ਪਰ ਵਿਗੜੀ ਹੈ ਤਾਂ ਸੁਧਰ ਵੀ ਸਕਦੀ ਹੈ। ਪਰ ਅਸੀਂ ਉਸ ਲਈ ਤਿਆਰ ਤਾਂ ਹੋਈਏ। ਹਰ ਚੀਜ਼ ਪ੍ਰੇਸ਼ਾਨ ਕਰ ਰਹੀ ਹੈ। ਗੁੱਸਾ ਹੀ ਲੋਕਾਂ ਨੂੰ ਅਰਾਜਕ ਹੋਣ ਲਈ ਮਜਬੂਰ ਕਰ ਦਿੰਦਾ ਹੈ। ਇਸ ਲਈ ਚੰਗਾ ਹੈ ਕਿ ਉਹ ਗੁੱਸੇ ਤੋਂ ਪਹਿਲਾਂ ਆਪਣੇ ਗੁੱਸੇ ਨੂੰ ਪ੍ਰਗਟਾ ਰਹੇ ਹਨ। ਆਪਣੀਆਂ ਗੱਲਾਂ ਰੱਖ ਰਹੇ ਹਨ। ਇਕ ਚੀਜ਼ ਇਹ ਪੈਦਾ ਹੋਈ ਹੈ ਕਿ ਸੱਤਾ ਹੁਣ ਸੁਣਦੀ ਨਹੀਂ। ਬੇਪ੍ਰਵਾਹ ਰਹਿੰਦੀ ਹੈ। ਕਿਤੇ ਗੁੱਸਾ ਹੈ, ਨਾਰਾਜ਼ਗੀ ਹੈ ਤਾਂ ਉਸ ਨੂੰ ਸੁਣਨ ਤੇ ਹੱਲ ਕਰਨ ਵਿਚ ਕੋਈ ਹਿਚਕਿਚਾਹਟ ਨਹੀਂ ਹੋਣੀ ਚਾਹੀਦੀ। 2012 ਲਈ ਅਸੀਂ ਇਹ ਸੰਦੇਸ਼ ਲੈ ਕੇ ਚੱਲੀਏ ਤਾਂ ਬੇਹਤਰ ਹੋਵੇਗਾ।



## 5 ਸਾਇਰਸ ਮਿਸਤਰੀ

ਪ੍ਰਮੁੱਖ ਉਦਯੋਗਿਕ ਘਰਾਣਿਆਂ ਵਿਚੋਂ ਇਕ ਟਾਟਾ ਦੇ ਇਸ ਨਵੇਂ ਮੁਖੀ ਦੀ ਤਾਜਪੋਸ਼ੀ ਵੈਸੇ ਤਾਂ 2012 ਦੇ ਦਸੰਬਰ ਵਿਚ ਹੋਵੇਗੀ, ਪਰ ਇਸ ਸਾਲ ਉਨ੍ਹਾਂ ਦੇ ਨਾਮ ਦੇ ਐਲਾਨ ਨੇ ਉਨ੍ਹਾਂ ਨੂੰ ਸੁਰਖੀਆਂ ਵਿਚ ਲਿਆ ਦਿੱਤਾ ਹੈ। ਨੌਜਵਾਨ ਸਾਇਰਸ ਟਾਟਾ ਗਰੁੱਪ ਦੇ ਪਹਿਲੇ ਅਜਿਹੇ ਉਤਰਾਅਧਿਕਾਰੀ ਹਨ, ਜੋ ਟਾਟਾ ਪਰਿਵਾਰ ਤੋਂ ਨਹੀਂ ਹਨ।



## 6 ਕ੍ਰਿਸਟੀਨਾ ਲੈਗਾਰਡ

ਕੌਮਾਂਤਰੀ ਮੁਦਰਾ ਫੰਡ ਦੀ ਕਮਾਂਡ ਪਹਿਲੀ ਵਾਰ 2011 ਵਿਚ ਕਿਸੇ ਮਹਿਲਾ ਦੇ ਹੱਥ ਵਿਚ ਗਈ ਹੈ। ਸਾਬਕਾ ਮੁੱਖ ਡੋਮੀਨਿਕ ਸਟ੍ਰਾਂਸ ਜਦੋਂ ਬਲਾਤਕਾਰ ਦੇ ਦੋਸ਼ ਵਿਚ ਫਸੇ, ਤਾਂ ਉਨ੍ਹਾਂ ਦੀ ਥਾਂ ਫਰਾਂਸ ਦੀ ਕ੍ਰਿਸਟੀਨਾ ਨੂੰ ਮਿਲੀ। 2009 ਵਿਚ ਉਨ੍ਹਾਂ ਨੂੰ ਫਾਇਨਾਂਸ਼ੀਅਲ ਟਾਈਮ ਨੇ ਯੂਰੋ ਜ਼ੋਨ ਦਾ ਬੇਹਤਰੀਨ ਵਿੱਤ ਮੰਤਰੀ ਦੱਸਿਆ ਸੀ।



## 7 ਫੌਜਾ ਸਿੰਘ

2011 ਵਿਚ ਕਰੀਬ 42 ਕਿਲੋਮੀਟਰ ਦੀ ਟੋਰਾਂਟੋ ਵਾਟਰਫਰੰਟ ਮੈਰਾਥਨ ਦੌੜ ਪੂਰੀ ਕਰ ਕੇ ਫੌਜਾ ਨੇ ਸਭ ਨੂੰ ਹੈਰਾਨ ਕਰ ਦਿੱਤਾ। ਜਨਮ ਪ੍ਰਮਾਣ ਪੱਤਰ ਨਾ ਹੋਣ ਕਾਰਨ ਇਸ ਸੌ ਸਾਲਾ ਬਜ਼ੁਰਗ ਨੂੰ ਗਿਨੀਜ਼ ਬੁੱਕ ਨੇ ਸਭ ਤੋਂ ਬਜ਼ੁਰਗ ਜੇਤੂ ਦਾਅਵੇਦਾਰ ਨਹੀਂ ਮੰਨਿਆ ਹੈ, ਪਰ ਫੌਜਾ ਸਿੰਘ ਕਹਿੰਦਾ ਹੈ, 'ਜਦੋਂ ਤਕ ਸਾਹ ਹੈ, ਦੌੜਦਾ ਰਹਾਂਗਾ।'



## 8 ਵਲਾਦੀਮੀਰ ਪੁਤੀਨ

ਕਦੇ ਵਿਸ਼ਵੀ ਸਿਆਸਤ ਵਿਚ ਰੂਸ ਦਾ ਨਵਾਂ ਚਿਹਰਾ ਬਣ ਕੇ ਉਭਰੇ ਪ੍ਰਧਾਨ ਮੰਤਰੀ ਵਲਾਦੀਮੀਰ ਪੁਤੀਨ ਬੇਹੱਦ ਲੋਕਪ੍ਰਿਯ ਸਨ। ਪਰ ਹੁਣ ਉਨ੍ਹਾਂ ਨੂੰ ਲੈ ਕੇ ਪੂਰਾ ਦ੍ਰਿਸ਼ ਬਦਲ ਰਿਹਾ ਹੈ। ਉਹ ਤੀਸਰੀ ਵਾਰ ਰਾਸ਼ਟਰਪਤੀ ਬਣਨ ਦੀ ਦੌੜ ਵਿਚ ਸ਼ਾਮਲ ਹਨ, ਪਰ ਦੋਸ਼ ਹੈ ਕਿ ਜਿਸ ਚੋਣ ਨੂੰ ਜਿੱਤ ਕੇ ਉਹ ਪ੍ਰਧਾਨ ਮੰਤਰੀ ਬਣੇ, ਉਸ ਵਿਚ ਬੇਨਿਯਮੀਆਂ ਹੋਈਆਂ।



## 9 ਨੀਰਾ ਰਾਡੀਆ

ਲੰਡਨ ਵਿਚ ਪਲੀ ਨੀਰਾ 2005 ਵਿਚ ਕੰਮ ਦੀ ਭਾਲ ਵਿਚ ਭਾਰਤ ਆਈ। ਉਨ੍ਹਾਂ ਨੇ ਸਹਾਰਾ, ਸਿੰਗਾਪੁਰ ਏਅਰ ਲਾਈਨ ਅਤੇ ਟਾਟਾ ਸਮੂਹ ਵਰਗੀਆਂ ਸੰਸਥਾਵਾਂ 'ਤੇ ਅਜਿਹਾ ਜਾਦੂ ਚਲਾਇਆ ਕਿ ਲਾਬਿਸਟ ਦੀ ਦੁਨੀਆ ਦੀ ਮਹਾਰਾਣੀ ਕਹਾਉਣ ਲੱਗੀ। 2ਜੀ ਸਪੈਕਟਰਮ ਘੁਟਾਲੇ ਵਿਚ ਲਾਬਿਸਟ ਰਾਡੀਆ ਦੇ ਟੇਪ ਵੀ ਮੁਹਾਵਰਾ ਬਣ ਗਏ।



## 10 ਵੀਰੇਂਦਰ ਸਹਿਵਾਗ

ਇਕ ਰੋਜ਼ਾ ਮੈਚ ਵਿਚ 219 ਦੌੜਾਂ ਦੀ ਪਾਰੀ ਖੇਡ ਕੇ ਸਹਿਵਾਗ ਨੇ ਸਚਿਨ ਦਾ ਰਿਕਾਰਡ ਤੋੜਿਆ ਤੇ ਇਕ ਰੋਜ਼ਾ ਮੈਚ ਵਿਚ ਸਭ ਤੋਂ ਵਧ ਦੌੜਾਂ ਦਾ ਰਿਕਾਰਡ ਵੀ ਬਣਾਇਆ। 11 ਸਾਲ ਦੇ ਆਪਣੇ ਕਰੀਅਰ ਵਿਚ 'ਅੱਜ ਦਾ ਵਿਵ ਰਿਚਰਡਜ਼' ਵਰਗੇ ਖ਼ਿਤਾਬਾਂ ਨਾਲ ਸੱਦਿਆ ਜਾਣ ਵਾਲਾ ਇਹ ਸਿਤਾਰਾ ਅਗਲੇ ਸਾਲ ਵੀ ਧਮਾਲ ਪਾਉਣ ਲਈ ਤਿਆਰ ਹੈ।



## 11 ਦਲਾਈ ਲਾਮਾ

14ਵੇਂ ਦਲਾਈ ਲਾਮਾ ਤੇਨਜ਼ਿਨ ਗਿਆਸੋ ਦਾ ਸਿਆਸੀ ਜ਼ਿੰਮੇਵਾਰੀਆਂ ਤੋਂ ਵੱਖ ਹੋਣਾ ਤਿੱਬਤੀ ਸਵਤੰਤਰ ਅੰਦੋਲਨ ਦਾ ਇਕ ਮਹੱਤਵਪੂਰਨ ਮੋੜ ਹੈ। ਉਨ੍ਹਾਂ ਨੇ ਆਪਣੀ ਸਾਰੀ ਸਿਆਸੀ ਸ਼ਕਤੀ ਸੰਸਦ ਨੂੰ ਸੌਂਪ ਦਿੱਤੀ ਹੈ, ਜਿਸ ਨਾਲ ਤਿੱਬਤੀਆਂ ਦੇ ਨਵੇਂ ਪ੍ਰਧਾਨ ਮੰਤਰੀ ਲੋਬਸਾਂਗ ਸਾਂਗੇ ਦੇ ਅਧਿਕਾਰਾਂ ਵਿਚ ਵਾਧਾ ਹੋਇਆ ਹੈ।

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਅੱਜ ਕਲ ਨਾਲੋਂ ਬੇਹਤਰ ਹੀ ਹੋਵੇਗਾ

ਨਵੇਂ ਵਰ੍ਹੇ ਦੇ ਪਹਿਲੇ ਅੰਕ ਨਾਲ 'ਨਵੀਂ ਦੁਨੀਆ' ਆਪਣੇ ਪਾਠਕਾਂ ਨੂੰ ਮੁਖ਼ਾਤਬ ਹੈ; ਇਸ ਉਮੀਦ ਨਾਲ ਕਿ ਸਾਡਾ ਕੱਲ, ਸਾਡੇ ਅੱਜ ਨਾਲੋਂ ਬੇਹਤਰ ਹੋਵੇਗਾ।

ਉਮੀਦ ਸਾਰੇ ਸੰਸਾਰ ਦੇ ਬੇਹਤਰ ਭਵਿੱਖ ਦੀ ਵੀ ਹੈ ਕਿਉਂਕਿ ਉਮੀਦ ਹੀ ਉਹ ਤਾਕਤ ਹੁੰਦੀ ਹੈ; ਜੋ ਮਾੜੇ ਵਕਤਾਂ ਵਿਚ ਵੀ ਚੰਗਿਆਈ ਦੇ ਦੀਪ ਜਗਾਈ ਰੱਖਦੀ ਹੈ।

ਅੱਜ ਸੰਸਾਰ ਭਰ ਵਿਚ ਜਿਸ ਕਿਸਮ ਦਾ ਮਾਹੌਲ ਦਾ ਬਣਿਆ ਹੋਇਆ ਹੈ ਤੇ ਜਿਵੇਂ ਵੱਖ ਵੱਖ ਮੁਲਕਾਂ ਵਿਚ ਅਵਾਮ ਕਰਵਟ ਲੈ ਰਿਹਾ ਹੈ; ਉਹ ਇਸ ਉਮੀਦ ਦਾ ਹੀ ਪ੍ਰਗਟਾਵਾ ਹੈ। ਨਵੀਂ ਦਿੱਲੀ ਦੇ ਜੰਤਰ ਮੰਤਰ ਤੋਂ ਲੈ ਕੇ ਨਿਊ ਯਾਰਕ ਦੀ ਵਾੱਲ ਸਟਰੀਟ ਤੱਕ ਉਠਦੀਆਂ ਲੋਕ ਤਰੰਗਾਂ ਨਵੇਂ ਸੁਪਨਿਆਂ ਅਤੇ ਨਵੇਂ ਵਲਵਲਿਆਂ ਦੀਆਂ ਜਾਮਨ ਬਣ ਰਹੀਆਂ ਹਨ। ਇਨ੍ਹਾਂ ਲੋਕ ਤਰੰਗਾਂ ਦੀ ਵਿਚਾਰਧਾਰਕ ਜ਼ਮੀਨ ਕਿਹੋ ਜਿਹੀ ਹੈ; ਇਹ ਇਕ ਵੱਖਰਾ ਤੇ ਬੇਹੱਦ ਵਿਚਾਰਨਯੋਗ ਮਸਲਾ ਹੈ ਪਰ ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਹਕੂਮਤਾਂ ਦੇ ਲੋਕ ਵਿਰੋਧੀ ਰਵੱਈਏ ਤੋਂ ਅੱਕੇ ਹੋਏ ਲੋਕ ਕੁਝ ਅਜਿਹਾ ਨਿਜ਼ਾਮ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਤਸੱਲੀ ਅਤੇ ਸੁਰੱਖਿਆ ਦੇ ਸਕੇ। ਲੋੜ ਸਿਰਫ਼ ਇਸ ਅਵਾਮੀ ਕਾਂਗ ਨੂੰ ਸਹੀ ਨਜ਼ਰੀਏ ਦੀ ਅਗਵਾਈ ਮਿਲਣ ਦੀ ਹੈ। ਜਦੋਂ ਤੱਕ ਵਿਚਾਰਕਧਾਰਕ ਜ਼ਮੀਨ ਉਪਰ ਲੋਕ ਪੱਖੀ ਨਜ਼ਰੀਏ ਵਾਲੀ ਲੀਡਰਸ਼ਿਪ ਦਾ ਉਭਾਰ ਨਹੀਂ ਹੁੰਦਾ, ਉਦੋਂ ਤੱਕ ਇਸ ਲੋਕ ਰੋਹ ਦਾ ਭੀੜਾਂ ਵਿਚ ਤਬਦੀਲ ਹੋਣ ਦਾ ਖ਼ਤਰਾ ਬਰਕਰਾਰ ਰਹਿਣਾ ਹੈ ਤੇ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਭੀੜਾਂ ਦੇ ਸਿਰ ਨਹੀਂ ਹੁੰਦੇ।

ਜਿਥੋਂ ਤੱਕ ਭਾਰਤ ਦਾ ਸਬੰਧ ਹੈ ਤਾਂ ਲੰਘਿਆ ਵਰ੍ਹਾ ਭਾਰਤ 'ਮਹਾਨ' ਦੇ ਮੱਥੇ 'ਤੇ ਕਲੰਕ ਦਰ ਕਲੰਕ ਲਾਉਣ ਵਾਲਾ ਵਰ੍ਹਾ ਸਾਬਤ ਹੋਇਆ ਹੈ। ਲੰਘੇ ਵਰ੍ਹੇ ਵਿਚ ਭਾਰਤ ਨੂੰ ਘੁਟਾਲਿਆਂ ਨਹੀਂ ਸਗੋਂ ਮਹਾਂ ਘੁਟਾਲਿਆਂ ਦਾ ਮੁਲਕ ਮੰਨਿਆ ਜਾਣ ਲੱਗਾ ਹੈ। ਜਨ-ਲੋਕਪਾਲ ਦੇ ਮੁੱਦੇ ਨੇ ਅੰਨਾ ਹਜ਼ਾਰੇ ਦੀ ਛੱਤਰੀ ਹੇਠ ਬੈਠੇ ਕੁਝ ਬਿਲਕੁਲ ਹੀ ਅਣਜਾਣ ਵਿਅਕਤੀਆਂ ਨੂੰ ਅਚਾਨਕ ਹੀ ਕੌਮੀ ਹੀਰੋ ਬਣਾ ਧਰਿਆ ਹੈ। ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਲੋਕਪਾਲ ਦੇ ਨਾਲ ਨਾਲ ਹਰ ਮੁੱਦੇ 'ਤੇ ਹੀ ਮਹਾਂਨਾਲਾਇਕੀ ਦਾ ਪ੍ਰਮਾਣ ਦਿੱਤਾ ਹੈ। ਅੰਨਾ ਹਜ਼ਾਰੇ ਦੇ ਉਦੈ ਨੇ ਭਾਰਤੀ ਜਨਤਾ ਪਾਰਟੀ ਸਣੇ ਸਮੁੱਚੀ ਵਿਰੋਧੀ ਧਿਰ ਨੂੰ ਹੀ ਗੈਰ ਪ੍ਰਸੰਗਿਕ ਕਰ ਛੱਡਿਆ ਹੈ। ਇਹ ਹੱਦ ਹੀ ਹੈ ਕਿ ਭਾਰਤ ਵਿਚ ਅੱਜ ਕਲ ਸਿਆਸੀ ਪਾਰਟੀਆਂ ਨਹੀਂ ਸਗੋਂ 'ਬਾਬੇ' ਅਤੇ 'ਸਵਾਮੀ' ਲੋਕ ਮੁੱਦਿਆਂ ਨੂੰ ਚੁੱਕ ਰਹੇ ਹਨ। ਇਨ੍ਹਾਂ ਪ੍ਰਸਥਿਤੀਆਂ ਵਿਚ ਭ੍ਰਿਸ਼ਟਾਚਾਰ ਅਤੇ ਮਹਿੰਗਾਈ ਤੋਂ ਦੁਖੀ ਭਾਰਤੀ ਅਵਾਮ ਨੂੰ ਨਵੇਂ ਵਰ੍ਹੇ ਮੌਕੇ ਪ੍ਰਧਾਨ ਮੰਤਰੀ ਨੂੰ ਆਪਣੇ ਖਾਸ ਸੰਦੇਸ਼ ਵਿਚ ਦਿਲਾਸਾ ਦੇਣ ਲਈ ਅੱਗੇ ਆਉਣਾ ਪਿਆ ਹੈ। ਪ੍ਰਧਾਨ ਮੰਤਰੀ ਨੇ ਫੇਰ ਵਾਅਦੇ ਦਰ ਵਾਅਦੇ ਕੀਤੇ ਹਨ ਪਰ ਇਨ੍ਹਾਂ ਵਾਅਦਿਆਂ/ਦਾਅਵਿਆਂ ਵਿਚ ਕੁਝ ਵੀ ਨਵਾਂ ਨਹੀਂ ਹੈ ਤੇ ਕੁਝ ਨਵਾਂ ਹੋਣ ਦੀ ਆਸ ਵੀ ਇਸ ਕਰਕੇ ਨਹੀਂ ਹੈ ਕਿਉਂਕਿ ਸਰਕਾਰ ਦੇ ਏਜੰਡੇ 'ਤੇ ਆਮ ਬੰਦਾ ਹੈ ਹੀ ਨਹੀਂ। ਸੱਤਾ ਦੀ ਲੋਕਾਂ ਪ੍ਰਤੀ ਬੇਮੁਖੀ ਤੇ ਵਿਰੋਧੀ ਧਿਰ ਦੇ ਗੈਰ ਪ੍ਰਸੰਗਿਕ ਹੋਣ ਜਾਣ ਦੀ ਦੁਖਦਾਇਕ ਸਥਿਤੀ ਵਿਚ ਲੋਕਾਂ ਨੂੰ ਕੁਝ ਦਿਖਾਈ ਹੀ ਨਹੀਂ ਦੇ ਰਿਹਾ; ਇਸੇ ਕਰਕੇ ਉਹ ਅਖੌਤੀ ਕਿਸਮ ਦੇ ਆਗੂ ਅੱਗੇ ਆ ਗਏ ਹਨ ਜਿਨ੍ਹਾਂ ਦਾ ਮਕਸਦ ਵੀ ਲੋਕ ਭਾਵਨਾਵਾਂ ਨੂੰ ਭਟਕਾਅ ਕੇ ਆਪਣੇ ਹਿੱਤ ਪਾਲਣਾ ਹੀ ਹੈ। ਇਹ ਬੜੀ ਨਿਰਾਸ਼ਾਜਨਕ ਸਥਿਤੀ ਹੈ ਪਰ ਇਹ ਵੀ ਸੱਚ ਕਿ ਲੋਕ-ਜ਼ਮੀਨ ਕਦੇ ਵੀ ਬੰਜਰ ਨਹੀਂ ਹੋਇਆ ਕਰਦੀ ਤੇ ਸਰਘੀ ਦੀ ਲੋਅ ਤੋਂ ਅਕਸਰ ਹੀ ਹਨੇਰਾ ਅਣਜਾਣ ਹੋਇਆ ਕਰਦਾ ਹੈ। ਹਨੇਰੇ ਨੂੰ ਚੀਰ ਕੇ ਸੂਰਜ ਉਗਮਣਾ ਹੀ ਹੁੰਦਾ ਹੈ।

ਪੰਜਾਬ ਦੀ ਗੱਲ ਕਰੀਏ ਤਾਂ ਇਥੇ ਬਾਕੀ ਦੇ ਚਾਰ ਸੂਬਿਆਂ ਨਾਲ ਹੀ ਅੱਜ ਕਲ ਚੁਣਾਵੀ ਮਾਹੌਲ ਗਰਮ ਹੈ। ਨਵੇਂ ਵਰ੍ਹੇ ਦੀ ਮਾਰਚ ਮਹੀਨੇ ਦੀ ਚਾਰ ਤਾਰੀਕ ਤੈਅ ਕਰ ਦੇਵੇਗੀ ਕਿ ਅਗਲੀ ਸਰਕਾਰ ਕਿਹਦੀ ਬਣਨੀ ਹੈ ਪਰ ਮੌਜੂਦਾ ਚੁਣਾਵੀ ਦ੍ਰਿਸ਼ ਬਿਲਕੁਲ ਸਾਫ ਦਸ ਰਿਹਾ ਹੈ ਕਿ ਪੰਜਾਬ ਵਿਚ ਸਰਕਾਰ ਜਿਹਦੀ ਮਰਜ਼ੀ ਬਣ ਜਾਵੇ; ਘੱਟੋ-ਘੱਟ ਉਹ ਲੋਕਾਂ ਦੀ ਸਰਕਾਰ ਨਹੀਂ ਹੋਵੇਗੀ। ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਿਚ 'ਤੀਸਰੇ ਮੋਰਚੇ' ਦੇ ਉਦੈ ਨੇ ਜੋ ਥੋੜ੍ਹੀ ਜਿਹੀ ਲੋਅ ਦਿਖਾਈ ਸੀ; ਉਹ ਮੱਧਮ ਮੱਧਮ ਹੁੰਦੀ ਹੋਈ ਬੁਝਣ ਦੀ ਸਥਿਤੀ ਤੱਕ ਆ ਅੱਪੜੀ ਹੈ। ਮਨਪ੍ਰੀਤ ਨੇ ਕੋਈ ਨਵੀਂ ਸਿਆਸੀ ਜ਼ਮੀਨ ਤਿਆਰ ਕਰਨ ਦੀ ਥਾਂ ਪਹਿਲਾਂ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪਾਰਟੀ ਵਿਚਲੇ 'ਪਰਖੇ ਹੋਏ ਆਗੂਆਂ' 'ਤੇ ਹੀ ਟੇਕ ਰੱਖੀ ਹੈ। ਸੋ, ਮਨਪ੍ਰੀਤ ਦੀ ਪਾਰਟੀ ਤੇ ਸਾਂਝੇ ਮੋਰਚੇ ਵਿਚ ਸ਼ਾਮਲ ਬਾਕੀ ਧਿਰਾਂ ਦਾ ਸਿਆਸੀ ਕਿਰਦਾਰ ਲਗਭਗ ਉਹੀ ਹੈ, ਜੋ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਪਾਰਟੀ ਦਾ ਹੈ। ਸੋ; ਕਿਸੇ ਕਿਸਮ ਦੀ ਸਿਫ਼ਤੀ ਤਬਦੀਲੀ ਇਨ੍ਹਾਂ ਚੋਣਾਂ ਵਿਚ ਨਹੀਂ ਹੋਣੀ। ਇਸ ਲਈ ਆਪਣੇ ਹੱਕਾਂ ਲਈ ਸਿਰ ਧੜ ਦੀ ਬਾਜ਼ੀ ਲਾ ਕੇ ਲੜਨ ਵਾਲੇ ਪੰਜਾਬ ਦੇ ਆਮ ਬੰਦੇ ਨੂੰ ਹਾਲੇ ਕਾਫੀ ਲੰਮਾ ਸਮਾਂ ਜਦੋ-ਜਹਿਦ ਵਿਚ ਹੀ ਗੁਜ਼ਾਰਨਾ ਪਵੇਗਾ। ਇਹ ਜਦੋ-ਜਹਿਦ ਹੀ ਆਮ ਬੰਦੇ ਦੀ ਮੁਕਤੀ ਦਾ ਇਕੋ-ਇਕ ਰਾਹ ਹੈ।

ਪਿਆਰੇ ਪਾਠਕੋ! ਗੱਲ ਉਮੀਦ ਤੋਂ ਸ਼ੁਰੂ ਕੀਤੀ ਸੀ। ਇਹ ਨਵਾਂ ਵਰ੍ਹਾ ਤੁਹਾਡੇ ਲਈ ਤੁਹਾਡੇ ਸੁਪਨਿਆਂ ਦੇ ਹਕੀਕਤ ਵਿਚ ਬਦਲ ਜਾਣ ਦਾ ਵਰ੍ਹਾ ਹੋ ਨਿਬੜੇ, ਤੁਹਾਡੇ ਰਸਤੇ ਵਿਚ ਆਉਂਦੀਆਂ ਰੁਕਾਵਟਾਂ ਅੱਗੇ ਤੁਹਾਡਾ ਹੌਸਲਾ ਹੋਰ ਦ੍ਰਿੜ ਹੋਵੇ, ਭਵਿੱਖ ਦੇ ਸੁਨਹਿਰੀ ਪੰਨਿਆਂ 'ਤੇ ਤੁਹਾਡੇ ਖ਼ੂਬਸੂਰਤ ਦਸਤਖ਼ਤ ਉਕਰੇ ਜਾਣ। ਮੰਜ਼ਿਲ ਮਿਲਣ ਤੱਕ ਤੁਹਾਡੇ ਪੈਰ ਮਚਲਦੇ ਰਹਿਣ, ਹਰ ਗਲਤ-ਠੀਕ ਦੀ ਪਛਾਣ ਤੁਹਾਡਾ ਤੀਸਰਾ ਨੇਤਰ ਕਰੇ ਅਤੇ ਤੁਹਾਡਾ ਕਲ ਅੱਜ ਨਾਲੋਂ ਬੇਹਤਰ ਹੋਵੇ, ਇਹੀ ਅਦਾਰਾ 'ਨਵੀਂ ਦੁਨੀਆ' ਦੀ ਉਮੀਦ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ)

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

# ਥੱਪੜ ਕਾਂਡ : ਸੱਤਾਧਾਰੀ ਦਾ ਦੋਗਲਾ ਕਿਰਦਾਰ ਤੇ ਕਰੂਰ ਚਿਹਰਾ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਪੰਜਾਬ ਦੇ ਮੁੱਖ ਮੰਤਰੀ ਦੀ ਨੂੰਹ ਅਤੇ ਬਠਿੰਡਾ ਹਲਕੇ ਦੀ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਦੇ ਇਕ ਸਿਆਸੀ ਪ੍ਰੋਗਰਾਮ ਸਮੇਂ ਮੁਕਤਸਰ ਜ਼ਿਲ੍ਹੇ ਦੇ ਪਿੰਡ ਦੌਲਾ ਦੇ ਸਰਪੰਚ ਬਲਵਿੰਦਰ ਸਿੰਘ ਵਲੋਂ ਇਕ ਈ.ਜੀ.ਐਸ. ਅਧਿਆਪਕਾ ਨੂੰ ਥੱਪੜ ਮਾਰੇ ਜਾਣ ਦੀ ਘਟਨਾ ਨੇ ਪੰਜਾਬ ਦੇ ਸਿਆਸੀ ਮਾਹੌਲ ਵਿਚ ਕਾਫੀ ਹਲਚਲ ਪੈਦਾ ਕੀਤੀ। ਇਸ ਘਟਨਾ ਦੀ ਗੂੰਜ ਬਹੁਤ ਦੂਰ ਦੇਸ਼ ਵਿਦੇਸ਼ ਤਕ ਵੀ ਸੁਣਾਈ ਦਿਤੀ। ਹਾਲਾਂਕਿ ਇਸ ਘਟਨਾ ਦੀ ਚਰਚਾ ਵਧੇਰੇ ਕਰ ਕੇ ਸਿਆਸੀ ਖੇਤਰ ਤਕ ਹੀ ਸੀਮਤ ਰਹੀ ਪਰ ਇਹ ਔਰਤ ਦੇ ਮਾਨਵ ਅਧਿਕਾਰਾਂ ਉਪਰ ਅਤੀ ਨਿੰਦਣਯੋਗ ਹਮਲਾ ਹੋਣ ਕਾਰਨ ਇਕ ਗੰਭੀਰ ਸਮਾਜਕ ਮਾਮਲਾ ਵੀ ਹੈ। ਘਟਨਾ ਉਦੋਂ ਵਾਪਰੀ ਜਦੋਂ ਕੁਝ ਈ.ਜੀ.ਐਸ. ਅਧਿਆਪਕ ਆਪਣੀਆਂ ਮੰਗਾਂ ਤੇ ਸਮੱਸਿਆਵਾਂ ਦੇ ਸਬੰਧ ਵਿਚ ਬੀਬੀ ਹਰਸਿਮਰਤ ਕੌਰ ਨੂੰ ਮਿਲਣਾ ਚਾਹੁੰਦੀਆਂ ਸਨ। ਉਨ੍ਹਾਂ ਨੂੰ ਅਜਿਹਾ ਕਰਨੋ ਰੋਕਿਆ ਜਾ ਰਿਹਾ ਸੀ ਤਾਂ ਦੌਲਾ ਪਿੰਡ ਦੇ ਸਰਪੰਚ ਨੇ ਕਾਨੂੰਨ ਨੂੰ ਆਪਣੇ ਹੱਥ ਲੈਂਦਿਆਂ ਲੜਕੀ ਦੇ ਥੱਪੜ ਮਾਰਿਆ। ਟੀ.ਵੀ. ਚੈਨਲਾਂ ਤੋਂ ਦਿਖਾਇਆ ਜਾ ਰਿਹਾ ਇਸ ਘਟਨਾ ਦਾ ਦ੍ਰਿਸ਼ ਬੜੇ ਸਪੱਸ਼ਟ ਰੂਪ ਵਿਚ ਦਰਸਾਉਂਦਾ ਸੀ ਕਿ ਸਰਪੰਚ ਦਾ ਵਤੀਰਾ ਬੇਹੱਦ ਅਸਭਿਅਕ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਈ.ਜੀ.ਐਸ. ਵਰਗ ਦੇ ਅਧਿਆਪਕ ਜੋ ਕਿ ਸੰਸਦ ਮੈਂਬਰ ਅੱਗੇ ਪੇਸ਼ ਹੋ ਕੇ ਆਪਣੇ ਦੁੱਖੜੇ ਫੋਲਣਾ ਚਾਹੁੰਦੇ ਸਨ, ਮਾਤਰ ਇਕ ਹਜ਼ਾਰ ਰੁਪਿਆ ਮਹੀਨਾ ਤਨਖ਼ਾਹ ਲੈ ਰਹੇ ਹਨ। ਦੂਜੇ ਪਾਸੇ ਸੱਤਾਧਾਰੀ ਪਰਿਵਾਰ ਅਖੌਤੀ ਸੰਗਤ ਦਰਸ਼ਨ ਪ੍ਰੋਗਰਾਮਾਂ ਲਈ ਕੇਵਲ 'ਆਪਣਿਆਂ' ਵਿਚ ਹੀ ਰਿਉੜੀਆਂ ਵੰਡਣ ਜਾਂਦਾ ਹੈ। ਪ੍ਰੋਗਰਾਮ ਵਿਚ ਆਪਣੇ ਹੱਕ ਸੱਚ ਦੀ ਆਵਾਜ਼ ਉਠਾਉਣ ਵਾਲਾ ਨਾ ਪਹੁੰਚ ਜਾਵੇ, ਇਸ ਦਾ ਪਹਿਲਾਂ ਹੀ ਪ੍ਰਬੰਧ ਕਰ ਲਿਆ ਜਾਂਦਾ ਹੈ। ਕੋਈ ਅੜੀ ਕਰੇ, ਨਾਅਰਾ ਲਾਵੇ ਤਾਂ ਉਸ ਨੂੰ ਦਬੋਚ ਲਿਆ ਜਾਂਦਾ ਹੈ, ਕੋਈ ਪ੍ਰੋਗਰਾਮ ਵਾਲੀ ਜਗ੍ਹਾ 'ਤੇ ਪਹੁੰਚਣ ਦੀ ਕੋਸ਼ਿਸ਼ ਕਰੇ ਤਾਂ ਦਮਨ ਦਾ ਸਾਹਮਣਾ ਕਰਨਾ ਪੈਂਦਾ ਹੈ। ਅਮਨ ਤੇ ਕਾਨੂੰਨ ਦੀ ਵਿਵਸਥਾ ਕਾਇਮ ਕਰਨ ਦੀ ਜ਼ੁੰਮੇਵਾਰੀ ਪੁਲੀਸ ਦੀ ਹੁੰਦੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਹ ਜ਼ੁੰਮੇਵਾਰੀ ਸੱਤਾਧਾਰੀ ਰਾਜਸੀ ਧਿਰ ਦੀ ਵੱਡੀ ਪਾਰਟੀ ਦੇ ਕਾਰਕੁਨਾਂ ਨੇ ਆਪ ਸੰਭਾਲ ਰੱਖੀ ਹੈ। ਇਸ ਘਟਨਾ ਤੋਂ ਪਹਿਲਾਂ ਵੀ ਬਠਿੰਡਾ ਵਿਚ ਅਕਾਲੀਆਂ ਨੇ ਰੋਸ ਪ੍ਰਗਟਾਉਂਦੇ ਨੌਜਵਾਨਾਂ ਨੂੰ ਕੁੱਟਿਆ ਸੀ ਤੇ ਕੁੱਟਣ ਵਾਲਿਆਂ ਵਿਚ ਇਸ ਜ਼ਿਲ੍ਹੇ ਦਾ ਇਕ ਸਾਬਕਾ ਅਕਾਲੀ ਵਜ਼ੀਰ ਵੀ ਸ਼ਾਮਲ ਸੀ।

ਚੋਣ ਵਰ੍ਹੇ ਦੌਰਾਨ ਸਿਆਸੀ ਸਗਰਮੀਆਂ ਅਸਧਾਰਣ ਰੂਪ ਵਿਚ ਤੇਜ਼ੀ ਫੜ ਜਾਂਦੀਆਂ ਹਨ। ਇਸ ਸਮੇਂ ਦੌਰਾਨ ਸੱਤਾਧਾਰੀ ਧਿਰ ਕੁਝ ਜ਼ਿਆਦਾ ਹੀ ਹਰਕਤ ਵਿਚ ਆ ਜਾਂਦੀ ਹੈ। ਕਾਰਨ ਇਹ ਹੁੰਦਾ ਹੈ ਕਿ ਸਰਕਾਰ ਚਲਾ ਰਹੀ ਰਾਜਸੀ ਧਿਰ ਚਾਰ ਸਾਲ ਲੋਕ ਹਿੱਤਾਂ ਨੂੰ ਨਜ਼ਰਅੰਦਾਜ਼ ਕਰ ਰੱਖਦੀ ਹੈ ਤੇ ਸੱਤਾ ਦੀ ਦੁਰਵਰਤੋਂ ਰਾਹੀਂ ਇਸ ਧਿਰ ਦੇ ਲੋਕਾਂ ਅੰਦਰ ਆਪਣੇ ਸਵਾਰਥ ਸਿੱਧ ਕਰਨ ਦੀ ਰੁਚੀ ਪ੍ਰਧਾਨ ਰਹਿੰਦੀ ਹੈ, ਪੰਜਵੇਂ ਸਾਲ ਵਿਚ ਜ਼ੋਰਦਾਰ ਪ੍ਰਚਾਰ ਮੁਹਿੰਮ ਚਲਾ ਕੇ ਜਨਤਾ 'ਤੇ ਇਹ ਪ੍ਰਭਾਵ ਪਾਉਣ ਦਾ ਯਤਨ ਕੀਤਾ ਜਾਂਦਾ ਹੈ ਕਿ ਇਸ ਨੇ ਆਪਣੇ ਕਾਰਜਕਾਲ ਦੌਰਾਨ ਰਿਕਾਰਡ ਤੋੜ ਵਿਕਾਸ ਕਰਵਾਇਆ ਹੈ। ਜ਼ੋਰਦਾਰ ਪ੍ਰਚਾਰ ਚਲਾਉਣ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਪੰਜਵੇਂ ਵਰ੍ਹੇ ਦੌਰਾਨ ਸੱਤਾਧਾਰੀ ਧਿਰ ਨੂੰ ਲੋਕਾਂ ਦੀਆਂ ਜੁੱਤੀਆਂ ਲੋਕਾਂ ਸਿਰ ਵਿਚ ਮਾਰਨ ਦਾ ਸੁਨਹਿਰੀ ਮੌਕਾ ਵੀ ਮਿਲ ਜਾਂਦਾ ਹੈ। ਸਰਕਾਰੀ ਖ਼ਜ਼ਾਨੇ ਦੇ ਸਿਰ 'ਤੇ ਪਾਰਟੀ ਦੇ ਪੱਖ ਵਿਚ ਪ੍ਰਚਾਰ ਕਰਨ ਦੀ ਸੁਵਿਧਾ ਨੂੰ ਰੱਜ ਕੇ ਵਰਤਿਆ ਜਾਂਦਾ ਹੈ। ਇਸ ਸਮੇਂ ਪੰਜਾਬ ਵਿਚ ਸਰਕਾਰੀ ਖ਼ਰਚੇ 'ਤੇ ਸੱਤਾਧਾਰੀ ਧਿਰ ਜਨਤਕ ਰੈਲੀਆਂ ਕਰ ਰਹੀ ਹੈ। ਰੈਲੀਆਂ ਵਿਚ ਇਸ ਦੇ ਸਟਾਰ ਪ੍ਰਚਾਰਕ ਪਹੁੰਚ ਰਹੇ ਹਨ ਅਤੇ ਇਥੇ ਬੇਰੁਜ਼ਗਾਰ ਤੇ ਹੋਰ ਹੱਕ ਮੰਗਦੇ ਨੌਜਵਾਨ ਰੈਲੀਆਂ ਵਿਚ ਕੀਤੇ ਜਾ ਰਹੇ ਵਿਕਾਸ ਦੇ ਦਾਅਵਿਆਂ ਨੂੰ ਝੁਠਲਾਉਣ ਲਈ ਪਹੁੰਚ ਜਾਂਦੇ ਹਨ।

ਸੱਤਾਧਾਰੀਆਂ ਦੇ ਜਨਤਕ ਇਕੱਠਾਂ ਵਿਚ ਜਾ ਕੇ ਨੌਜਵਾਨ ਨਾਅਰੇਬਾਜ਼ੀ ਕਰਦੇ ਹਨ ਤਾਂ ਸੁਭਾਵਿਕ ਹੀ ਉਥੇ ਹਾਜ਼ਰ ਲੋਕਾਂ ਦਾ ਧਿਆਨ ਵੰਡਿਆ ਜਾਂਦਾ ਹੈ। ਸੱਤਾਧਾਰੀ ਧਿਰ ਦੇ ਸਾਰੇ ਬੁਲਾਰਿਆਂ ਦਾ ਜ਼ੋਰ ਆਪਣੇ ਆਪ ਨੂੰ ਲੋਕ ਸੇਵਕ ਦਰਸਾਉਣ 'ਤੇ ਲੱਗਾ ਹੋਇਆ ਹੁੰਦਾ ਹੈ ਤਾਂ ਜਨਤਾ ਵਿਚੋਂ ਵਿਰੋਧ ਦੀ ਆਵਾਜ਼ ਉਭਰਣੀ ਇਨ੍ਹਾਂ ਲਈ ਮੁਸੀਬਤ ਬਣ ਜਾਂਦੀ ਹੈ। ਸਾਡੇ ਹਾਕਮ ਐਨੇ ਸਹਿਨਸ਼ੀਲ ਨਹੀਂ ਹਨ ਕਿ ਵਿਰੋਧ ਦੀ ਆਵਾਜ਼ ਨੂੰ ਵੀ ਸਬਰ ਨਾਲ ਸੁਣ ਲੈਣ, ਯੋਗ ਇਹੋ ਸਮਝਿਆ ਜਾਂਦਾ ਹੈ ਕਿ ਵਿਰੋਧ ਦੀ ਆਵਾਜ਼ ਨੂੰ ਜ਼ਬਰਦਸਤੀ ਦਬਾ ਦਿਤਾ ਜਾਵੇ। ਬੀਬੀ ਹਰਸਿਮਰਤ ਕੌਰ ਬਾਦਲ ਦੇ ਪ੍ਰੋਗਰਾਮ ਸਮੇਂ ਵੀ ਅਜਿਹਾ ਹੀ ਵਾਪਰਿਆ। ਸਰਪੰਚ ਵਲੋਂ ਇਕ ਮਹਿਲਾ ਅਧਿਆਪਕ ਨੂੰ ਥੱਪੜ ਮਾਰਨ ਦੀ ਘਟਨਾ ਵਾਪਰਨ ਨਾਲ ਨਿਆਂ ਪਸੰਦ ਲੋਕਾਂ ਨੂੰ ਗਹਿਰਾ ਸਦਮਾ ਪਹੁੰਚਿਆ ਤੇ ਇਸ ਦੀ ਚੌਤਰਫੀ ਨਿੰਦਾ ਨੇ ਘਟਨਾ ਦੇ ਕਈ ਸਾਰੇ ਅਮਾਨਵੀ ਪਹਿਲੂ ਵੀ ਚਰਚਾ 'ਚ ਲਿਆਂਦੇ।

ਨਿਆਂਪਸੰਦ ਲੋਕਾਂ ਨੂੰ ਸਦਮਾ ਪਹੁੰਚਾਉਣ ਵਾਲਾ ਸਭ ਤੋਂ ਗੰਭੀਰ ਪਹਿਲੂ ਇਹ ਹੈ ਕਿ ਜਿਸ ਸਖ਼ਸ਼ੀਅਤ ਵਲੋਂ ਇਲੈਕਟ੍ਰੋਨਿਕ ਮੀਡੀਆ ਰਾਹੀਂ ਧੀਆਂ ਦੇ ਪੱਖ ਵਿਚ 'ਨੰਨ੍ਹੀ ਛਾਂ' ਦਾ ਇਸ਼ਤਿਹਾਰ ਪਿਛਲੇ ਕਾਫੀ ਸਮੇਂ ਤੋਂ ਪ੍ਰਸਾਰਿਤ ਕਰਵਾਇਆ ਜਾ ਰਿਹਾ ਹੈ, ਉਸ ਦੇ ਪ੍ਰੋਗਰਾਮ ਵਿਚ ਇਕ ਪੜ੍ਹੀ ਲਿਖੀ ਹੋਣਹਾਰ ਧੀ ਨੂੰ ਉਸ ਦੀ ਜਾਗਰੂਕਤਾ ਦਾ ਇਨਾਮ ਥੱਪੜ ਦੀ ਸ਼ਕਲ ਵਿਚ ਦਿਤਾ ਗਿਆ। ਇਸ ਤੋਂ ਇਹੋ ਸਾਬਤ ਹੁੰਦਾ ਹੈ ਕਿ ਸੱਤਾਧਾਰੀ ਧਿਰ ਦਾ ਕਿਰਦਾਰ ਦੋਗਲਾ ਹੈ। ਸੱਤਾਧਾਰੀ ਧਿਰ ਦਾ ਕਾਰਕੁਨ ਜੇਕਰ ਧੀਆਂ ਦੀ ਖੈਰ ਪ੍ਰਵਾਹ ਅਖਵਾਉਂਦੀ ਨੇਤਾ ਦੇ ਪ੍ਰੋਗਰਾਮ ਵਿਚ ਲੜਕੀ ਨੂੰ ਥੱਪੜ ਮਾਰਨ ਦੀ ਜੁਰਅੱਤ ਕਰਦਾ ਹੈ ਤਾਂ ਨਿਰਸੰਦੇਹ ਉਹ ਅਜਿਹਾ ਕਾਰਾ ਆਪਣੇ ਸਰਪ੍ਰਸਤਾਂ ਦੀ ਸ਼ਹਿ 'ਤੇ ਹੀ ਕਰ ਸਕਦਾ ਹੈ। ਇਸ ਦਾ ਇਕ ਸਬੂਤ ਇਹ ਵੀ ਹੈ ਕਿ ਲੜਕੀ ਦੇ ਥੱਪੜ ਮਾਰਨ ਵਾਲੇ ਸਰਪੰਚ ਵਿਰੁੱਧ ਤੁਰੰਤ ਕਾਰਵਾਈ ਨਹੀਂ ਕੀਤੀ ਗਈ। ਜਨਤਕ ਰੋਸ ਅਤੇ ਦਬਾਅ ਵੱਧਣ 'ਤੇ ਹੀ ਉਸ ਵਿਰੁੱਧ ਕੇਸ ਦਰਜ ਕੀਤਾ ਗਿਆ। ਉਸ ਨੂੰ ਗ੍ਰਿਫ਼ਤਾਰ ਕਰ ਕੇ ਬੜੀ ਛੇਤੀ ਜ਼ਮਾਨਤ 'ਤੇ ਰਿਹਾਅ ਵੀ ਕਰ ਦਿਤਾ ਗਿਆ। ਸੱਤਾਧਾਰੀ ਧਿਰ ਨੇ ਮਾਮਲੇ ਨੂੰ ਰਫ਼ਾ ਦਫ਼ਾ ਕਰਨ ਲਈ ਹਰ ਹਰਬਾ ਵਰਤਿਆ, ਪਰ ਜਨਤਾ ਦੀ ਕਚਹਿਰੀ 'ਚੋਂ ਇਸ ਮਾਮਲੇ ਨੂੰ ਹਟਾਇਆ ਨਹੀਂ ਜਾ ਸਕਿਆ। ਲੜਕੀ ਉਪਰ ਸਰਪੰਚ ਦੇ ਸਾਥੀ ਲਈ ਜਾਤੀ ਸੂਚਕ ਸ਼ਬਦ ਵਰਤਣ ਦੇ ਦੋਸ਼ ਵੀ ਲਾਏ ਗਏ ਪਰ ਅਜਿਹੇ ਬੇਬੁਨਿਆਦ ਦੋਸ਼ ਵੀ ਲੜਕੀ ਉਪਰ ਅਤਿਆਚਾਰ ਦੇ ਮਾਮਲੇ ਦੀ ਗੰਭੀਰਤਾ ਨੂੰ ਘਟਾ ਨਹੀਂ ਸਕੇ।

ਘਟਨਾ ਉਪਰ ਸੱਤਾਧਾਰੀ ਧਿਰ ਦੁਆਰਾ ਅਫ਼ਸੋਸ ਪ੍ਰਗਟਾਇਆ ਗਿਆ। ਮਾਮਲੇ ਨੂੰ ਟਾਲਣ ਹਿੱਤ ਬੀਬੀ ਹਰਸਿਮਰਤ ਕੌਰ ਬਾਦਲ ਨੇ ਦੋਸ਼ੀ ਸਰਪੰਚ ਵਿਰੁੱਧ ਕਾਰਵਾਈ ਦਾ ਭਰੋਸਾ ਦਿਤਾ। ਸਿਆਸੀ ਨੁਕਸਾਨ ਦੀ ਪੂਰਤੀ ਲਈ ਪਾਰਟੀ ਸੁਪਰੀਮੋ ਪੀੜਤ ਲੜਕੀ ਦੇ ਘਰ ਗਏ। ਦਿਲਾਸਾ ਦਿਤਾ ਪਰ ਨਾ ਤਾਂ ਜਿਸ ਵਰਗ ਦੇ ਅਧਿਆਪਕਾਂ ਨਾਲ ਲੜਕੀ ਸਬੰਧ ਰਖਦੀ ਹੈ ਉਸ ਵਰਗ ਦੀਆਂ ਸਮੱਸਿਆਵਾਂ ਵਲ ਕੋਈ ਧਿਆਨ ਦਿਤਾ ਅਤੇ ਨਾ ਹੀ ਲੜਕੀ ਨੂੰ ਫੌਰੀ ਤੌਰ 'ਤੇ ਕਿਸੇ ਰਾਹਤ ਦਾ ਐਲਾਨ ਹੀ ਕੀਤਾ। ਬਾਅਦ ਵਿਚ ਇਹ ਬਿਆਨ ਜ਼ਰੂਰ ਦੇ ਦਿਤਾ ਕਿ ਜੇਕਰ ਕੋਈ ਕਿਸੇ ਦੇ ਗਲ ਪਵੇਗਾ ਤਾਂ ਉਸ ਦਾ ਪ੍ਰਤੀਕਰਮ ਤਾਂ ਹੋਵੇਗਾ ਹੀ। ਇਹ ਬਿਆਨ ਇਕ ਤਰ੍ਹਾਂ ਨਾਲ ਭਵਿੱਖ ਵਿਚ ਅਜਿਹੀਆਂ ਕਾਰਵਾਈਆਂ ਲਈ ਆਪਣੇ ਕਾਰਕੁਨਾਂ ਨੂੰ ਉਕਸਾਉਣ ਵਾਲਾ ਹੈ। ਇਸ ਤਰ੍ਹਾਂ ਦੀ ਪਹੁੰਚ ਤੋਂ ਸਾਫ ਪਤਾ ਲਗਦਾ ਹੈ ਕਿ ਸੱਤਾਧਾਰੀਆਂ ਦਾ ਅਸਲੀ ਚਿਹਰਾ ਵੀ ਬੜਾ ਕਰੂਰ ਹੈ।

ਥੱਪੜ ਕਾਂਡ ਇਕ ਤਰ੍ਹਾਂ ਨਾਲ ਰਾਜਨੀਤਕ ਮੰਚ ਉਪਰ ਹੀ ਵਾਪਰਿਆ, ਇਸ ਲਈ ਇਸ ਦਾ ਰਾਜਨੀਤੀਕਰਨ ਰੋਕਿਆ ਨਹੀਂ ਸੀ ਜਾ ਸਕਦਾ। ਇਹ ਰਾਜਨੀਤੀਕਰਨ ਇਸ ਹੱਦ ਤਕ ਪਹੁੰਚ ਗਿਆ ਕਿ ਲੜਕੀ (ਪੀੜਤ) ਦੇ ਬਾਅਦ ਦੇ ਬਿਆਨ ਵੀ ਭੰਬਲਭੂਸਾ ਪੈਦਾ ਕਰਨ ਦੀ ਜ਼ਮੀਨ ਤਿਆਰ ਕਰਦੇ ਪ੍ਰਤੀਤ ਹੋਏ। ਜਿਵੇਂ ਕਿ ਉਪਰ ਵੀ ਜ਼ਿਕਰ ਕੀਤਾ ਗਿਆ ਹੈ ਕਿ ਥੱਪੜ ਕਾਂਡ ਦੀ ਚੌਤਰਫ਼ੀ ਨਿੰਦਾ ਹੋਈ। ਨਿੰਦਿਆਂ ਕਰਨ ਵਾਲਿਆਂ ਵਿਚ ਅਤੇ ਅਧਿਆਪਕਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਬਹੁਤ ਸਾਰੇ ਵੱਖ ਵੱਖ ਪਾਰਟੀਆਂ ਨਾਲ ਸਬੰਧਤ ਸਿਆਸਤਦਾਨ ਵੀ ਸ਼ਾਮਲ ਸਨ। ਲੜਕੀ ਨਾਲ ਹੋਈ ਜ਼ਿਆਦਾਤੀ ਨੂੰ ਪ੍ਰਦਰਸ਼ਿਤ ਕਰਦਾ ਸਭ ਕੁਝ ਦੀ ਵਿਰੋਧਤਾ ਕਰਦਾ ਹੋਇਆ ਇਕ ਬਿਆਨ ਲੜਕੀ ਨੇ ਉਸ ਪ੍ਰੈਸ ਕਾਨਫ਼ਰੰਸ ਵਿਚ ਦਿਤਾ ਜਿਸ ਵਿਚ ਲੜਕੀ ਦੀ ਰਹਿਨੁਮਾਈ ਲਈ ਕੁਝ ਰਾਜਸੀ ਨੇਤਾ ਵੀ ਮੌਜੂਦ ਸਨ। ਇਕ ਤਰ੍ਹਾਂ ਨਾਲ ਇਹ ਰਾਜਸੀ ਨੇਤਾ ਇਕ ਨਿੰਦਣਯੋਗ ਘਟਨਾ ਦਾ ਰਾਜਸੀ ਮੰਚ 'ਤੇ ਹੋਈ ਨਿਖੇਧੀ ਦੀ ਰਾਜਨੀਤੀ ਦਾ ਅੱਗੋਂ ਹੋਰ ਰਾਜਸੀਕਰਨ ਕਰ ਰਹੇ ਸਨ। ਚਾਹੀਦਾ ਇਹ ਸੀ ਕਿ ਮਾਨਵੀ ਆਧਾਰ 'ਤੇ ਜਿਨ੍ਹਾਂ ਲੋਕਾਂ ਨੇ ਵੀ ਅਧਿਆਪਕਾ ਨਾਲ ਹਮਦਰਦੀ ਤੇ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ,ਉਨ੍ਹਾਂ ਦਾ ਧੰਨਵਾਦ ਕੀਤਾ ਜਾਂਦਾ ਤੇ ਅਧਿਆਪਕ (ਅੰਦੋਲਨਕਾਰੀ) ਆਪਣੇ ਸੰਘਰਸ਼ ਦੇ ਮੋਰਚੇ ਨੂੰ ਹੋਰ ਵਿਸ਼ਾਲ ਕਰਦੇ। ਉਂਜ ਵੀ ਜਦੋਂ ਤਕ ਰਾਜਨੀਤੀ 'ਔਰਤ ਦੇ ਤ੍ਰਿਸਕਾਰ' ਨੂੰ ਫੋਕਸ ਕਰ ਰਹੀ ਸੀ ਤਾਂ ਇਸ ਮੁੱਦੇ ਤੋਂ ਧਿਆਨ ਲਾਂਭੇ ਕਰਨ ਦੀ ਜ਼ਰੂਰਤ ਨਹੀਂ ਸੀ। ਦਰਅਸਲ, ਸੱਤਾਧਾਰੀ ਧਿਰ ਦਾ ਕਿਰਦਾਰ ਦੋਗਲਾ ਤੇ ਅਸਲੀ ਚਿਹਰਾ ਕਰੂਰ ਹੀ ਨਹੀਂ ਸਗੋਂ ਇਸ ਦਾ ਵਿਵਹਾਰ ਵੀ ਬੜਾ ਸ਼ਾਤਰ ਹੈ। ਇਹ ਸਮੁੱਚੀ ਰਾਜਨੀਤੀ ਇਨ੍ਹਾਂ ਹੀ ਨੀਹਾਂ ਉਪਰ ਉਸਰੀ ਹੋਈ ਹੈ।

ਸੰਘਰਸ਼ ਦੇ ਰਾਹ ਪਏ ਹੋਏ ਨੌਜਵਾਨ, ਵਿਸ਼ੇਸ਼ ਕਰ ਕੇ ਵੱਖ ਵੱਖ ਵਰਗਾਂ ਦੇ ਅਧਿਆਪਕ ਜੁਝਾਰੂ ਵੀ ਬਹੁਤ ਹਨ ਤੇ ਉਨ੍ਹਾਂ ਵਿਚ ਕੁਰਬਾਨੀ ਤੇ ਦ੍ਰਿੜਤਾ ਦੀ ਵੀ ਕੋਈ ਕਮੀ ਨਹੀਂ ਹੈ, ਪਰ ਬਦਕਿਸਮਤੀ ਨਾਲ ਉਨ੍ਹਾਂ ਦੀ ਤਾਕਤ ਬਿਖਰੀ ਪਈ ਹੈ। ਇਸ ਦਾ ਕਾਰਨ ਇਹ ਪ੍ਰਤੀਤ ਹੋ ਰਿਹਾ ਹੈ ਕਿ ਇਨ੍ਹਾਂ ਨੌਜਵਾਨਾਂ ਦੀ ਸਿਆਸਤ ਪ੍ਰਤੀ ਸਹੀ ਤੇ ਸੰਤੁਲਿਤ ਪਹੁੰਚ ਨਹੀਂ ਹੈ ਅਤੇ ਟਰੇਡ ਯੂਨੀਅਨ ਦਾਅਪੇਚਾਂ ਤੋਂ ਵੀ ਇਹ ਕੋਰੇ ਹਨ। ਸਰਕਾਰ ਇਨ੍ਹਾਂ ਦੀਆਂ ਇਹ ਕਮਜ਼ੋਰੀਆਂ ਸਮਝਦੀ ਹੈ ਤੇ ਇਨ੍ਹਾਂ ਨੂੰ ਲਗਾਤਾਰ ਖੱਜਲ ਖੁਆਰ ਕਰਦੀ ਆ ਰਹੀ ਹੈ। ਇਹ ਨੌਜਵਾਨ ਸਹੀ ਸੋਚ ਵਾਲੇ ਸਿਆਸਤਦਾਨਾਂ ਅਤੇ ਤਜ਼ਰਬੇਕਾਰ ਟਰੇਡ ਯੂਨੀਅਨਿਸਟਾਂ ਤੋਂ ਸੇਧ ਲੈਣ ਲਈ ਤਿਆਰ ਨਹੀਂ ਹਨ। ਅਜਿਹੀ ਸਥਿਤੀ ਵਿਚ ਉਹ ਆਪਣੇ ਘੋਲਾਂ ਵਿਚ ਸ਼ਕਤੀ ਤਾਂ ਬਹੁਤ ਝੋਕ ਰਹੇ ਹਨ ਪਰ ਇਸ ਦੇ ਮੁਕਾਬਲੇ ਉਨ੍ਹਾਂ ਨੂੰ ਲਾਭ ਨਾਮਾਤਰ ਹੀ ਹਾਸਲ ਹੋ ਰਿਹਾ ਹੈ। ਵਕਤ ਦਾ ਤਕਾਜ਼ਾ ਹੈ ਕਿ ਉਹ ਆਪਣੇ ਸੰਘਰਸ਼ਾਂ ਦੀ ਪੁਨਰ ਪੜਚੋਲ ਕਰਨ। ਉਨ੍ਹਾਂ ਨੂੰ ਸਿਆਸਤ ਤੇ ਟਰੇਡ ਯੂਨੀਅਨ ਪ੍ਰਤੀ ਆਪਣੇ ਨਜ਼ਰੀਏ ਨੂੰ ਮੁੜ ਤੋਂ ਘੋਖਣਾ ਪਵੇਗਾ। ਸੱਤਾਧਾਰੀ ਸਿਆਸਤ ਦੇ ਕਿਰਦਾਰ ਨੂੰ ਸਮੁੱਚੇ ਸਮਾਜਿਕ ਪਰਿਪੇਖ ਵਿਚ ਸਮਝਣਾ ਹੋਵੇਗਾ, ਇਕ ਅਜਿਹੀ ਮਜ਼ਬੂਤ ਏਕਤਾ ਸਮੁੱਚੇ ਸ਼ੋਸ਼ਿਤ ਵਰਗਾਂ ਨਾਲ ਪੈਦਾ ਕਰਨੀ ਹੋਵੇਗੀ ਕਿ ਮੁੜ ਕਿਸੇ ਸਰਪੰਚ ਦੀ ਇਕ ਜਾਗਰੂਕ ਨਾਰੀ ਉਪਰ ਹੱਥ ਉਠਾਉਣ ਦੀ ਹਿੰਮਤ ਨਾ ਪਵੇ।

# ਇਸ ਤਰ੍ਹਾਂ ਤਾਂ ਤਬਾਹ ਹੋ ਜਾਵੇਗਾ ਪੰਜਾਬ

ਮੁਰਲੀਧਰਨ

ਪੰਜਾਬ ਵਿਚ ਪਟਿਆਲਾ ਯੂਨੀਵਰਸਿਟੀ ਦਾ ਕੰਪਲੈਕਸ ਛੱਡ ਕੇ ਜਦੋਂ ਅਸੀਂ ਮਾਨਸਾ ਲਈ ਰਵਾਨਾ ਹੋਏ, ਸਾਡੇ ਵਾਹਨ ਟਵੇਰਾ ਦਾ ਪਿਛਲਾ ਇਕ ਪਹੀਆ ਪੰਚਰ ਹੋ ਗਿਆ। ਸਾਨੂੰ ਨਾਲ ਦੇ ਇਕ ਪੈਟਰੋਲ ਪੰਪ 'ਤੇ ਰੁਕਣਾ ਪਿਆ, ਜਿਥੇ ਕੁਝ ਮਕੈਨਿਕ ਵੱਡੀ ਗਿਣਤੀ ਵਿਚ ਵਾਹਨਾਂ ਦੀ ਖਰਾਬੀ ਦੂਰ ਕਰਨ ਵਿਚ ਲੱਗੇ ਹੋਏ ਸਨ। ਉਥੇ ਆਲੇ-ਦੁਆਲੇ ਖੜੇ ਲੋਕਾਂ 'ਤੇ ਇਕ ਸਰਸਰੀ ਨਜ਼ਰ ਮਾਰਨ ਨਾਲ ਹੀ ਉਨ੍ਹਾਂ ਦੀਆਂ ਬੁਝੀਆਂ-ਬੁਝੀਆਂ ਅੱਖਾਂ ਵੱਲ ਧਿਆਨ ਗਿਆ। ਹਾਲੇ ਸਵੇਰ ਦੇ ਦਸ ਵੱਜੇ ਸਨ। ਕੰਮ ਵਿਚ ਰੁਝਿਆ ਮਕੈਨਿਕ ਆਪਣੇ ਆਲੇ-ਦੁਆਲੇ ਦੇ ਮਾਹੌਲ ਤੋਂ ਪੂਰੀ ਤਰ੍ਹਾਂ ਉਦਾਸੀਨ ਲੱਗ ਰਿਹਾ ਸੀ, ਸਾਡੀ ਨਜ਼ਰਾਂ 'ਤੇ ਉਸ ਦੀ ਕੋਈ ਪ੍ਰਤੀਕਿਰਿਆ ਨਾ ਹੋਈ। ਅਜਿਹਾ ਲਗਦਾ ਹੈ ਕਿ ਮਿਲਣਸਾਰ ਪੰਜਾਬੀ, ਜੋ ਮਿਹਨਤੀ ਤੇ ਹਾਸਾ-ਠੱਠਾ ਕਰਨ ਵਾਲਾ ਸਮਝਿਆ ਜਾਂਦਾ ਹੈ, ਹੁਣ ਇਕ ਮਿਥ ਬਣ ਕੇ ਰਹਿ ਗਿਆ ਹੈ। ਉਹ ਅਜਨਬੀਆਂ ਦਾ ਖੁਸ਼ਦਿਲੀ ਨਾਲ ਸਵਾਗਤ ਨਹੀਂ ਕਰਦੇ। ਇਥੋਂ ਤਕ ਕਿ ਉਹ ਉਥੇ ਬਿਨਾਂ ਕਿਸੇ ਕੰਮ ਦੇ ਖੜੇ ਹੋਣ, ਤਾਂ ਵੀ ਤੁਹਾਡੀ ਮੌਜੂਦਗੀ ਤੋਂ ਅਣਜਾਨ ਰਹਿੰਦੇ ਹਨ। ਪਿੰਡ-ਦਰ-ਪਿੰਡ ਤੇ ਸ਼ਹਿਰ-ਦਰ-ਸ਼ਹਿਰ ਅਜਿਹਾ ਹੀ ਨਜ਼ਾਰਾ ਦਿਖਾਈ ਦਿੰਦਾ ਹੈ। ਬੁੱਸੇ ਚਿਹਰਿਆਂ ਵਾਲੇ ਕਮਜ਼ੋਰ ਨੌਜਵਾਨ ਤੁਹਾਨੂੰ ਬਾਜ਼ਾਰਾਂ, ਭੀੜ-ਭਾੜ ਵਾਲੇ ਚੁਰਸਤਿਆਂ, ਬੱਸ ਅੱਡਿਆਂ, ਸੜਕਾਂ, ਗਲੀਆਂ ਤੇ ਹਰ ਥਾਂ ਮਿਲ ਜਾਣਗੇ। ਮੋਗਾ ਦੇ ਦਿਹਾਤੀ ਇਲਾਕੇ ਵਿਚ ਇਕ ਢਾਬੇ 'ਤੇ, ਜਿਥੇ ਅਗਲੇ ਦਿਨ ਅਸੀਂ ਰਾਤ ਦੇ ਖਾਣੇ ਲਈ ਰੁਕੇ, ਸਾਨੂੰ ਇਕ ਬਜ਼ੁਰਗ ਮਿਲਿਆ। ਉਸ ਨਾਲ ਗੱਲਬਾਤ ਕਰਨ 'ਤੇ ਪਤਾ ਚੱਲਿਆ ਕਿ ਉਸ ਦੇ ਨੌਜਵਾਨ ਪੁੱਤਰ ਦਾ ਇਕ ਨਸ਼ਾ ਮੁਕਤ ਕੇਂਦਰ ਵਿਚ ਇਲਾਜ ਚੱਲ ਰਿਹਾ ਹੈ। 'ਪੇਂਡੂ ਇਲਾਕਿਆਂ ਵਿਚ ਦਸ ਵਿਚੋਂ ਸੱਤ ਲੜਕੇ ਨਸ਼ੇ ਦੇ ਆਦੀ ਹਨ।' ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਗਿਆਨ ਸਿੰਘ ਨੇ ਇਹ ਗੱਲ ਕਹੀ। ਉਨ੍ਹਾਂ ਦੀ ਆਵਾਜ਼ ਵਿਚ ਚਿੰਤਾ ਤੇ ਗੁੱਸਾ ਦੋਵੇਂ ਸਨ। ਯੂਨੀਵਰਸਿਟੀ ਗੈਸਟ ਹਾਊਸ ਦੇ ਵੇਹੜੇ ਵਿਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਨੇ ਨਸ਼ੇ ਤੋਂ ਇਲਾਵਾ ਪੰਜਾਬ ਨੂੰ ਪ੍ਰਭਾਵਤ ਕਰ ਰਹੇ ਖ਼ਤਰਿਆਂ ਬਾਰੇ ਸਾਡੇ ਨਾਲ ਵਿਸਥਾਰ ਵਿਚ ਗੱਲਬਾਤ ਕੀਤੀ।

### ਨਸ਼ੇ ਦਾ ਫੈਲਦਾ ਜਾਲ

ਅਜਿਹਾ ਹੀ ਤਰਕ ਉਸ ਹਲਫ਼ਨਾਮੇ ਵਿਚ ਵੀ ਦਿੱਤਾ ਗਿਆ ਹੈ, ਜਿਸ ਨੂੰ ਪੰਜਾਬ ਦੇ ਸਮਾਜਕ ਸੁਰੱਖਿਆ ਵਿਭਾਗ ਦੇ ਸਕੱਤਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਿੱਤਾ ਹੈ। ਇਸ ਹਲਫ਼ਨਾਮੇ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੀ ਆਬਾਦੀ ਦਾ 16 ਫ਼ੀਸਦੀ ਨਸ਼ੇ ਦੇ ਜਾਲ ਵਿਚ ਫਸ ਗਿਆ ਹੈ। ਕੁਝ ਸਮਾਂ ਪਹਿਲਾਂ ਹਾਈ ਕੋਰਟ ਵਿਚ ਦਿੱਤਾ ਗਿਆ ਇਹ ਹਲਫ਼ਨਾਮਾ ਦੱਸਦਾ ਹੈ ਕਿ ਹਰੇਕ ਤੀਸਰਾ ਵਿਦਿਆਰਥੀ ਤੇ ਹਰੇਕ ਦਸਵੀਂ ਜਮਾਤ ਦੇ ਵਿਦਿਆਰਥੀ ਨੇ ਨਸ਼ੇ ਦਾ ਸਵਾਦ ਦੇਖਿਆ ਹੈ ਤੇ ਕਾਲਜ ਵਿਚ ਪੜ੍ਹਨ ਵਾਲੇ ਦਸ ਵਿਚੋਂ ਸਤ ਵਿਦਿਆਰਥੀ ਇਸ ਜਾਂ ਉਸ ਨਸ਼ੇ ਦੇ ਆਦੀ ਹਨ। ਹਲਫ਼ਨਾਮੇ ਵਿਚ ਇਥੋਂ ਤਕ ਕਿਹਾ ਗਿਆ ਹੈ, 'ਪੂਰਾ ਪੰਜਾਬ ਨਸ਼ੇ ਦੇ ਇਕ ਅਜਿਹੇ ਤੂਫ਼ਾਨ ਦੀ ਲਪੇਟ ਵਿਚ ਹੈ, ਜਿਸ ਨੇ ਨੌਜਵਾਨਾਂ ਦੀ ਨੈਤਿਕਤਾ, ਉਨ੍ਹਾਂ ਦੇ ਸ਼ਰੀਰ ਤੇ ਚਰਿੱਤਰ ਨੂੰ ਚੌਪਟ ਕਰ ਦਿੱਤਾ ਹੈ। ਸਾਡੇ ਸਾਹਮਣੇ ਨੌਜਵਾਨ ਪੀੜ੍ਹੀ ਨੂੰ ਗਵਾ ਦੇਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਜਿਉਂਦਾ ਪੰਜਾਬ, ਜਿਸ ਨੇ ਹਰੀ ਕ੍ਰਾਂਤੀ ਕੀਤੀ ਸੀ, ਅੱਜ ਇਕ ਹੈਰਾਨਕੁਨ ਸਿਫ਼ਰ ਦੀ ਸਥਿਤੀ ਵਿਚ ਹੈ।' ਸਕੱਤਰ ਨੇ ਇਹ ਵੀ ਦੱਸਿਆ ਕਿ 67 ਫੀਸਦੀ ਪੇਂਡੂ ਪਰਿਵਾਰਾਂ ਵਿਚ ਘੱਟੋ-ਘੱਟ ਇਕ ਵਿਅਕਤੀ ਨਸ਼ੇ ਦਾ ਆਦੀ ਹੈ।'



ਇਹ ਹੈਰਾਨਕੁਨ ਅੰਕੜੇ ਹੋ ਸਕਦਾ ਹੈ ਕਿ ਪੂਰੀ ਸੱਚਾਈ ਨੂੰ ਉਜਾਗਰ ਨਾ ਕਰਦੇ ਹੋਣ, ਇਸ ਦੇ ਬਾਵਜੂਦ ਉਹ ਬਹੁਤ ਕੁਝ ਕਹਿ ਦਿੰਦੇ ਹਨ। ਪੰਜਾਬ 'ਗੋਲਡਨ ਕ੍ਰੀਸੈਂਟ' ਦੇ ਪਾਸ ਹੋਣ ਨਾਲ ਕਿਤੇ ਜ਼ਿਆਦਾ ਸੰਵੇਦਨਸ਼ੀਲ ਹੈ। ਯਾਦ ਰਹੇ, ਗੈਰ ਕਾਨੂੰਨੀ ਅਫੀਮ-ਉਤਪਾਦਨ ਦੇ ਏਸ਼ੀਆ ਦੇ ਦੋ ਮੁੱਖ ਖੇਤਰਾਂ ਵਿਚ, ਜੋ ਮੱਧ, ਦੱਖਣੀ ਤੇ ਪੱਛਮੀ ਏਸ਼ੀਆ ਵਿਚ ਸਥਿਤ ਹਨ, ਵਿਚੋਂ ਇਕ ਨੂੰ ਗੋਲਡਨ ਕ੍ਰੀਸੈਂਟ ਦਾ ਨਾਮ ਦਿੱਤਾ ਗਿਆ ਹੈ। ਇਹ ਇਲਾਕਾ ਤਿੰਨ ਦੇਸ਼ਾਂ -ਅਫਗਾਨਿਸਤਾਨ, ਇਰਾਨ ਤੇ ਪਾਕਿਸਤਾਨ ਨਾਲ ਘਿਰਿਆ ਹੋਇਆ ਹੈ, ਜਿਨ੍ਹਾਂ ਦੇ ਪਰਬਤੀ ਖੇਤਰ ਮਿਲ ਕੇ ਕ੍ਰੀਸੈਂਟ (ਅਰਧ ਚੰਦਰਾਕਾਰ) ਬਣਾਉਂਦੇ ਹਨ। ਸਾਨੂੰ ਦੱਸਿਆ ਗਿਆ ਕਿ ਹਾਲ ਦੇ ਸਾਲਾਂ ਵਿਚ ਪੱਛਮ ਨੂੰ ਨਾਰਕੋਟਿਕਸ ਦੀ ਗੈਰ ਕਾਨੂੰਨੀ ਸਪਲਾਈ ਲਈ ਪੰਜਾਬ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਸਰਹੱਦ ਦੀ ਜ਼ਬਰਦਸਤ ਨਾਕੇਬੰਦੀ ਦੇ ਬਾਵਜੂਦ ਤਸਕਰੀ, ਕਈ ਵਾਰ ਅਧਿਕਾਰੀਆਂ ਦੀ ਮਿਲੀਭੁਗਤ ਨਾਲ, ਆਸਮਾਨ ਛੂਹ ਰਹੀ ਹੈ। ਡਿਲਿਵਰੀ ਦਾ ਪਹਿਲਾ ਕੇਂਦਰ ਹੋਣ ਕਾਰਨ ਇਥੇ ਨਸ਼ੀਲੇ ਪਦਾਰਥ ਆਸਾਨੀ ਨਾਲ ਮਿਲ ਜਾਂਦੇ ਹਨ। ਪਾਕਿਸਤਾਨ ਦੀ ਸਰਹੱਦ ਨਾਲ ਲਗਦੇ ਤਰਨ ਤਾਰਨ ਨੂੰ ਪੰਜਾਬ ਦੇ ਸਭ ਤੋਂ ਗੰਭੀਰ ਰੂਪ ਵਿਚ ਪ੍ਰਭਾਵਤ ਜ਼ਿਲ੍ਹਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਐਂਟੀ-ਨਾਰਕੋਟਿਕਸ ਫੋਰਸ ਅਨੁਸਾਰ ਪੰਜਾਬ ਦੇ ਸਾਰੇ ਵੀਹ ਜ਼ਿਲ੍ਹੇ ਨਸ਼ੇ ਦੇ ਸੌਦਾਗਰਾਂ ਤੋਂ ਪੀੜਤ ਹਨ।

### ਬਚਪਨ ਤੋਂ ਹੀ ਸ਼ੁਰੂਆਤ

ਸੋਨੂੰ ਵਰਗੇ, ਜਿਨ੍ਹਾਂ ਦੇ ਪਿਤਾ ਨੂੰ ਅਸੀਂ ਮੋਗਾ ਦੇ ਦਿਹਾਤੀ ਇਲਾਕੇ ਵਿਚ ਇਕ ਢਾਬੇ 'ਤੇ ਮਿਲੇ ਸੀ, ਕੁਝ ਲੋਕਾਂ ਨੇ ਆਪਣੇ ਜੀਵਨ ਦੀ ਸ਼ੁਰੂਆਤ ਵਿਚ ਹੀ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ। ਸੋਨੂੰ ਨੇ 12 ਸਾਲ ਦੀ ਉਮਰ ਵਿਚ ਨਸ਼ਾ ਕਰਨਾ ਸ਼ੁਰੂ ਕੀਤਾ ਸੀ। ਸਭ ਤੋਂ ਪਹਿਲਾਂ ਉਸ ਨੇ ਵ੍ਹਾਇਟਨਰਸ ਨੂੰ ਲੈਣਾ ਸ਼ੁਰੂ ਕੀਤਾ। ਯਾਦ ਰਹੇ, ਟਾਈਪਰਾਇਟਰ ਚੱਲਣ ਦੇ ਦਿਨਾਂ ਵਿਚ ਟਾਈਪਿੰਗ ਦੀਆਂ ਗਲਤੀਆਂ ਸੁਧਾਰਨ ਲਈ ਵ੍ਹਾਇਟਨਰ ਦੀ ਵਰਤੋਂ ਕੀਤੀ ਜਾਂਦੀ ਸੀ। ਕੁਝ ਗਲਤ ਟਾਈਪ ਹੋ ਜਾਣ 'ਤੇ ਇਸ ਨੂੰ ਉਸ ਉਪਰ ਲਾ ਦਿੱਤਾ ਜਾਂਦਾ ਸੀ ਤੇ ਫਿਰ ਦੁਬਾਰਾ ਸ਼ੁੱਧ ਅੱਖਰ, ਸ਼ਬਦ ਜਾਂ ਵਾਕ ਟਾਈਪ ਕੀਤਾ ਜਾਂਦਾ ਸੀ। ਅੱਜ ਕੱਲ ਟਾਈਪਰਾਇਟਰਾਂ ਦੇ ਦੁਰਲਭ ਚੀਜ਼ ਹੋ ਜਾਣ ਦੇ ਬਾਵਜੂਦ ਵ੍ਹਾਇਟਨਰਜ਼ ਦਾ ਆਸਾਨੀ ਨਾਲ ਮਿਲਣਾ ਜਾਰੀ ਹੈ। ਇਸ ਤੋਂ ਬਾਅਦ ਇਹ ਬੱਚੇ ਗਾਂਜਾ, ਚਰਸ, ਅਫੀਮ ਤੇ ਅਖੀਰ ਹੈਰੋਇਨ ਵਰਗੇ ਉਚ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਲੱਗਦੇ ਹਨ।

ਇੰਡੀਅਨ ਜਨਰਲ ਆਫ ਇਜ਼ੀਏਟਰੀ ਵਿਚ 2002 ਵਿਚ ਪ੍ਰਕਾਸ਼ਤ ਇਕ ਪਰਚੇ ਵਿਚ ਕਿਹਾ ਗਿਆ ਸੀ ਕਿ 'ਅਫੀਮ ਵਰਗੇ ਰਵਾਇਤੀ ਤੌਰ 'ਤੇ ਵਰਤੇ ਜਾਣ ਵਾਲੇ ਨਸ਼ੇ ਦੀ ਥਾਂ ਨੀਂਦ ਲਿਆਉਣ ਵਾਲੇ (ਅਫੀਮ ਵਿਚ ਸ਼ਾਮਲ) ਇੰਜਕੈਸ਼ਨ ਵਰਗੇ ਨਸ਼ੇ ਲਏ ਜਾ ਰਹੇ ਹਨ।' ਪੁਨਰਵਾਸ ਕੇਂਦਰਾਂ ਵਿਚ ਤਾਇਨਾਤ ਡਾਕਟਰਾਂ ਨੇ ਇਸ ਦੀ ਪੁਸ਼ਟੀ ਕੀਤੀ ਕਿ ਹੈਰੋਇਨ ਜਾਂ ਇੰਜੈਕਸ਼ਨ ਨਾਲ ਲੈਣ ਵਾਲੇ ਨਸ਼ਿਆਂ 'ਤੇ ਨਿਰਭਰਤਾ ਭੰਗ, ਚਰਸ ਜਾਂ ਅਫੀਮ ਵਰਗੇ ਨਸ਼ਿਆਂ ਦੀ ਵਰਤੋਂ ਕਰਨ ਦੇ ਕੁਝ ਸਾਲ ਬਾਅਦ ਹੁੰਦੀ ਹੈ। ਹੁਣ ਨਸ਼ਾ ਮੁਕਤ ਕੇਂਦਰਾਂ ਵਿਚ ਅਜਿਹੇ ਲੋਕ ਭਰਤੀ ਹੁੰਦੇ ਹਨ, ਜੋ ਇੰਜੈਕਸ਼ਨ ਨਾਲ ਨਸ਼ਾ ਜਾਂ ਹੈਰੋਇਨ ਲੈਣ ਦੇ ਆਦੀ ਹਨ।

### ਆਰਥਕ ਕਾਰਨ

ਡਾ. ਆਰ.ਕੇ. ਮਹਾਜਨ ਨੇ, ਜੋ ਪੰਜਾਬੀ ਯੂਨੀਵਰਸਿਟੀ ਦੇ ਬਠਿੰਡਾ ਸਥਿਤ ਖੇਤਰੀ ਕੇਂਦਰ ਵਿਚ ਅਰਥ ਸ਼ਾਸਤਰ ਪੜ੍ਹਾਉਂਦੇ ਹਨ, ਦੱਸਿਆ ਕਿ ਲੱਚਰ ਪ੍ਰਸ਼ਾਸਨ ਰਾਜਸਥਾਨ ਤੋਂ ਭੁੱਕੀ ਦੀ ਬੇਰੋਕ-ਟੋਕ ਤਸਕਰੀ ਹੋਣ ਦੇ ਰਿਹਾ ਹੈ। ਪੰਜਾਬ ਵਿਚ ਵੱਧਦੀ ਮੰਗ ਨੂੰ ਦੇਖਦੇ ਹੋਏ, ਰਾਜਸਥਾਨ ਦੇ ਕਈ ਕਾਰੋਬਾਰੀਆਂ ਨੇ ਸਰਹੱਦ ਕੋਲ ਲਾਇਸੰਸੀ ਦੁਕਾਨਾਂ ਖੋਲ੍ਹ ਲਈਆਂ ਹਨ। ਪ੍ਰੋ. ਮਹਾਜਨ ਨੇ ਦੱਸਿਆ, 'ਭੂਸਵਾਮੀ ਇਸ ਨੂੰ (ਭੁੱਕੀ ਨੂੰ) ਆਪਣੇ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਦਿੰਦੇ ਹਨ, ਤਾਂ ਕਿ ਉਹ ਉਨ੍ਹਾਂ ਕੋਲੋਂ ਜ਼ਿਆਦਾ ਮਜ਼ਦੂਰੀ ਕਰਵਾ ਸਕਣ।'

ਨਸ਼ਾ ਮੁਕਤੀ ਕੇਂਦਰ ਵਿਚ ਅਮੀਰ ਕਿਸਾਨ ਪਰਿਵਾਰਾਂ ਦੇ ਹੱਟੇ-ਕੱਟੇ ਨੌਜਵਾਨਾਂ ਨਾਲ ਹੀ ਖੇਤ ਮਜ਼ਦੂਰ ਪਰਿਵਾਰਾਂ ਦੇ ਨੌਜਵਾਨਾਂ ਦਾ ਵੀ ਇਲਾਜ ਹੁੰਦਾ ਹੈ। ਇਹ ਸੰਕਟ ਅਮੀਰ ਤੇ ਗਰੀਬ ਵਿਚਾਲੇ ਭੇਦਭਾਵ ਨਹੀਂ ਕਰਦਾ। ਇਹ ਕਿਸੇ ਨੂੰ ਛੱਡਦਾ ਵੀ ਨਹੀਂ ਹੈ। ਕੁਝ ਮਾਮਲਿਆਂ ਵਿਚ, ਔਰਤਾਂ ਤੇ ਬੱਚਿਆਂ ਸਮੇਤ, ਪੂਰੇ ਦਾ ਪੂਰਾ ਪਰਿਵਾਰ ਹੀ ਨਸ਼ੇ ਦਾ ਆਦੀ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੋਸ਼ਿਓਲਾਜੀ ਦੇ ਪ੍ਰੋ. ਅਤੇ ਡਰਗ ਐਡਿਕਸ਼ਨ ਇਨ ਪੰਜਾਬ:ਏ ਸੋਸ਼ਿਓਲਾਜੀਕਲ ਸਟੱਡੀ ਦੇ ਲੇਖਕ ਰਵਿੰਦਰ ਸਿੰਘ ਦਾ ਕਹਿਣਾ ਹੈ, 'ਅਸੀਂ ਨਸ਼ੇ ਦੇ ਆਦੀ ਲੋਕਾਂ ਨੂੰ ਮਿਲੇ, ਜਿਨ੍ਹਾਂ ਦੀ ਉਮਰ ਮਹਿਜ਼ 13 ਸਾਲ ਦੀ ਸੀ। ਨਸ਼ਾਖੋਰਾਂ ਵਿਚ 40 ਫੀਸਦੀ 50 ਸਾਲ ਤੋਂ ਘੱਟ ਉਮਰ ਦੇ ਹਨ, 15 ਫੀਸਦ 50 ਸਾਲ ਤੋਂ ਉਪਰ ਤੇ ਅੱਧੀਆਂ ਔਰਤਾਂ ਹਨ। ਪੰਜਾਬ ਦੇ 75 ਫੀਸਦ ਨੌਜਵਾਨ ਨਸ਼ੇ ਦੇ ਆਦੀ ਹਨ। ਜੇਕਰ ਇਹ ਜਾਰੀ ਰਿਹਾ, ਤਾਂ 2030 ਤਕ ਪੰਜਾਬ ਦੀ ਕਹਾਣੀ ਖ਼ਤਮ ਹੋ ਜਾਵੇਗੀ।' ਦ੍ਰਿਸ਼ ਫਿਕਾ ਤੇ ਰੰਗਹੀਣ ਹੈ।

ਨਸ਼ੀਲੇ ਪਦਾਰਥਾਂ ਦਾ ਇਹ ਮੁਨਾਫ਼ਾਦੇਹ ਵਪਾਰ ਇਕ ਗਠਜੋੜ ਰਾਹੀਂ ਚਲਾਇਆ ਜਾ ਰਿਹਾ ਹੈ। ਇਹ ਤਸਕਰ ਪੁਲੀਸ-ਸਿਆਸੀ ਗਠਜੋੜ ਹੈ, ਜਿਸ ਨੂੰ ਪਰਚੂਨ ਦੁਕਾਨਾਂ ਦੀ ਲੜੀ ਰਾਹੀਂ ਮਦਦ ਮਿਲ ਰਹੀ ਹੈ। ਸ਼ਾਸਕ, ਸਿਆਸੀ ਤੇ ਕਾਨੂੰਨ ਦੇ ਸ਼ਾਸਨ ਲਈ ਜ਼ਿੰਮੇਵਾਰ ਏਜੰਸੀਆਂ ਇਸ ਲਈ ਇਕ-ਦੂਸਰੇ ਨੂੰ ਦੋਸ਼ ਦਿੰਦੀਆਂ ਹਨ, ਜਦਕਿ ਉਨ੍ਹਾਂ ਨੇ ਆਪਸ ਵਿਚ ਹੱਥ ਮਿਲਾ ਰੱਖੇ ਹਨ।

ਇਨ੍ਹਾਂ ਸਭ ਦੇ ਬਾਵਜੂਦ ਇਸ ਖ਼ਤਰੇ ਦੇ ਵਿਸਥਾਰ ਦੀ ਵਿਆਪਕਤਾ ਤੇ ਇਸ ਵਿਚ ਬੇਹੱਦ ਜ਼ੋਖ਼ਮਾਂ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਕ ਪੁਲੀਸ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਨਸ਼ੇ ਦੀ ਜ਼ਿਆਦਾ ਖੁਰਾਕ ਨਾਲ ਕਿਸੇ ਪਰਿਵਾਰ ਵਿਚ ਹੋਈ ਮੌਤ ਤੋਂ ਪਰਿਵਾਰ ਵਾਲੇ ਅਕਸਰ ਇਨਕਾਰ ਕਰ ਦਿੰਦੇ ਹਨ ਤੇ ਇਸ ਨੂੰ ਖੁਦਕੁਸ਼ੀ ਦੱਸਦੇ ਹਨ। ਇਸ ਨਾਲ ਸਿਆਸੀ ਪਾਰਟੀਆਂ, ਸਮਾਜ ਸੇਵੀ ਤੇ ਅਕਾਦਮਿਕ ਵਿਦਵਾਨ, ਸਾਰੇ ਚਿੰਤਤ ਹਨ। ਪਰ ਸਰਕਾਰ ਇਸ ਖ਼ਤਰੇ ਨਾਲ ਸਿੱਝਣ ਲਈ ਅਸਲ ਵਿਚ ਕੁਝ ਠੋਸ ਕਰਦੀ ਨਜ਼ਰ ਨਹੀਂ ਆਉਂਦੀ, ਜਿਸ ਨੇ ਪਹਿਲਾਂ ਹੀ ਮਹਾਂਮਾਰੀ ਦਾ ਰੂਪ ਲੈ ਲਿਆ ਹੈ। ਇਹੀ ਨਹੀਂ, ਸਮੱਸਿਆ ਦੀ ਵਿਕਰਾਲਤਾ ਦੇ ਬਾਵਜੂਦ ਪੂਰੇ ਸੂਬੇ ਵਿਚ ਸਿਰਫ਼ 23 ਮਾਨਤਾ ਪ੍ਰਾਪਤ ਨਸ਼ਾ ਮੁਕਤੀ ਕੇਂਦਰ ਹਨ।

ਇਸ ਮਾਮਲੇ 'ਤੇ ਵਿਚਾਰ ਪ੍ਰਗਟ ਕਰਦੇ ਹੋਏ ਪ੍ਰੋ. ਗਿਆਨ ਸਿੰਘ ਨੇ ਕਿਹਾ, 'ਆਰਥਕ ਮੁੱਦਾ ਦਹਿਸ਼ਤਵਾਦ (1990 ਦੇ ਦਹਾਕੇ ਵਿਚ) ਲਈ ਜ਼ਿੰਮੇਵਾਰ ਮਹੱਤਵਪੂਰਨ ਮੁੱਦਿਆਂ ਵਿਚੋਂ ਇਕ ਸੀ। ਜੋ ਲੋਕ ਦਹਿਸ਼ਤਵਾਦੀ ਬਣੇ, ਉਹ ਛੋਟੇ/ਗਰੀਬ ਕਿਸਾਨਾਂ ਦੇ ਪਰਿਵਾਰਾਂ ਵਿਚੋਂ ਸਨ। ਸਰੋਤਾਂ ਦੀ ਨਾਬਰਾਬਰੀ ਵੰਡ ਕਾਰਨ ਇਹ ਸਮੱਸਿਆ ਪੈਦਾ ਹੋਈ?' ਉਨ੍ਹਾਂ ਕਿਹਾ, 'ਅੱਜ ਨੌਜਵਾਨ ਪੀੜ੍ਹੀ ਨਸ਼ੇ ਦੀ ਆਦੀ ਹੋ ਗਈ ਹੈ ਤੇ ਇਹ ਨੌਜਵਾਨ ਛੋਟੇ-ਮੋਟੇ ਅਪਰਾਧਾਂ ਵਿਚ ਵੀ ਸ਼ਾਮਲ ਹਨ। ਖੇਤੀ ਸੰਕਟ ਦੇ ਆਪਣੇ ਸਮਾਜਕ ਸੰਦਰਭ ਹਨ।' ਨਸ਼ੀਲੇ ਪਦਾਰਥਾਂ ਦੀ ਆਸਾਨੀ ਨਾਲ ਉਪਲਬੱਧਤਾ ਨੇ ਸਮੱਸਿਆ ਨੂੰ ਹੋਰ ਉਤਸ਼ਾਹਤ ਕੀਤਾ ਹੈ। ਹਾਈ ਕੋਰਟ ਵਿਚ ਦਿੱਤੇ ਗਏ ਸਹੁੰ ਪੱਤਰ ਅਨੁਸਾਰ, 'ਪੰਜਾਬ ਦਾ ਜੀਵਨ ਇਕ ਮਿਥ ਬਣ ਗਿਆ ਹੈ..ਕਈ ਲੋਕ ਆਪਣੇ ਰੋਜ਼ ਦੇ ਨਸ਼ੇ ਦੀ ਖੁਰਾਕ ਲਈ ਆਪਣਾ ਖ਼ੂਨ ਵੇਚਦੇ ਹਨ, ਇਥੋਂ ਤਕ ਕਿ ਉਹ ਆਪਣਾ ਨਸ਼ਾ ਜਾਰੀ ਰੱਖਣ ਲਈ ਸੜਕਾਂ 'ਤੇ ਭੀਖ ਮੰਗਦੇ ਹਨ।' ਇਸ ਤਰ੍ਹਾਂ ਦੇ ਮਾਮਲੇ ਵੀ ਹਨ, ਜਿਥੇ ਨਕਦ ਪੈਸੇ ਦੀ ਕਮੀ ਦੇ ਚਲਦਿਆਂ ਨਸ਼ਾਖੋਰ ਅਕਸਰ ਅਪਰਾਧ ਕਰ ਲੈਂਦੇ ਹਨ। ਇਸ ਦੇ ਨਾਲ ਹੀ, ਕੁਝ ਤਾਂ ਆਪਣੀ ਲਤ ਨੂੰ ਪੂਰਾ ਕਰਨ ਲਈ ਪੈਸੇ ਲਈ ਠੇਕੇ 'ਤੇ ਹੱਤਿਆ ਕਰਨ ਚਲੇ ਜਾਂਦੇ ਹਨ।

ਇਸੇ ਤਰ੍ਹਾਂ, ਡਰਗ ਮਾਫ਼ੀਆ ਦੇ ਖਾਲਿਸਤਾਨੀ ਦਹਿਸ਼ਤਗਰਦਾਂ ਨਾਲ ਸੰਪਰਕ ਵੀ ਘੱਟ ਖ਼ਤਰਨਾਕ ਨਹੀਂ ਹਨ। ਇਨ੍ਹਾਂ ਵਿਚੋਂ ਕੁਝ ਤਾਂ ਕਾਰੋਬਾਰ ਨਾਲ ਸਿੱਧੇ ਜੁੜੇ ਹੋਏ ਹਨ। ਨੱਬੇ ਦੇ ਦਹਾਕੇ ਵਿਚ ਪੰਜਾਬ ਵਿਚ ਦਹਿਸ਼ਤਵਾਦ ਦੇ ਦੌਰ ਦੌਰਾਨ ਪਾਕਿਸਤਾਨ ਦੇ ਨਸ਼ੇ ਦੇ ਤਸਕਰਾਂ ਤੇ ਲੋਕਲ ਦਹਿਸ਼ਤੀ ਸਮੂਹਾਂ ਵਿਚਾਲੇ ਗਠਜੋੜ ਕਾਇਮ ਹੋਇਆ ਸੀ। ਇਸ ਗਠਜੋੜ ਦਾ ਇਸਤੇਮਾਲ ਖਾਲਿਸਤਾਨ ਅੰਦੋਲਨ ਲਈ ਪੈਸਾ ਜੁਟਾਉਣ ਲਈ ਕੀਤਾ ਗਿਆ। ਕੁਝ ਸਮੇਂ ਪਹਿਲਾਂ ਖਾਲਿਸਤਾਨੀ ਜ਼ਿੰਦਾਬਾਦ ਫੋਰਸ ਨਾਲ ਸਬੰਧਤ ਕੁਝ ਦਹਿਸ਼ਤਗਰਦਾਂ ਤੇ ਕੁਝ ਸਾਬਕਾ ਦਹਿਸ਼ਤਗਰਦਾਂ ਨੂੰ ਹੈਰੋਇਨ ਨਾਲ ਫੜਿਆ ਗਿਆ। ਹੁਣ, ਨਸ਼ੀਲੇ ਪਦਾਰਥਾਂ ਦੀ ਵਿਕਰੀ ਤੋਂ ਹਾਸਲ ਪੈਸੇ ਦਾ ਇਸਤਮਾਲ ਅੰਦੋਲਨ ਨੂੰ ਮੁੜ ਜੀਵਤ ਕਰਨ ਲਈ ਕੀਤਾ ਜਾ ਰਿਹਾ ਹੈ।

ਹੁਣ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਨਕਦ ਪੈਸੇ ਤੇ ਸਾਮਾਨ ਦੇ ਨਾਲ ਹੀ ਨਸ਼ੀਲੇ ਪਦਾਰਥਾਂ ਦਾ ਵੀ ਲਾਲਚ ਦਿੱਤਾ ਜਾਵੇਗਾ। ਜਿਵੇਂ ਜਿਵੇਂ ਚੋਣ ਪ੍ਰਕਿਰਿਆ ਤੇਜ਼ ਹੋਵੇਗੀ, ਸੂਬੇ 'ਤੇ ਇਕ ਵੱਡਾ ਖ਼ਤਰਾ ਮੰਡਰਾਉਣ ਲੱਗੇਗਾ। ਕੇਵਲ ਇਹ ਹੀ ਨਹੀਂ ਇਸ ਨਾਲ ਖੁਰਾਕ ਦੇ ਕੇਂਦਰੀ ਪੂਲ ਵਿਚ ਕਰੀਬ ਅੱਧੇ ਦਾ ਯੋਗਦਾਨ ਦੇਣ ਵਾਲੇ ਪੰਜਾਬ ਦੀ ਖੇਤੀ ਤੇ ਉਦਯੋਗ, ਦੋਵੇਂ ਹੀ ਖ਼ਤਰੇ ਵਿਚ ਹਨ।

ਧੁਖਦਾ ਕਾਲਮ

# ਸੜਕਾਂ 'ਤੇ ਬੇਲਗਾਮ ਦੌੜਦੀ ਮੌਤ

ਸੁਸ਼ੀਲ ਦੁਸਾਂਝ

ਅੰਬਾਲਾ ਨੇੜੇ ਇਕ ਸਕੂਲੀ ਵਾਹਨ ਦੀ ਟਰਕ ਨਾਲ ਟੱਕਰ ਨੇ 12 ਮਾਸੂਮ ਬੱਚਿਆਂ ਦੀ ਜਾਨ ਲੈ ਲਈ ਹੈ। ਲਗਾਤਾਰ ਵੱਧ ਰਹੇ ਸੜਕੀ ਹਾਦਸਿਆਂ ਨੇ ਇਹ ਲੋੜ ਪੈਦਾ ਕਰ ਦਿੱਤੀ ਹੈ ਕਿ ਸੜਕੀ ਹਾਦਸਿਆਂ ਦੇ ਕਾਰਨਾਂ ਦੀ ਡੂੰਘੀ ਚੀਰ-ਫਾੜ ਕਰਦਿਆਂ ਇਨ੍ਹਾਂ ਤੋਂ ਬਚਾਅ ਲਈ ਢੰਗ ਤਰੀਕੇ ਤਲਾਸ਼ਣ ਦੇ ਹਰ ਸੰਭਵ ਯਤਨ ਕੀਤੇ ਜਾਣ। ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਮੁਤਾਬਕ ਅੱਜ ਸਿਹਤ ਸੰਬਧੀ ਖ਼ਤਰਿਆਂ ਵਿੱਚ ਸੜਕ ਹਾਦਸਿਆਂ ਤੋਂ ਹੋਣ ਵਾਲਾ ਨੁਕਸਾਨ 9ਵੇਂ ਸਥਾਨ 'ਤੇ ਹੈ ਪਰ ਇਹ ਇਥੇ ਹੀ ਰੁਕਣ ਵਾਲਾ ਨਹੀਂ ਹੈ। ਜੇਕਰ ਮੌਜੂਦਾ ਰਫ਼ਤਾਰ ਨਾਲ ਹੀ ਸੜਕਾਂ 'ਤੇ ਮੌਤ ਚਾਂਗਰਾਂ ਮਾਰਦੀ ਫਿਰਦੀ ਰਹੀ ਤਾਂ ਉਹ ਦਿਨ ਬਹੁਤਾ ਦੂਰ ਨਹੀਂ ਜਦੋਂ ਦਿਲ ਦੇ ਦੌਰਿਆਂ ਅਤੇ ਮਾਨਸਿਕ ਤਣਾਅ ਤੋਂ ਬਾਅਦ ਸਿਹਤ ਲਈ ਸਭ ਤੋਂ ਵੱਡੀ ਚੁਣੌਤੀ ਸੜਕੀ ਹਾਦਸੇ ਹੋਣਗੇ।

ਇਕ ਅਨੁਮਾਨ ਮੁਤਾਬਕ ਸੰਸਾਰ ਭਰ ਵਿਚ ਰੋਜ਼ਾਨਾ ਤਿੰਨ ਹਜ਼ਾਰ ਲੋਕ ਸੜਕ ਹਾਦਸਿਆਂ ਵਿਚ ਆਪਣੀ ਜਾਨ ਗਵਾ ਬੈਠਦੇ ਹਨ ਅਤੇ ਲਗਭਗ ਡੇਢ ਲੱਖ ਲੋਕ ਜ਼ਖ਼ਮੀ ਹੋ ਜਾਂਦੇ ਹਨ। ਦੁਨੀਆ ਵਿਚ 2.1 ਫੀਸਦੀ ਮੌਤਾਂ ਦਾ ਕਾਰਣ ਸੜਕ ਹਾਦਸੇ ਹੁੰਦੇ ਹਨ। ਇੱਥੇ ਬਹੁਤ ਹੀ ਅਹਿਮ ਗੱਲ ਇਹ ਹੈ ਕਿ ਕੁਲ ਸੜਕੀ ਹਾਦਸਿਆਂ ਵਿਚੋਂ 90 ਫੀਸਦੀ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਵਾਪਰਦੇ ਹਨ ਤੇ ਇਨ੍ਹਾਂ ਦੇਸ਼ਾਂ ਵਿੱਚ ਵੀ 96 ਫੀਸਦੀ ਗਰੀਬ ਅਤੇ ਮੱਧ ਵਰਗ ਦੇ ਲੋਕ ਹੀ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਮਰਨ ਵਾਲਿਆਂ ਵਿੱਚ ਬਹੁਗਿਣਤੀ ਲੋਕ ਦੁਪਹੀਆ ਚਾਲਕ ਹੁੰਦੇ ਹਨ ਤੇ ਦੂਸਰਾ ਨੰਬਰ ਪੈਦਲ ਚਲਣ ਵਾਲੇ ਲੋਕਾਂ ਦਾ ਹੈ।

ਭਾਰਤ ਵਿੱਚ ਵੀ ਸੜਕੀ ਹਾਦਸੇ ਲਗਾਤਾਰ ਤੇਜ਼ੀ ਫੜ ਰਹੇ ਹਨ। ਸਾਡਾ ਦੇਸ਼ ਕਿਉਂਕਿ ਘੱਟ ਆਮਦਨ ਵਾਲੇ ਦੇਸ਼ਾਂ ਦੀ ਸੂਚੀ ਵਿਚ ਪਹਿਲੇ ਨੰਬਰਾਂ 'ਤੇ ਹੈ; ਇਸ ਲਈ ਇਥੇ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ/ਸਕੂਟਰ/ਮੋਟਰ ਸਾਈਕਲ ਸਵਾਰਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ ਤੇ ਇਨ੍ਹਾਂ ਲੋਕਾਂ ਨੂੰ ਹੀ ਸੜਕੀ ਹਾਦਸੇ ਸਭ ਤੋਂ ਜ਼ਿਆਦਾ ਨਿਗਲਦੇ ਹਨ। ਵਿਸ਼ਵ ਸਿਹਤ ਸੰਗਠਨ ਵਲੋਂ ਸੜਕੀ ਹਾਦਸਿਆਂ ਲਈ ਜ਼ਿੰਮੇਵਾਰ ਜਿਨ੍ਹਾਂ ਛੇ ਕਾਰਣਾਂ 'ਤੇ ਉਂਗਲ ਰੱਖੀ ਗਈ ਹੈ; ਉਹ ਸਾਰੇ ਦੇ ਸਾਰੇ ਸਾਡੇ ਦੇਸ਼ ਵਿਚ ਮੌਜੂਦ ਹੀ ਨਹੀਂ ਸਗੋਂ ਬੜੀ ਭਿਅੰਕਰ ਤੇਜ਼ੀ ਨਾਲ ਉਨ੍ਹਾਂ ਨੂੰ ਹੋਰ ਵੀ ਆਕਸੀਜਨ ਮੁਹੱਈਆ ਹੋ ਰਹੀ ਹੈ। ਇਨ੍ਹਾਂ ਕਾਰਣਾਂ ਵਿਚ ਵਾਹਨਾਂ ਦੀ ਤੇਜ਼ ਗਤੀ, ਸ਼ਰਾਬ ਪੀ.ਕੇ ਵਾਹਨ ਚਲਾਉਣਾ, ਹੈਲਮਟ ਅਤੇ ਸੀਟ ਬੈਲਟ ਦੀ ਵਰਤੋਂ ਨਾ ਕਰਨਾ, ਸਾਫ ਦਿਖਾਈ ਨਾ ਦੇਣਾ, ਸੜਕਾਂ ਅਤੇ ਵਾਹਨਾਂ ਦੀ ਹਾਲਤ ਠੀਕ ਨਾ ਹੋਣਾ ਅਤੇ ਸੜਕਾਂ 'ਤੇ ਸੁਰੱਖਿਆ ਦੇ ਪੂਰੇ ਪ੍ਰਬੰਧ ਨਾ ਹੋਣਾ ਸ਼ਾਮਲ ਹੈ। ਦੇਸ਼ ਦੇ ਨਾਲ-ਨਾਲ ਸਾਡੇ ਆਪਣੇ ਸੂਬੇ ਪੰਜਾਬ ਵਿਚ ਵੀ ਸੜਕੀ ਹਾਦਸਿਆਂ ਵਿਚ ਲਗਾਤਾਰ ਵਾਧਾ ਦਰਜ ਹੋ ਰਿਹਾ ਹੈ। ਉਪਰਲੇ ਸਾਰੇ ਕਾਰਣ ਪੰਜਾਬ ਵਿਚ ਮਜ਼ਬੂਤੀ ਨਾਲ ਪੈਰ ਜਮਾਈ ਬੈਠੇ ਹਨ। ਇੱਥੇ ਸਭ ਤੋਂ ਅਹਿਮ ਕਾਰਣ ਸੜਕਾਂ ਅਤੇ ਵਾਹਨਾਂ ਦੀ ਜਰਜ਼ਰ ਹਾਲਤ ਹੈ। ਖਾਸ ਤੌਰ 'ਤੇ ਸੜਕਾਂ ਦੀ ਹਾਲਤ ਤਾਂ ਏਨੀ ਜ਼ਿਆਦਾ ਖਰਾਬ ਹੈ ਕਿ ਕਈ ਵਾਰ ਹਾਲਾਤ ਬਿਆਨ ਕਰਨ ਲਈ ਸ਼ਬਦ ਵੀ ਸਾਥ ਨਹੀਂ ਦਿੰਦੇ। ਉਪਰੋਂ ਸੜਕਾਂ 'ਤੇ ਵਾਹਨਾਂ ਦਾ ਦਬਾਅ ਲਗਾਤਾਰ ਵੱਧ ਰਿਹਾ ਹੈ। ਨਵੀਆਂ ਸੜਕਾਂ ਕਿਤੇ ਬਣ ਨਹੀਂ ਰਹੀਆਂ, ਜੋ ਪਹਿਲਾਂ ਹਨ; ਉਨ੍ਹਾਂ ਦੀ ਥਾਂ 'ਤੇ ਤਾਂ ਕੱਚੇ ਰਾਹ ਹੀ ਸੌ ਦਰਜੇ ਚੰਗੇ ਸਨ। ਲਿੰਕ ਸੜਕਾਂ ਦੀ ਤਾਂ ਗੱਲ ਹੀ ਛੱਡੋ; ਜੀ.ਟੀ. ਰੋਡ 'ਤੇ ਵੀ ਜੇ ਕਿਤੇ ਕੋਈ ਰਿਪੇਅਰ ਜਾਂ ਪੁਲ ਆਦਿ ਦਾ ਕੰਮ ਚਲ ਰਿਹਾ ਹੁੰਦਾ ਹੈ ਤਾਂ ਉਸਨੂੰ ਮੁਕੰਮਲ ਹੋਣ ਵਿਚ ਕਈ ਵਾਰ ਵਰ੍ਹੇ ਲੱਗ ਜਾਂਦੇ ਹਨ।

ਦੇਸ਼ ਭਰ ਦੇ ਮੁੱਖ ਮਾਰਗਾਂ ਦੀ ਹਾਲਤ ਇਸ ਤੋਂ ਕੋਈ ਵੱਖਰੀ ਨਹੀਂ। ਇਸਦੇ ਨਾਲ ਹੀ ਸੜਕਾਂ 'ਤੇ ਵਾਹਨਾਂ ਦਾ ਲਗਾਤਾਰ ਵੱਧ ਰਿਹਾ ਦਬਾਅ ਹੀ ਹੈ ਕਿ ਚੰਡੀਗੜ੍ਹ ਵਰਗੇ ਸ਼ਹਿਰ ਵਿਚ ਵੀ ਸੜਕ ਹਾਦਸੇ ਰੁਟੀਨ ਬਣਦੇ ਜਾ ਰਹੇ ਹਨ। ਸੋਚਣ ਵਾਲੀ ਗੱਲ ਹੈ ਕਿ ਜੇ ਟ੍ਰੈਫਿਕ ਨਿਯਮਾਂ ਦੀ ਬਹੁਤ ਹੀ ਸਖ਼ਤੀ ਨਾਲ ਪਾਲਣਾ ਕਰਨ ਵਾਲੇ ਸ਼ਹਿਰ ਵਿਚ ਵੀ ਹਾਦਸਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਤਾਂ ਪੰਜਾਬ ਜਾਂ ਦੇਸ਼ ਦੇ ਉਨ੍ਹਾਂ ਬਹੁਤੇ ਹਿੱਸਿਆਂ ਵਿਚ ਸੜਕੀ ਹਾਦਸਿਆਂ ਨੂੰ ਕਿਵੇਂ ਰੋਕਿਆ ਜਾ ਸਕੇਗਾ; ਜਿੱਥੇ ਵਾਹਨ-ਚਾਲਕ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਣਾ ਹੀ ਆਪਣੀ ਸ਼ਾਨ ਸਮਝਦੇ ਹਨ।

ਸੜਕ ਹਾਦਸਿਆਂ ਵਿੱਚ ਕਮੀ ਲਿਆਉਣ ਲਈ ਸਾਡੇ ਕਰਨ ਵਾਲਾ ਫੌਰੀ ਕੰਮ ਤਾਂ ਇਹੀ ਹੈ ਕਿ ਅਸੀਂ ਲਾਪ੍ਰਵਾਹ ਵਤੀਰੇ ਦਾ ਤਿਆਗ ਕਰਦੇ ਹੋਏ ਟ੍ਰੈਫਿਕ ਨਿਯਮਾਂ ਦੀ ਪਾਲਣਾ ਹਰ ਹਾਲ 'ਚ ਕਰੀਏ। ਸਾਡਾ ਏਨਾ ਕੁ ਜ਼ਿੰਮੇਵਾਰੀ ਭਰਿਆ ਵਤੀਰਾ ਸਾਡੀ ਹੀ ਜ਼ਿੰਦਗੀ ਨੂੰ ਬਚਾਵੇਗਾ। ਭਾਰਤ ਵਰਗੇ ਦੇਸ਼ ਵਿੱਚ ਸੜਕਾਂ 'ਤੇ ਤੁਰਦਿਆਂ-ਫਿਰਦਿਆਂ 'ਬਚਾਅ ਵਿੱਚ ਹੀ ਬਚਾਅ ਹੈ' ਦਾ ਟੋਟਕਾ ਯਾਦ ਰੱਖਣਾ ਬੇਹੱਦ ਜ਼ਰੂਰੀ ਹੈ।

ਉਂਝ ਵਿਸ਼ਵ ਸਿਹਤ ਸੰਗਠਨ ਨੇ ਕੁੱਝ ਅਜਿਹੇ ਸੁਝਾਅ ਵੀ ਦਿੱਤੇ ਹਨ; ਜਿਨ੍ਹਾਂ 'ਤੇ ਅਮਲ ਕਰਦਿਆਂ ਹਾਦਸਿਆਂ ਵਿਚ ਕਮੀ ਲਿਆਉਣ ਦੇ ਨਾਲ-ਨਾਲ ਹਾਦਸਿਆਂ ਵਿਚ ਹੁੰਦੇ ਮਨੁੱਖੀ ਨੁਕਸਾਨ ਨੂੰ ਵੀ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਸੜਕ ਹਾਦਸੇ ਰੋਕਣ ਲਈ ਕੌਮੀ ਏਜੰਸੀ ਦਾ ਗਠਨ, ਸੜਕ ਸੁਰੱਖਿਆ ਲਈ ਵੱਖਰੀ ਨੀਤੀ, ਕੌਮੀ ਪੱਧਰ 'ਤੇ ਕਾਰਜ ਯੋਜਨਾ ਦੀ ਉਸਾਰੀ, ਬਜਟ ਵਿਚ ਸੜਕਾਂ ਅਤੇ ਸਰਕਾਰੀ ਵਾਹਨਾਂ ਲਈ ਵੱਖਰਾ ਧਨ ਰੱਖਣਾ ਆਦਿ ਅਜਿਹੇ ਸੁਝਾਅ ਹਨ; ਜਿਨ੍ਹਾਂ 'ਤੇ ਤੁਰੰਤ ਗੌਰ ਕਰਨਾ ਬਣਦਾ ਹੈ। ਪਰ ਸਾਡੇ ਦੇਸ਼ ਦੀ ਵਰਤਮਾਨ ਰਾਜਸੀ ਅਤੇ ਆਰਥਕ ਬਣਤਰ ਦੇ ਚਲਦਿਆਂ ਕੀ ਇਹ ਸੰਭਵ ਹੈ? ਸ਼ਾਇਦ ਅਸੰਭਵ ਤਾਂ ਕੁੱਝ ਵੀ ਨਹੀਂ ਹੁੰਦਾ, ਲੋੜ ਤਾਂ ਇਕ ਇਮਾਨਦਾਰ, ਲੋਕ-ਪੱਖੀ ਅਤੇ ਬੱਝਵੀਂ ਪਹੁੰਚ ਅਪਨਾਉਣ ਦੀ ਹੈ।

+91-97813-60066
susheeldosanjh@gmail.com

# ਪੰਜਾਬ ਚੋਣਾਂ 2012



# ਇਹ ਦਾਗ ਚੰਗੇ ਨਹੀਂ ਹਨ

ਸਿਆਸਤ ਅਤੇ ਦਾਗ ਨਾਲ-ਨਾਲ ਚਲਦੇ ਹਨ। ਬਹੁਤ ਮੁਸ਼ਕਲ ਹੈ ਸਿਆਸਤ ਦੀ ਕੋਠੜੀ ਵਿਚੋਂ ਬੇਦਾਗ ਨਿਕਲ ਸਕਣਾ। ਭ੍ਰਿਸ਼ਟਾਚਾਰ, ਭਾਈ ਭਤੀਜਾਵਾਦ ਅਤੇ ਅਪਰਾਧੀਕਰਨ ਦੇ ਦੋਸ਼ ਹੁਣ ਸਿਆਸਤ ਚ ਨਵੇਂ ਨਹੀਂ ਹਨ। ਵਿਧਾਇਕ, ਸੰਸਦ ਮੈਂਬਰ, ਮੰਤਰੀ ਅਤੇ ਮੁੱਖ ਮੰਤਰੀ ਤਕ 'ਤੇ ਛਿੱਟੇ ਪਏ ਹੋਏ ਹਨ। ਕਿਸੇ ਦੇ ਦਾਗ ਧੋਤੇ ਗਏ ਤੇ ਕੋਈ ਇਨ੍ਹਾਂ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ। ਕੋਈ ਅਦਾਲਤ ਦੇ ਚੱਕਰ ਕੱਟ ਰਿਹਾ ਹੈ। ਕਿਸੇ ਦੇ ਦਾਗ ਤਾਂ ਇੰਨੇ ਜ਼ਿਆਦਾ ਹਨ ਕਿ ਉਨ੍ਹਾਂ ਨੂੰ ਕੁਰਸੀ ਛੱਡਣੀ ਪਈ। ਵਿਧਾਨ ਸਭਾ ਚੋਣਾਂ ਵਿਚ ਇਹ ਦਾਗ ਕੁਝ ਤਾਂ ਅਸਰ ਦਿਖਾਉਣਗੇ ਹੀ। ਪੜਤਾਲ ਕਰ ਰਹੇ ਹਨ ਹਮੀਰ ਸਿੰਘ।

ਸਾਂਝੇ ਪੰਜਾਬ ਦੇ ਵੱਡੇ ਨੇਤਾ ਅਤੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ 'ਤੇ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ। ਜਾਂਚ ਸ਼ੁਰੂ ਵੀ ਹੋਈ ਪਰ ਇਸੇ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਬਾਅਦ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਉਨ੍ਹਾਂ ਦੀ ਹੀ ਪਾਰਟੀ ਦੇ ਪ੍ਰਧਾਨ ਅਤੇ ਅੱਜ ਦੇ ਬਜ਼ੁਰਗ ਨੇਤਾ ਜਗਦੇਵ ਸਿੰਘ ਤਲਵੰਡੀ ਨੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ। ਜਾਂਚ ਲਈ ਕਮਿਸ਼ਨ ਵੀ ਬਣਾਇਆ ਗਿਆ। ਰਜਿੰਦਰ ਕੌਰ ਭੱਠਲ 'ਤੇ ਮੁੱਖ ਮੰਤਰੀ ਕਾਲ ਵਿਚ 20 ਲੱਖ ਰੁਪਏ ਦੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਮੁਕੱਦਮਾ ਚਲਿਆ ਪਰ ਬਾਅਦ ਵਿਚ ਉਹ ਵੀ ਬਰੀ ਹੋ ਗਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕਈ ਨੇਤਾ, ਵਿਧਾਇਕ ਅਤੇ ਮੰਤਰੀਆਂ 'ਤੇ ਬੀਤੇ ਪੰਜ ਸਾਲਾਂ ਦੌਰਾਨ ਕਈ ਦਾਗ ਲੱਗੇ। ਕਈ ਮਾਮਲੇ ਅਜੇ ਵੀ ਅਦਾਲਤ ਵਿਚ ਵਿਚਾਰ ਅਧੀਨ ਹਨ।

### ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ



ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਦੋਸ਼ ਲਾਇਆ ਸੀ ਕਿ ਬਾਦਲ ਪਰਿਵਾਰ ਨੇ ਆਮਦਨ ਤੋਂ ਜ਼ਿਆਦਾ ਜਾਇਦਾਦ ਬਣਾਈ ਹੈ। 3500 ਕਰੋੜ ਰੁਪਏ ਜਾਇਦਾਦਾ ਦਾ ਦੋਸ਼ ਲਗਾ। ਵਿਜੀਲੈਂਸ ਬਿਊਰੋ ਨੇ 76 ਕਰੋੜ ਦੀ ਜਾਇਦਾਦ ਦਾ ਚਲਾਨ ਪੇਸ਼ ਕੀਤਾ। ਦੋਸ਼ ਤਹਿ ਹੋਏ। ਟਰਾਇਲ ਕੋਰਟ ਵਿਚੋਂ ਗਵਾਹਾਂ ਦੇ ਮੁਕਰ ਜਾਣ ਤੋਂ ਬਾਅਦ ਬਾਦਲ ਬਰੀ ਹੋ ਗਏ।

### ਕੈਪਟਨ ਅਮਰਿੰਦਰ ਸਿੰਘ



ਕੈਪਟਨ ਅਮਰਿੰਦਰ ਸਿੰਘ 'ਤੇ ਆਪਣੇ ਕਾਰਜਕਾਲ ਵਿਚ ਬਣੇ ਪ੍ਰਾਜੈਕਟ ਲੁਧਿਆਣਾ ਸਿਟੀ ਸੈਂਟਰ ਵਿਚ ਕਰੋੜਾਂ ਰੁਪਏ ਦੀ ਹੇਰਾਫੇਰੀ ਅਤੇ ਅੰਮ੍ਰਿਤਸਰ ਨਗਰ ਸੁਧਾਰ ਟਰਸਟ ਦੀ ਜ਼ਮੀਨ ਦੇ ਘੁਟਾਲੇ ਸਬੰਧੀ ਮਾਮਲਾ ਚਲ ਰਿਹਾ ਹੈ। ਕੈਪਟਨ ਲੁਧਿਆਣਾ ਅਤੇ ਮੋਹਾਲੀ ਵਿਚ ਪੇਸ਼ੀ ਭੁਗਤ ਰਹੇ ਹਨ। ਕੇਸ ਦੀ ਸੁਣਵਾਈ ਕਾਫੀ ਅੱਗੇ ਤਕ ਪਹੁੰਚ ਗਈ ਹੈ। ਕਦੇ ਵੀ ਦੋਸ਼ ਤਹਿ ਹੋ ਸਕਦੇ ਹਨ।

### ਮਨੋਰੰਜਨ ਕਾਲੀਆ



ਭਾਜਪਾ ਵਿਧਾਇਕ ਰਾਜ ਖੁਰਾਣਾ 'ਤੇ ਸੀ.ਬੀ.ਆਈ. ਵਲੋਂ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਦਾਇਰ ਮੁਕੱਦਮੇ ਦੌਰਾਨ ਕਾਲੀਆ ਅਤੇ ਸਮਾਜਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਵਰਨਾ ਰਾਮ ਨੂੰ ਵੀ ਪੁਛਗਿੱਛ ਲਈ ਬੁਲਾਇਆ ਗਿਆ ਹੈ। ਰਾਜ ਖੁਰਾਣਾ ਤਾਂ ਹਿਰਾਸਤ ਵਿਚ ਹੀ ਰਹੇ ਅਤੇ ਅਜੇ ਮੁਕੱਦਮਾ ਝੱਲ ਰਹੇ ਹਨ ਪਰ ਇਸ ਕੇਸ ਤੋਂ ਬਾਅਦ ਭਾਜਪਾ ਹਾਈ ਕਮਾਨ ਦੇ ਫੈਸਲੇ ਮੁਤਾਬਕ ਕਾਲੀਆ ਅਤੇ ਸਵਰਨਾ ਰਾਮ ਨੂੰ ਮੰਤਰੀ ਦੇ ਅਹੁਦੇ ਤੋਂ ਹੱਥ ਧੋਣਾ ਪਿਆ। ਇਹ ਵੱਖਰੀ ਗੱਲ ਹੈ ਕਿ ਭਾਜਪਾ ਨੇ ਇਨ੍ਹਾਂ ਤੋਂ ਮੰਤਰੀ ਦਾ ਅਹੁਦਾ ਵਾਪਸ ਲੈਣ ਨੂੰ ਇਸ ਕੇਸ ਨਾਲ ਨਾ ਜੋੜਨ ਦੀ ਗੱਲ ਕਹੀ ਹੈ।

### ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ



ਕੈਪਟਨ ਸਰਕਾਰ ਦੇ ਸਮੇਂ ਸੁਖਬੀਰ ਸਿੰਘ ਬਾਦਲ 'ਤੇ ਸਾਧਨਾਂ ਤੋਂ ਜ਼ਿਆਦਾ ਜਾਇਦਾਦ ਬਣਾਉਣ ਦੇ ਦੋਸ਼ ਵਿਚ ਮਾਮਲਾ ਦਰਜ ਹੋਇਆ ਸੀ। ਅਦਾਲਤ ਵਿਚ ਗਵਾਹਾਂ ਦੇ ਮੁੱਕਰ ਜਾਣ ਕਾਰਨ ਉਹ ਬਰੀ ਹੋ ਗਏ।

### ਬੀਬੀ ਜਗੀਰ ਕੌਰ

ਬੀਬੀ ਜਗੀਰ ਕੌਰ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਹੈ। ਉਨ੍ਹਾਂ 'ਤੇ ਆਪਣੀ ਧੀ ਨੂੰ ਮਾਰਨ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਮੁਕੱਦਮ ਚਲ ਰਿਹਾ ਹੈ। ਉਹ ਕਪੂਰਥਲਾ ਜ਼ਿਲ੍ਹਾ ਯੋਜਨਾ ਕਮੇਟੀ ਦੀ ਪ੍ਰਧਾਨ ਹੈ ਅਤੇ ਭੁਲੱਥ ਤੋਂ ਟਿਕਟ ਦੀ ਦਾਅਵੇਦਾਰ ਵੀ ਹੈ।



### ਚੌਧਰੀ ਜਗਜੀਤ ਸਿੰਘ



ਵਿਧਾਨ ਸਭਾ ਵਿਰੋਧੀ ਧਿਰ ਦੇ ਨੇਤਾ ਰਹੇ ਅਤੇ ਤਤਕਾਲੀਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਚੌਧਰੀ ਜਗਜੀਤ ਸਿੰਘ ਸਿਟੀ ਸੈਂਟਰ ਲੁਧਿਆਣਾ ਦੇ ਘੁਟਾਲੇ ਅਤੇ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਵਿਚ ਪੇਸ਼ੀਆਂ ਭੁਗਤ ਰਹੇ ਹਨ।

## ਇਨ੍ਹਾਂ 'ਤੇ ਵੀ ਲੱਗੇ ਹਨ ਦੋਸ਼

ਸ ਪ੍ਰਕਾਸ਼ ਸਿੰਘ ਬਾਦਲ ਦੀ 1997 ਦੀ ਸਰਕਾਰ ਵਿਚ ਜਥੇਦਾਰ ਤੋਤਾ ਸਿੰਘ, ਨਿਰਮਲ ਸਿੰਘ ਕਾਹਲੋਂ, ਸੋਹਨ ਸਿੰਘ ਠੰਢਲ, ਗੁਰਦੇਵ ਸਿੰਘ ਬਾਦਲ, ਅਜੀਤ ਸਿੰਘ ਕੋਹਾੜ ਆਦਿ 'ਤੇ ਆਮਦਨ ਤੋਂ ਜ਼ਿਆਦਾ ਜਾਇਦਾਦ ਬਣਾਉਣ ਅਤੇ ਕਈਆਂ 'ਤੇ ਭਰਤੀ ਦੌਰਾਨ ਰਿਸ਼ਵਤ ਲੈਣ ਦੇ ਦੋਸ਼ ਦੇ ਮਾਮਲੇ ਦਰਜ ਹੋਏ। ਕਾਹਲੋਂ ਇਸ ਸਮੇਂ ਵਿਧਾਨ ਸਭਾ ਦੇ ਸਪੀਕਰ ਹਨ। ਲੰਗਾਹ ਖੇਤੀਬਾੜੀ ਮੰਤਰੀ ਹਨ ਅਤੇ ਅਜੀਤ ਸਿੰਘ ਕੋਹਾੜ ਮਾਲ ਮੰਤਰੀ। ਸੋਹਣ ਸਿੰਘ ਠੰਢਲ ਮੁੱਖ ਸੰਸਦੀ ਸਕੱਤਰ ਸਨ। ਟਰਾਇਲ ਅਦਾਲਤ ਵਲੋਂ ਸਜ਼ਾ ਹੋ ਜਾਣ ਕਾਰਨ ਉਨ੍ਹਾਂ ਨੂੰ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ। ਹਾਲ ਹੀ ਵਿਚ ਸਬੂਤਾਂ ਦੀ ਘਾਟ ਵਿਚ ਹਾਈ ਕੋਰਟ ਨੇ ਉਨ੍ਹਾਂ ਨੂੰ ਬਰੀ ਕਰ ਦਿਤਾ ਹੈ।

# ਸਿਆਸੀ ਪਾਰਟੀਆਂ ਦੀ ਨੌਜਵਾਨਾਂ 'ਤੇ ਨਜ਼ਰ

### ਪੰਜਾਬ ਦੀਆਂ ਉਚ ਸਿਖਿਆ ਸੰਸਥਾਵਾਂ

| | | | |
|---|---|---|---|
| ਯੂਨੀਵਰਸਿਟੀ | 12 | ਡੈਂਟਲ ਕਾਲਜ | 13 |
| ਮੈਡੀਕਲ ਕਾਲਜ | 07 | ਆਯੂਰਵੈਦਿਕ ਕਾਲਜ | 09 |
| ਟੀਚਰ ਟ੍ਰੇਨਿੰਗ ਕਾਲਜ | 25 | ਹੋਮਿਉਪੈਥਿਕ ਕਾਲਜ | 06 |
| ਇੰਜੀਨੀਅਰਿੰਗ ਕਾਲਜ | 80 | ਨਰਸਿੰਗ ਕਾਲਜ | 17 |
| ਆਰਟ ਐਂਡ ਸਾਇੰਸ ਕਾਲਜ | 69 | ਪਾਲੀਟੈਕਨੀਕਲ ਕਾਲਜ | 04 |

ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵਿਚ ਜੁੜੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਨਜ਼ਰ ਸੂਬੇ ਦੇ ਉਨ੍ਹਾਂ 60 ਫੀਸਦੀ ਨੌਜਵਾਨ ਵੋਟਰਾਂ 'ਤੇ ਹੈ ਜੋ ਤਸਵੀਰ ਦਾ ਰੁਖ਼ ਬਦਲਣ ਦੀ ਹੈਸੀਅਤ ਰਖਦੇ ਹਨ। ਸੂਬਾ ਸਰਕਾਰ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਬੇਰੁਜ਼ਗਾਰਾਂ ਦੀ ਗਿਣਤੀ 47 ਲੱਖ ਦੇ ਕਰੀਬ ਹੈ, ਸੋ ਚੋਣ ਐਲਾਨਨਾਮੇ ਤਿਆਰ ਕਰਨ ਵਿਚ ਲੱਗੀਆਂ ਪਾਰਟੀਆਂ ਇਸ ਵਰਗ ਨੂੰ ਆਕਰਸ਼ਤ ਕਰਨ ਲਈ ਹਰ ਤਰ੍ਹਾਂ ਦੇ ਹੱਥ ਕੰਡੇ ਵਰਤ ਰਹੀਆਂ ਹਨ ਪਰ ਨੌਜਵਾਨ ਵਰਗ ਦਾ ਨਜ਼ਰੀਆ ਸਾਫ਼ ਅਤੇ ਸਪੱਸ਼ਟ ਹੈ। ਬੁਨਿਆਦੀ ਹੱਕ ਜਿਵੇਂ ਕਿ ਸਿਖਿਆ ਅਤੇ ਸਿਹਤ ਨੂੰ ਲੈ ਕੇ ਪੰਜਾਬ ਦਾ ਨੌਵਜਾਨ ਵਰਗ ਇਕ ਵਾਰ ਫਿਰ ਸਿਆਸੀ ਪਾਰਟੀਆਂ ਦੇ ਚੋਣ ਐਲਾਨਨਾਮੇ ਦਾ ਇੰਤਜ਼ਾਰ ਕਰ ਰਿਹਾ ਹੈ ਜਦਕਿ ਮਹਿੰਗਾਈ ਦੇ ਮੁੱਦੇ 'ਤੇ ਵੀ ਉਸ ਦੀ ਨਜ਼ਰ ਟਿੱਕੀ ਹੋਈ ਹੈ। ਸਿਖਿਆ ਇੰਨੀ ਮਹਿੰਗੀ ਹੋ ਗਈ ਹੈ ਕਿ ਆਮ ਆਦਮੀ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦਾ ਜਦਕਿ ਉਚ ਸਿਖਿਆ ਆਮ ਆਦਮੀ ਦੇ ਵੱਸ ਤੋਂ ਬਾਹਰ ਦੀ ਗੱਲ ਹੈ। ਸਿਖਿਆ ਦੇ ਨਿੱਜੀਕਰਨ ਅਤੇ ਧੜਾਧੜ ਖੁਲ੍ਹ ਰਹੀਆਂ ਨਿੱਜੀ ਸੰਸਥਾਵਾਂ ਵਿਚ ਮਿਲਦੀ ਮਹਿੰਗੀ ਸਿਖਿਆ ਦੇ ਸਵਾਲ 'ਤੇ ਨੌਜਵਾਨਾਂ ਦਾ ਕਹਿਣਾ ਹੈ ਕਿ ਸਰਕਾਰ ਉਚ ਸਿਖਿਆ ਲਈ ਨਿੱਜੀ ਹੱਥਾਂ ਵਿਚ ਪੂਰੀ ਤਰ੍ਹਾਂ ਵਿਕ ਚੁੱਕੀ ਹੈ। ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਹੋਰ ਸਹੂਲਤਾਂ ਦੇਣ ਲਈ ਪੰਜਾਬ ਯੂਥ ਬੋਰਡ ਦਾ ਗਠਨ ਤਾਂ ਕੀਤਾ ਪਰ ਇਹ ਆਪਣੇ ਉਦੇਸ਼ਾਂ ਵਿਚ ਪੂਰੀ ਤਰ੍ਹਾਂ ਅਸਫਲ ਰਿਹਾ।

ਪਾ

ਅਨੰਦਪੁ

# ਪੰਜਾਬ ਚੋਣਾਂ 2012

# ਸ਼ਰਾਬੀ, ਪਾਗਲ, ਬਾਂਦਰ...

## ਸਿਆਸਤਦਾਨ ਇਕ ਦੂਜੇ ਵਿਰੁੱਧ ਵਰਤ ਰਹੇ ਹਨ ਭੱਦੀ ਸ਼ਬਦਾਵਲੀ

ਸ਼ਰਾਬੀ, ਚੋਰ, ਲੁਟੇਰਾ, ਡਰਪੋਕ, ਧੋਖੇਬਾਜ਼, ਛਛੂੰਦਰ, ਝੂਠਾ, ਫਰੇਬੀ, ਤਾਨਾਸ਼ਾਹ, ਸਠਿਆ ਗਿਆ, ਪਾਗਲ, ਬਲੂੰਗੜਾ। ਇਹ ਪੰਜਾਬ ਵਿਚ ਨੇਤਾਵਾਂ ਦੀ ਨਵੀਂ ਸ਼ਬਦਾਵਲੀ ਹੈ। ਇਨ੍ਹਾਂ ਦੀ ਵਰਤੋਂ ਕਰਨ ਵਾਲੇ ਕੋਈ ਛੋਟੇ ਕੱਦ ਦੇ ਨੇਤਾ ਨਹੀਂ ਬਲਕਿ ਮੁੱਖ ਮੰਤਰੀ, ਸਾਬਕਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਵਰਗੇ ਵੱਡੇ ਨੇਤਾ ਹਨ। ਇਕ ਦੂਜੇ ਨੂੰ ਮੋੜਵੇਂ ਜਵਾਬ ਦਿਤੇ ਜਾਂਦੇ ਹਨ। ਇਕ ਨੇਤਾ ਨੇ ਕੋਈ ਗਾਲ੍ਹ ਕੱਢੀ ਤਾਂ ਦੂਜਾ ਉਸ ਤੋਂ ਵੱਡੀ ਗਾਲ੍ਹ ਕੱਢ ਕੇ ਹਿਸਾਬ ਬਰਾਬਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਚੋਣ ਪ੍ਰਚਾਰ ਦੇ ਜ਼ੋਰ ਫੜਦਿਆਂ ਹੀ ਚਿੱਕੜ ਸੁੱਟਣ ਵਾਲੀ ਸਿਆਸਤ ਵੀ ਤੇਜ਼ ਹੋ ਰਹੀ ਹੈ। ਕੈਪਟਨ ਖੂੰਡਾ ਫੇਰਨ ਦੀ ਗੱਲ ਕਰਦੇ ਹਨ ਤਾਂ ਸੁਖਬੀਰ ਦਾ ਜਵਾਬ ਆਉਂਦਾ ਹੈ ਪਾਗਲ ਹੈ ਕੈਪਟਨ।

### 2002 ਤੋਂ ਫੜਿਆ ਜ਼ੋਰ

ਚੋਣਾਂ ਦੌਰਾਨ ਪੰਜਾਬ ਵਿਚ ਇਕ ਦੂਜੇ ਵਿਰੁੱਧ ਭੱਦੀ ਸ਼ਬਦਾਵਲੀ ਅਤੇ ਅਸਭਿਅਕ ਇਸ਼ਤਿਹਾਰਾਂ ਦਾ ਸਿਲਸਿਲਾ ਹੇਠਲੇ ਪੱਧਰ ਤਕ ਪਹੁੰਚ ਜਾਂਦਾ ਹੈ। ਸ਼ਰੇਆਮ ਜਿਸ ਤਰ੍ਹਾਂ ਇਕ ਦੂਜੇ 'ਤੇ ਚਿੱਕੜ ਸੁੱਟਿਆ ਜਾਂਦਾ ਹੈ, ਉਸ ਦੀ ਉਦਾਹਰਣ ਦੇਸ਼ ਵਿਚ ਕਿਤੇ ਨਹੀਂ ਮਿਲਦੀ। 2002 ਦੀਆਂ ਵਿਧਾਨ ਸਭਾ ਅਤੇ 2004 ਦੀਆਂ ਲੋਕ ਸਭਾ ਚੋਣਾਂ ਵਿਚ ਅਜਿਹੇ ਅਜਿਹੇ ਇਸ਼ਤਿਹਾਰ ਅਖ਼ਬਾਰਾਂ ਵਿਚ ਛਾਪੇ ਗਏ ਅਤੇ ਰੈਲੀਆਂ ਵਿਚ ਅਜਿਹੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਕਿ ਸਾਰੇ ਹੈਰਾਨ ਰਹਿ ਗਏ ਸਨ। ਮਸਲਨ ਅਮਰਿੰਦਰ ਸਿੰਘ ਨੂੰ ਲੈ ਕੇ ਇਕ ਇਸ਼ਤਿਹਾਰ ਆਇਆ ਜਿਸ ਵਿਚ ਲਿਖਿਆ ਸੀ, ''ਕੀ ਤੁਸੀਂ ਇਸ ਨੂੰ ਕਿਤੇ ਦੇਖਿਆ ਹੈ?'' ਅਗਲੇ ਦਿਨ ਹੀ ਕੈਪਟਨ ਨੇ ਜਵਾਬ ਦੇ ਦਿਤਾ, ''ਲਉ ਆ ਗਿਆ ਤੁਹਾਡਾ ਪਿਓ।'' ਇਕ ਇਸ਼ਤਿਹਾਰ ਵਿਚ ਕੈਪਟਨ ਦੀ ਕਮੀਜ਼ 'ਤੇ ਲੁਟੇਰਾ ਨੰਬਰ ਵਨ ਲਿਖਿਆ ਗਿਆ ਸੀ। ਅਕਾਲੀਆਂ ਵਿਰੁੱਧ ਇਸ਼ਤਿਹਾਰ ਆਇਆ, ''ਅਲੀ ਬਾਬਾ ਚਾਲੀਸ ਚੋਰ।'' 2007 ਦੀਆਂ ਵਿਧਾਨ ਸਭਾ ਚੋਣਾਂ ਦੇ ਸ਼ੁਰੂ ਵਿਚ ਵੀ ਕੈਪਟਨ ਅਮਰਿੰਦਰ ਸਿੰਘ ਦਾ ਇਹ ਬਿਆਨ ਚਰਚਾ ਵਿਚ ਆਇਆ ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਅਕਾਲੀਆਂ ਨੂੰ ਕਹਿ ਦਿਉ ਕਿ ਉਨ੍ਹਾਂ ਦਾ ਬਾਪ ਵਾਪਸ ਆ ਗਿਆ ਹੈ। ਇਸ ਦਾ ਜਵਾਬ ਪ੍ਰਕਾਸ਼ ਸਿੰਘ ਬਾਦਲ ਨੇ ਦਿੰਦੇ ਹੋਏ ਕਿਹਾ ਸੀ ਕਿ ਕਲ ਤਕ ਸਾਡੇ ਤੋਂ ਟਿਕਟ ਮੰਗਣ ਵਾਲਾ ਸਾਡਾ ਬਾਪ ਕਿਸ ਤਰ੍ਹਾਂ ਹੋਇਆ।



### ਸੁਖਬੀਰ ਸਿੰਘ ਬਾਦਲ ਨੇ ਕਿਹਾ

1 ਕੈਪਟਨ ਤਾਂ ਸ਼ਰਾਬ ਦਾ ਡਰੰਮ ਹੈ।
2 ਬੁੱਢਾ ਹੋ ਗਿਆ ਕੈਪਟਨ, ਖੂੰਡੇ ਦੀ ਜ਼ਰੂਰਤ ਹੈ
3. ਪਾਗਲ ਹੈ ਕੈਪਟਨ, ਬੁਰਾ ਨਹੀਂ ਮੰਨਦਾ
4. ਸਾਰੇ ਜਾਣਦੇ ਹਨ ਕਿ ਕੈਪਟਨ ਕਿੰਨਾ ਕੁ ਨੈਤਿਕ ਜੀਵਨ ਜੀਅ ਰਿਹੈ
5. ਅਮਰਿੰਦਰ ਪਾਗਲ ਹੋ ਗਿਆ ਹੈ।
6. ਗਦਾਫੀ ਇਕ ਰਾਜਾ ਸੀ, ਕੈਪਟਨ ਵੀ ਇਕ ਰਾਜਾ ਹੈ, ਇਹ ਵੀ ਆਪਣਾ ਦਿਮਾਗੀ ਸੰਤੁਲਨ ਗਵਾ ਬੈਠਾ ਹੈ।
7. ਕੈਪਟਨ ਦੀ ਯਾਦ ਦਾਸ਼ਤ ਕਮਜ਼ੋਰ ਹੋ ਗਈ ਹੈ।
8. ਕੈਪਟਨ ਟ੍ਰਾਜਨ ਹਾਰਸ ਹੈ

### ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ

1. ਕੈਪਟਨ ਨੇ ਕਿਹਾ, ਬਾਦਲ ਸਠਿਆ ਗਿਆ ਹੈ, ਸਾਰਾ ਦਿਨ ਪਿੰਡ 'ਚ ਪਿਆ ਰਹਿੰਦਾ ਹੈ।
2. ਬਾਦਲ ਦਾ ਜਵਾਬ, ਇਕ ਵਾਰ ਮੇਰੇ ਨਾਲ ਦਿਨ ਗੁਜ਼ਾਰੇ, ਫਿਰ ਦੇਖਣਾ ਰਾਤ ਨੂੰ ਨੀਂਦ ਕਿਸ ਤਰ੍ਹਾਂ ਦੀ ਆਉਂਦੀ ਹੈ।
3. ਜੇਕਰ 70 ਸਾਲ ਵਿਚ ਕੈਪਟਨ ਨੂੰ ਅਕਲ ਨਹੀਂ ਤਾਂ ਅੱਗੇ ਆਵੇਗੀ ਵੀ ਨਹੀਂ।
4. ਕੈਪਟਨ ਤਾਂ ਤਾਨਾਸ਼ਾਹ ਹੈ।



### ਕੈਪਟਨ ਅਮਰਿੰਦਰ ਸਿੰਘ ਨੇ ਕਿਹਾ

1. ਮੇਰੇ ਪਿਤਾ ਦਾ ਤਾਂ ਕੋਈ ਨੈਤਿਕ ਜੀਵਨ ਸੀ ਪਰ ਬਾਦਲ ਦਾ ਨਹੀਂ ਹੈ।
2. ਅਕਾਲੀਆਂ 'ਤੇ ਫਿਰੇਗਾ ਖੂੰਡਾ, ਸਨਮਾਨ ਵਿਚ ਮਿਲਿਆ ਖੂੰਡਾ ਅਕਾਲੀਆਂ 'ਤੇ ਵਰ੍ਹੇਗਾ।
3. ਬੁੱਢਾ ਸ਼ੇਰ ਹਾਂ ਪਰ ਗਿੱਦੜਾਂ ਨੂੰ ਦਬਾ ਦੇਵਾਂਗਾ।
4. ਪੰਜਾਬ ਬਚਾਉ ਯਾਤਰਾ ਮਤਲਬ ਭ੍ਰਿਸ਼ਟ ਲੋਕਾਂ ਤੋਂ ਬਚਾਉ।
5. ਬਾਦਲ ਹੋਸਨੀ ਮੁਬਾਰਕ ਹੈ ਅਤੇ ਸੱਦਮ ਹੁਸੈਨ ਵੀ
6. ਬਾਦਲ ਡਰਪੋਕ, ਰਾਜੀਵ ਲੌਂਗੋਵਾਲ ਸਮਝੌਤੇ 'ਤੇ ਦਸਤਖ਼ਤ ਕਰਨ ਨਹੀਂ ਗਏ।
7. ਸੁਖਬੀਰ ਤਾਂ ਬਲੂੰਗੜਾ ਹੈ, 25 ਸਾਲ ਰਾਜ ਕਰਨ ਦੀ ਸੋਚ ਰਿਹਾ ਹੈ
8. ਸੁਖਬੀਰ ਤਾਂ ਬਾਂਦਰ ਹੈ।
9. ਸੁਖਬੀਰ ਤਾਂ ਬੱਚਾ ਹੈ, ਕਹਿੰਦਾ ਹੈ ਲੰਬੀ ਤੋਂ ਚੋਣ ਲੜ ਕੇ ਦੇਖੋ।
10. ਫ਼ਖਰ ਏ ਕੌਮ ਦੀ ਬਜਾਏ ਬਾਦਲ ਨੂੰ ਲੋਟੂ ਏ ਕੌਮ ਦਾ ਖ਼ਿਤਾਬ ਦਿਤਾ ਜਾਣਾ ਚਾਹੀਦਾ ਹੈ।
11. ਅਕਾਲੀਆਂ ਦੀ ਇਕ ਡਾਂਗ ਦਾ ਜਵਾਬ ਦੋ ਨਾਲ ਦੇਵਾਂਗੇ।
12. ਅਕਾਲੀ ਛੱਕ ਗਏ ਕੇਂਦਰ ਦੀਆਂ ਯੋਜਨਾਵਾਂ ਦਾ ਪੈਸਾ
13. ਬਾਦਲ ਤਾਨਾਸ਼ਾਹ ਹੈ।
14. ਦੋਵੇਂ ਬਾਦਲ ਨਿਕੰਮੇ।



ਅਸੀਂ ਤਾਂ ਵਿਕਾਸ ਦੇ ਮੁੱਦੇ 'ਤੇ ਚੋਣ ਲੜ ਰਹੇ ਹਾਂ ਅਤੇ ਆਪਣੀਆਂ ਰੈਲੀਆਂ ਵਿਚ ਇਸੇ ਮੁੱਦੇ ਨੂੰ ਚੁੱਕ ਰਹੇ ਹਾਂ। ਪਿਛਲੇ 5 ਸਾਲਾਂ ਵਿਚ ਸਾਡੀ ਸਰਕਾਰ ਨੇ ਜੋ ਵਿਕਾਸ ਕਾਰਜ ਕਰਵਾਏ ਹਨ, ਅਸੀਂ ਉਨ੍ਹਾਂ ਬਾਰੇ ਹੀ ਲੋਕਾਂ ਨੂੰ ਜਾਣੂ ਕਰਵਾ ਰਹੇ ਹਾਂ। ਅਸੀਂ ਤਾਂ ਅਜਿਹੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ। ਸਾਨੂੰ ਤਾਂ ਉਕਸਾਇਆ ਜਾ ਰਿਹਾ ਹੈ। 6 ਦਹਾਕਿਆਂ ਤੋਂ ਸੂਬੇ ਦੀ ਰਾਜਨੀਤੀ ਵਿਚ ਸਰਗਰਮ ਹਾਂ, ਇਸ ਤੋਂ ਪਹਿਲਾਂ ਕਦੇ ਅਜਿਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ। ਅਜਿਹੀ ਸ਼ਬਦਾਵਲੀ ਵਰਤਣੀ ਸਰਾਸਰ ਗਲਤ ਹੈ। ਸਾਨੂੰ ਬੋਲਣ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ ਕਿ ਅਸੀਂ ਕੀ ਕਹਿ ਰਹੇ ਹਾਂ। ਜਿਥੋਂ ਤਕ ਮੈਨੂੰ ਲਗਦਾ ਹੈ ਕਿ ਪੰਜਾਬ ਦੇ ਲੋਕ ਵੀ ਅਜਿਹੀ ਭਾਸ਼ਾ ਦੀ ਵਰਤੋਂ ਨੂੰ ਪਸੰਦ ਨਹੀਂ ਕਰਦੇ।

**ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ**

ਅਸੀਂ ਤਾਂ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਚੋਣ ਲੜ ਰਹੇ ਹਾਂ। ਪਿਛਲੇ ਪੰਜ ਸਾਲਾਂ ਵਿਚ ਬਾਦਲ ਪਰਿਵਾਰ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਲੁਟਿਆ ਹੈ। ਇਸ ਸਮੇਂ ਸੂਬੇ ਦੀ ਜਨਤਾ ਇਨ੍ਹਾਂ ਤੋਂ ਤੰਗ ਆ ਚੁੱਕੀ ਹੈ। ਅਸੀਂ ਤਾਂ ਅਜਿਹੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ ਪਰ ਜੇਕਰ ਕੋਈ ਕਹਿ ਦੇਵੇ ਤਾਂ ਉਸ ਨੂੰ ਉਸ ਦੀ ਭਾਸ਼ਾ ਵਿਚ ਜਵਾਬ ਦੇਣਾ ਪੈਂਦਾ ਹੈ। ਮੈਂ ਉਸੇ ਬੋਲੀ ਵਿਚ ਜਵਾਬ ਦਿੰਦਾ ਹਾਂ ਜਿਹੜੀ ਕਿ ਅਕਾਲੀ ਸਮਝਦੇ ਹਨ। ਉਹ ਮੈਨੂੰ ਸ਼ਰਾਬ ਦਾ ਡਰੰਮ ਤਕ ਕਹਿ ਦਿੰਦੇ ਹਨ, ਮੈਂ ਤਾਂ ਕਦੇ ਅਜਿਹੀ ਭਾਸ਼ਾ ਨਹੀਂ ਵਰਤੀ।

**ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ**

## ਪ੍ਰਵਾਸੀਆਂ ਨੇ ਦਿਖਾਇਆ ਅੰਗੂਠਾ

ਚੰਡੀਗੜ੍ਹ, (ਨਦਬ) ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੀ ਪ੍ਰਵਾਸੀ ਭਾਰਤੀਆਂ ਨੂੰ ਲੁਭਾਉਣ ਦੀ ਯੋਜਨਾ ਫੇਲ੍ਹ ਹੋ ਗਈ ਹੈ। ਚੋਣ ਕਮਿਸ਼ਨ ਅਨੁਸਾਰ ਅਜੇ ਤਕ ਕੇਵਲ 37 ਐਨ.ਆਰ.ਆਈਜ਼ ਨੇ ਹੀ ਆਪਣੀਆਂ ਵੋਟਾਂ ਬਣਵਾਈਆਂ ਹਨ।

ਜ਼ਿਕਰਯੋਗ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਮਨਪ੍ਰੀਤ ਸਿੰਘ ਬਾਦਲ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੀਡੀਆ ਸਲਾਹਕਾਰ ਐਚ.ਐਸ. ਬੈਂਸ ਨੇ ਆਪਣੇ ਆਪਣੇ ਵਿਦੇਸ਼ ਦੌਰੇ ਤੋਂ ਬਾਅਦ ਵੱਡੇ ਵੱਡੇ ਦਾਅਵੇ ਕੀਤੇ ਸਨ। ਦੋਵੇਂ ਸਿਆਸੀ ਪਾਰਟੀਆਂ ਦੇ ਮੁਖੀਆਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਐਨ.ਆਰ.ਆਈਜ਼ ਦਾ ਸਮਰਥਨ ਮਿਲ ਰਿਹਾ ਹੈ। ਮਨਪ੍ਰੀਤ ਦਾ ਦਾਅਵਾ ਸੀ ਕਿ ਚੋਣਾਂ ਵਿਚ

**ਚੋਣ ਕਮਿਸ਼ਨਰ ਕੁਰੈਸ਼ੀ ਦਾ ਖੁਲਾਸਾ, ਅਜੇ ਤਕ ਸਿਰਫ 37 ਐਨ.ਆਰ.ਆਈਜ਼ ਨੇ ਬਣਵਾਈਆਂ ਵੋਟਾਂ**

ਘੱਟ ਤੋਂ ਘੱਟ 25 ਤੋਂ 30 ਹਜ਼ਾਰ ਪ੍ਰਵਾਸੀ ਭਾਰਤੀ ਨਾ ਸਿਰਫ਼ ਵੋਟਾਂ ਪਾਉਣਗੇ ਬਲਕਿ ਉਨ੍ਹਾਂ ਦੇ ਹੱਕ ਵਿਚ ਚੋਣ ਪ੍ਰਚਾਰ ਵੀ ਕਰਨਗੇ। ਕੁਝ ਅਜਿਹੇ ਹੀ ਦਾਅਵੇ ਸੁਖਬੀਰ ਅਤੇ ਬੈਂਸ ਨੇ ਵੀ ਕੀਤੇ ਸਨ। ਉਨ੍ਹਾਂ ਦੇ ਦਾਅਵਿਆਂ ਦੀ ਪੋਲ ਚੋਣ ਕਮਿਸ਼ਨ ਦੇ ਮੁੱਖ ਚੋਣ ਕਮਿਸ਼ਨਰ ਐਸ.ਵਾਈ. ਕੁਰੈਸ਼ੀ ਨੇ ਖੋਲ੍ਹ ਦਿਤੀ ਹੈ। ਕੁਰੈਸ਼ੀ ਨੇ ਦਸਿਆ ਕਿ ਪੰਜਾਬ ਵਿਚ ਇਕ ਲੱਖ ਤੋਂ ਵਧੇਰੇ ਲੋਕ ਵਿਦੇਸ਼ਾਂ ਵਿਚ ਰਹਿ ਰਹੇ ਹਨ ਪਰ ਹੁਣ ਤਕ ਕੇਵਲ 37 ਪ੍ਰਵਾਸੀਆਂ ਨੇ ਹੀ ਆਪਣੀ ਵੋਟ ਬਣਵਾਈ ਹੈ। ਐਨ.ਆਰ.ਆਈਜ਼ ਦੇ ਪਾਸਪੋਰਟ, ਪਤੇ 'ਤੇ ਹੀ ਉਨ੍ਹਾਂ ਦੀ ਵੋਟ ਬਣਦੀ ਹੈ। ਇਸ ਲਈ ਖ਼ੁਦ ਮੌਜੂਦ ਹੋਣਾ ਜ਼ਰੂਰੀ ਹੁੰਦਾ ਹੈ। ਐਨਾ ਹੀ ਨਹੀਂ ਕਿ ਉਹ ਹਾਜ਼ਰ ਹੋ ਕੇ ਹੀ ਵੋਟ ਕਰ ਸਕਦਾ ਹੈ। ਉਸ ਨੂੰ ਡਾਕ ਰਾਹੀਂ ਵੋਟ ਪਾਉਣ ਦਾ ਕੋਈ ਹੱਕ ਨਹੀਂ ਹੈ। ਕੇਰਲ ਚੋਣਾਂ ਵਿਚ ਸਾਢੇ ਅੱਠ ਹਜ਼ਾਰ ਐਨ.ਆਰ.ਆਈਜ਼ ਨੇ ਵੋਟਾਂ ਬਣਵਾਈਆਂ ਸਨ ਅਤੇ ਉਨ੍ਹਾਂ ਵਿਚੋਂ ਸਾਢੇ ਚਾਰ ਹਜ਼ਾਰ ਨੇ ਵੋਟਾਂ ਪਾਈਆਂ ਵੀ ਸਨ।

## ਡੇਰਾ ਸਮਰਥਕਾਂ ਦੀ ਖਾਮੋਸ਼ੀ ਨੇ ਵਧਾਈ ਚਿੰਤਾ

ਵਿਧਾਨ ਸਭਾ ਚੋਣਾਂ ਵਿਚ ਮਾਲਵੇ ਦਾ ਕਿਲਾ ਫ਼ਤਹਿ ਕਰਨ ਲਈ ਡੇਰਾ ਪ੍ਰੇਮੀਆਂ ਦਾ ਸਮਰਥਨ ਹਾਸਲ ਕਰਨਾ ਸਭ ਤੋਂ ਜ਼ਰੂਰੀ ਹੈ। ਇਸੇ ਕਾਰਨ ਹੀ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਡੇਰਾ ਸਮਰਥਕਾਂ ਵੱਲ ਨਜ਼ਰਾਂ ਟਿਕਾ ਲਈਆਂ ਹਨ। ਹਾਲਾਂਕਿ ਡੇਰਾ ਪ੍ਰੇਮੀ ਫਿਲਹਾਲ ਖ਼ਾਮੋਸ਼ ਹਨ ਅਤੇ ਉਨ੍ਹਾਂ ਦੀ ਖਾਮੋਸ਼ੀ ਨੇ ਸਿਆਸੀ ਨੇਤਾਵਾਂ ਦੀ ਚਿੰਤਾ ਵਧਾ ਦਿਤੀ ਹੈ।

ਦੱਸਣਾ ਬਣਦਾ ਹੈ ਕਿ 2007 ਵਿਚ ਵਿਧਾਨ ਸਭਾ ਚੋਣਾਂ ਵਿਚ ਡੇਰਾ ਸਮਰਥਕਾਂ ਨੇ ਕਾਂਗਰਸ ਦੇ ਪੱਖ ਵਿਚ ਵੋਟਾਂ ਪਾਈਆਂ ਸਨ। ਇਸ ਕਾਰਨ ਅਕਾਲੀਆਂ ਨੂੰ ਮਾਲਵਾ ਖੇਤਰ ਵਿਚ ਤਕੜਾ ਝਟਕਾ ਲੱਗਿਆ ਸੀ ਅਤੇ ਇਲਾਕੇ ਦੀਆਂ 65 ਸੀਟਾਂ ਵਿਚੋਂ ਅਕਾਲੀ ਦੀ ਦਲ ਦੀ ਝੋਲੀ ਵਿਚ ਕੇਵਲ 23 ਸੀਟਾਂ ਹੀ ਪਈਆਂ ਸਨ, ਉਥੇ ਹੀ ਕਾਂਗਰਸ ਨੂੰ 37 ਸੀਟਾਂ ਮਿਲੀਆਂ ਸਨ। ਮਾਲਵਾ ਇਲਾਕੇ ਵਿਚ ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਹੈ ਅਤੇ ਡੇਰਾ ਸਮਰਥਕਾਂ ਦਾ ਸਮਰਥਨ ਸਾਰੀਆਂ ਪਾਰਟੀਆਂ ਦੀ ਇੱਛਾ ਹੈ। ਪਰ ਇਸ ਵਾਰ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਡੇਰਾ ਸਮਰਥਕ ਫਿਲਹਾਲ ਚੁੱਪ ਧਾਰੀ ਬੈਠੇ ਹਨ।

ਡੇਰਾ ਪ੍ਰੇਮੀਆਂ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਵਾਰ ਇਕ ਸਿਆਸੀ ਪਾਰਟੀ ਨੂੰ ਸਮਰਥਨ ਦੇਣ ਦੀ ਗੁੰਜਾਇਸ਼ ਘੱਟ ਹੈ। ਸਾਫ਼ ਅਕਸ ਵਾਲੇ ਉਮੀਦਵਾਰ ਦਾ ਸਮਰਥਨ ਕੀਤਾ ਜਾ ਸਕਦਾ ਹੈ। ਡੇਰਾ ਸਮਰਥਕ ਆਪਣੇ ਉਮੀਦਵਾਰਾਂ ਨੂੰ ਵੀ ਮੈਦਾਨ ਵਿਚ ਉਤਾਰਨ ਲਈ ਵਿਚਾਰ ਕਰ ਰਹੇ ਹਨ। ਇਸੇ ਕਾਰਨ ਉਨ੍ਹਾਂ ਨੇ ਅਜੇ ਤਕ ਆਪਣੇ ਪੱਤੇ ਨਹੀਂ ਖੋਲ੍ਹੇ। ਦੂਜੇ ਪਾਸੇ ਧਾਰਮਕ ਸਮਾਗਮਾਂ ਵਿਚ ਡੇਰਾ ਪ੍ਰੇਮੀ ਆਪਣਾ ਸ਼ਕਤੀ ਪ੍ਰਦਰਸ਼ਨ ਵੀ ਕਰ ਰਹੇ ਹਨ ਤਾਂ ਜੋ ਸਿਆਸੀ ਪਾਰਟੀਆਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਕਰਵਾਇਆ ਜਾ ਸਕੇ।

ਅਕਾਲੀ ਦਲ ਦੇ ਮੁੱਖ ਸਕੱਤਰ ਅਤੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਾਰੇ ਧਰਮਾਂ ਦਾ ਸਨਮਾਨ ਕਰਦੀ ਹੈ। ਕਾਂਗਰਸ ਦੇ ਮੁੱਖ ਸਕੱਤਰ ਅਰਵਿੰਦ ਖੰਨਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਧਰਮ ਨਿਰਪੱਖ ਪਾਰਟੀ ਹੈ। ਡੇਰਾ ਪ੍ਰੇਮੀਆਂ 'ਤੇ ਤਸ਼ੱਦਦ ਦੇ ਵਿਰੋਧ ਵਿਚ ਕਾਂਗਰਸ ਚਟਾਨ ਵਾਂਗ ਉਨ੍ਹਾਂ ਨਾਲ ਖੜੀ ਹੈ। ਡੇਰਾ ਪ੍ਰੇਮੀ ਸਾਫ਼ ਨੀਅਤ ਵਾਲੇ ਉਮੀਦਵਾਰ ਨੂੰ ਵੋਟ ਪਾਉਣਗੇ।

# ਪ੍ਰਾਣੀ, ਪਰਾਣੀ, ਪੁਰਾਣੀ



ਅਤੈ ਸਿੰਘ
ਮੋਬਾਈਲ: +91-98151-77577

ਹੱਥਲੇ ਨਿਬੰਧ ਦਾ ਸਰੋਕਾਰ ਬੇਸ਼ੱਕ ਮੁਨਸ਼ੀ ਪ੍ਰੇਮ ਚੰਦ ਦੇ ਭਾਸ਼ਨ ਨਾਲ ਨਹੀਂ ਸਿਰਫ ਇਨ੍ਹਾਂ ਤਿੰਨਾਂ ਸ਼ਬਦਾਂ- ਪ੍ਰਾਣੀ, ਪਰਾਣੀ ਤੇ ਪੁਰਾਣੀ ਨਾਲ ਏ- ਫਿਰ ਵੀ ਬਹੁਤ ਕੁਝ ਅਜਿਹਾ ਹੁੰਦਾ ਏ ਜਿਹੜਾ ਅਸੀਂ ਕਿਸੇ ਮਕਸਦ ਨਾਲ ਭਾਵੇਂ ਨਾ ਕਰੀਏ, ਬਹਾਨੇ ਨਾਲ ਈ ਕਰ ਜਾਂਦੇ ਆਂ। ਹੁਣ ਵੀ ਇਹ ਭਾਸ਼ਨ ਦਾ ਜੋੜ ਵੀ ਬਹਾਨੇ ਨਾਲ ਈ ਜੁੜ ਗਿਆ। ਤੇ ਜੇ ਜੁੜ ਈ ਗਿਆ ਤਾਂ ਕੁਝ ਕਹਿਣ, ਵਿਚਾਰਨ ਨੂੰ ਵੀ ਜੁੜ ਗਿਆ ਸਮਝੋ। ਹੁਣ ਪ੍ਰੇਮ ਚੰਦ ਦਾ ਕਹਿਣਾ ਏ ਕਿ ਬੋਲਣਾ ਆਉਣ 'ਤੇ ਈ ਦੋ ਲੱਤਾਂ ਵਾਲਾ ਜੀਵ ਆਦਮੀ ਬਣਿਆ। ਸੁਆਲ ਏ, ਭਲਾ ਸਾਨੂੰ ਸੱਚੀਂ ਬੋਲਣਾ ਆ ਗਿਆ ਏ? ਜੇ ਇਹਦਾ ਜੁਆਬ ਸੱਚ ਹੁੰਦਾ ਤਾਂ ਅਸੀਂ ਗੱਲ ਗੱਲ 'ਤੇ ਦੂਜੇ ਬਾਰੇ ਇਉਂ ਕਿਉਂ ਆਖਦੇ, 'ਫਲਾਣੇ ਨੂੰ ਤਾਂ 'ਬੋਲਣਾ' ਈ ਨਹੀਂ ਆਉਂਦਾ'। 'ਫਲਾਣੇ ਦੇ ਬੋਲ ਤਾਂ ਕਾਲਜਾ ਈ ਚੀਰ ਗਏ।' 'ਤਲਵਾਰ ਦੇ ਫੱਟ ਮਿਟ ਜਾਂਦੇ ਨੇ, ਜ਼ਬਾਨ ਦੇ ਨਹੀਂ।' ਦਰਅਸਲ, ਬੋਲਣਾ ਸਿੱਖਣਾ ਜਾਂ ਬੋਲਣਾ ਆਉਣਾ ਹੋਰ ਗੱਲ ਏ ਤੇ ਬੋਲਣ ਦਾ ਚੱਜ ਹੋਣਾ, ਸਲੀਕਾ ਹੋਣਾ, ਵੱਲ ਹੋਣਾ ਹੋਰ ਗੱਲ ਏ। ਤਾਂਹੀਓਂ ਤਾਂ ਇਉਂ ਵੀ ਅਕਸਰ ਆਖਿਆ ਜਾਂਦਾ ਏ, 'ਫਲਾਣੇ ਦੇ ਬੋਲ ਤਾਂ ਹਿਰਦਾ ਠਾਰ ਗਏ', 'ਫਲਾਣਾ ਜਦੋਂ ਬੋਲਦਾ ਤਾਂ ਮੂੰਹੋਂ ਫੁੱਲ ਕਿਰਦੇ ਨੇ', ਤੇ ਲੋਕ-ਮੁਹਾਵਰੇ ਵਾਂਗ ਲੋਕ ਬੋਲੀ ਵੀ ਆਖਦੀ ਏ, 'ਨੇਕੀ ਲੈ ਜਾਣਗੇ, ਮਿੱਠੀਆਂ ਜ਼ੁਬਾਨਾਂ ਵਾਲੇ।' ਜਦੋਂ ਅਸੀਂ ਕਿਸੇ ਲੇਖਕ ਕਲਾਕਾਰ, ਚਿੰਤਕ ਦੀ ਸਿਫਤ ਕਰਦੇ ਆਂ ਤਾਂ ਐਵੇਂ ਨਹੀਂ ਕਰਦੇ- ਕੋਈ ਗੱਲ ਹੁੰਦੀ ਏ ਉਸ ਕੋਲ ਤਾਂ ਕਰਦੇ ਆਂ। ਗੱਲ ਕਰਨ ਦੀ ਜਾਚ ਹੁੰਦੀ ਏ ਉਸ ਨੂੰ, ਤਾਂ ਕਰਦੇ ਆਂ; ਗੱਲ ਡੂੰਘੀ, ਬਾਰੀਕ; ਉੱਚੀ-ਸੁੱਚੀ ਹੁੰਦੀ ਏ, ਤਾਂ ਕਰਦੇ ਆਂ। ਪ੍ਰੇਮ ਚੰਦ ਨੇ ਆਪਣੀ ਸਿਆਣਪ ਦਾ ਸਬੂਤ ਦੇਂਦਿਆਂ ਨਾਲ ਈ ਸਪੱਸ਼ਟ ਕਰ ਦਿੱਤਾ ਏ ਗੱਲ ਸਿਰਫ ਬੋਲਣਾ ਸਿੱਖਣ ਦੀ ਨਹੀਂ, ਮਨ ਦੇ ਭਾਵਾਂ, ਵਿਚਾਰਾਂ ਨੂੰ ਸਫ਼ਾਈ ਤੇ ਬਾਰੀਕੀ ਨਾਲ ਦਰਸਾਉਣ ਦੀ ਏ; ਕਿਉਂਕਿ ਭਾਸ਼ਾ ਤਾਂ ਸਾਡੀ ਆਤਮਾ ਦਾ ਈ ਪ੍ਰਗਟ ਰੂਪ ਏ। ਸੋ, ਮਿਹਰਬਾਨੋ! ਗੱਲ ਇਹ ਕਿ ਭਾਸ਼ਾ ਦਾ ਦਰਜਾ ਬੜਾ ਉੱਚਾ-ਸੁੱਚਾ ਏ ਤੇ ਇਹਨੂੰ ਵਰਤਣਾ ਵੀ ਪੂਰੀ ਸੁੱਧ-ਬੁੱਧ ਨਾਲ ਈ ਪਵੇਗਾ।

ਤੇ ਗੱਲ ਹੁਣ ਸ਼ਬਦ 'ਪ੍ਰਾਣੀ' ਤੇ ਅੱਖਰ-ਜੋੜ:'ਪੱਪਾ, ਪੈਰ 'ਚ ਰਾਰਾ, ਕੰਨਾ; ਣਾਣਾ, ਤੇ ਬਿਹਾਰੀ' ਦੀ। ਇਹ ਸ਼ਬਦ ਕਿੱਥੋਂ ਆਇਆ, ਇਹਦੀ ਜੜ੍ਹ ਕੀ ਏ; ਸ਼ੁਧਤਾ ਕੀ ਏ? ਇਹ ਪ੍ਰਸ਼ਨ ਵੱਖਰੇ ਵਿਸਥਾਰ ਵਾਲੇ ਨੇ। ਹੁਣ ਗੱਲ ਇਹ ਕਿ ਸਾਡੇ ਵਿਦਵਾਨ ਨੇ 'ਪੂਰਾ ਰਾਰਾ' ਵਰਤਣ ਦਾ ਵੀ ਬੜਾ ਜ਼ੋਰ ਲਾਇਆ ਅਤੇ 'ਜਿਵੇਂ ਬੋਲੋ ਤਿਵੇਂ ਲਿਖੋ' ਦਾ ਨਾਹਰਾ ਵੀ ਲਾਇਆ। ਇਉਂ ਬਾਹਰੋਂ ਜਿੰਨਾ ਮਰਜ਼ੀ ਜ਼ੋਰ ਲਾਇਆ ਜਾਵੇ ਪਰ ਭਾਸ਼ਾ ਦੇ ਅੰਦਰੂਨੀ ਖ਼ੁਦ ਮੁਖਤਿਆਰ ਸੰਗਠਨ ਨੂੰ ਮੂਲੋਂ ਬਦਲਣਾ ਜਾਂ ਰੱਦ ਕਰਨਾ ਔਖਾ ਏ। ਵੰਨਗੀ ਵਜੋਂ, ਕ੍ਰਿਆ ਤੇ ਕਿਰਿਆ, ਕ੍ਰਿਪਾ ਤੇ ਕਿਰਪਾ; ਕ੍ਰਿਤ ਤੇ ਕਿਰਤ ਦੇ ਸੂਖ਼ਮ ਅੰਤਰ 'ਤੇ ਝਾਤੀ ਮਾਰੀ ਜਾ ਸਕਦੀ ਏ। ਕ੍ਰਿਆਸ਼ੀਲ, ਕ੍ਰਿਪਾ ਕਰਕੇ ਤੇ ਕਲਾਕ੍ਰਿਤ ਦੀ ਵਰਤੋਂ ਆਪਣੀ ਥਾਂ ਏ ਤੇ ਕੋਈ ਕਿਰਿਆ ਨਿਭਾਉਣਾ ਜਾਂ ਵਿਆਕਰਨ ਦੀ ਕਿਰਿਆ, ਕਿਰਪਾ ਸਿੰਘ ਅਤੇ ਕਿਰਤ ਕਰਨਾ ਜਾਂ ਕਿਰਤੀ ਆਦਿ ਦੀ ਵਰਤੋਂ ਆਪਣੀ ਥਾਂ 'ਤੇ। ਇਹ ਗੱਲ ਭਾਸ਼ਾ-ਵਿਗਿਆਨਕ ਨਜ਼ਰੀਏ ਤੋਂ ਨਹੀਂ, ਭਾਸ਼ਾ ਦੀ ਵਿਹਾਰਕ ਵਰਤੋਂ ਦੇ ਪ੍ਰਸੰਗ ਵਿੱਚ ਹੈ। ਏਸੇ ਤਰ੍ਹਾਂ ਜੇ ਜਿਵੇਂ ਬੋਲਣ, ਤਿਵੇਂ ਲਿਖਣ ਦੀ ਗੱਲ ਕਰੀਏ ਤਾਂ ਬਕੌਲ ਮਿੱਤਰ ਪਿਆਰੇ ਭੂਸ਼ਨ ਦੇ ਕੋਈ ਬਿਨਾਂ ਦੰਦਾਂ ਤੋਂ 'ਪ੍ਰੀਤ-ਲੜੀ' ਜਿਵੇਂ ਬੋਲੇਗਾ, ਜੇ ਓਵੇਂ ਲਿਖ ਹੋ ਜਾਵੇ ਤਾਂ ਲਫ਼ਜ਼ ਕੁਝ ਦਾ ਕੁਝ ਬਣ ਜਾਵੇਗਾ! ਇਉਂ ਜੇ ਕੋਈ 'ਰ' ਨੂੰ 'ੜ', 'ੜ' ਨੂੰ 'ਰ'; 'ਸ' ਨੂੰ 'ਸ਼', 'ਸ਼' ਨੂੰ 'ਸ'; 'ਵ' ਨੂੰ 'ਬ', 'ਬ' ਨੂੰ 'ਵ' ਬੋਲੇਗਾ ਤੇ ਇਉਂ ਲਿਖੇਗਾ ਤਾਂ ਕਿਹੜੀ ਭਾਸ਼ਾ ਬਣੇਗੀ- ਅਨੁਮਾਨ ਲਾਉਣਾ ਔਖਾ ਨਹੀਂ।

ਪ੍ਰਾਣੀ ਸ਼ਬਦ ਆਪਣੇ ਇਨ੍ਹਾਂ ਉਪਰ ਨਿਖੇੜੇ ਅੱਖਰਾਂ, ਲਗਾਂ, ਮਾਤਰਾਂ ਕਰਕੇ ਈ ਪ੍ਰਾਣਾਂ ਵਾਲੇ ਪ੍ਰਾਣੀ ਲਈ ਵਰਤਿਆ ਜਾਂਦਾ ਸ਼ਬਦ ਏ। ਬੇਸ਼ਕ ਹਰ ਪ੍ਰਾਣ-ਧਾਰੀ ਜੀਵ ਹੀ ਪ੍ਰਾਣਾਂ (ਸਵਾਸਾਂ, ਸਾਹਾਂ) ਕਰਕੇ ਜੀਊਂਦਾ ਏ; ਪਰ ਦੋ ਲੱਤਾਂ ਵਾਲੇ ਜੀਵ ਦੀ ਅੰਤਰ-ਆਤਮਾ ਵਿੱਚ ਭਾਸ਼ਾ ਦੇ ਪ੍ਰਾਣ ਵੀ ਚਲਦੇ ਨੇ। ਸ਼ਾਇਦ ਏਸੇ ਕਰਕੇ ਭਾਸ਼ਾ ਦੀ ਵਰਤੋਂ ਕਰਨ ਵਾਲੇ ਜੀਵ ਲਈ ਇਹ ਸ਼ਬਦ ਪ੍ਰਾਣ ਤੋਂ ਪ੍ਰਾਣੀ ਬਣ ਗਿਆ ਹੋਵੇ। ਭਾਸ਼ਾ ਇਕ ਨਿਰੰਤਰ ਵਹਾਓ ਹੈ। ਸਮੇਂ-ਸਮੇਂ ਇਸ ਵਿੱਚ ਲੋੜ ਅਨੁਸਾਰ ਤਬਦੀਲੀਆਂ ਦਾ ਹੋਣਾ ਸੁਭਾਵਕ ਹੈ। ਇਉਂ ਜਿਵੇਂ ਕਿਤੇ ਪਾਣੀ ਦੀਆਂ ਵੱਖ-ਵੱਖ ਧਾਰਾਂ ਇਕ ਦੂਜੀ ਵਿੱਚ ਰਲ ਜਾਂਦੀਆਂ ਨੇ ਪਰ ਪਾਣੀ ਦਾ ਮੂਲ ਉਹੋ ਰਹਿੰਦਾ ਏ। ਇਉਂ ਕਦੇ-ਕਦੇ ਇਕ ਭਾਸ਼ਾ ਦੇ ਸ਼ਬਦ ਦੂਜੀ ਭਾਸ਼ਾ ਵਿੱਚ ਰਲ ਤਾਂ ਜਾਂਦੇ ਨੇ ਪਰ ਭਾਸ਼ਾ ਦਾ ਮੂਲ ਓਹੋ ਰਹਿੰਦਾ ਏ। ਕੁਝ ਇਕ ਅਪਵਾਦਾਂ ਨੂੰ ਛੱਡ ਕੇ ਅਕਸਰ ਜਦੋਂ ਕੋਈ ਸ਼ਬਦ ਆਪਣੀ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਜਾਂਦਾ ਏ ਤਾਂ ਇਹ ਅਕਸਰ ਆਪਣੇ ਮੂਲ ਅਤੇ ਦੂਜੀ ਭਾਸ਼ਾ ਦੇ ਸੁਭਾਅ ਦਾ ਸੰਜੋਗ ਬਣ ਕੇ ਇਕ ਵਿਲੱਖਣ ਪਛਾਣ ਬਣਾਉਂਦਾ ਹੈ। ਜੇ ਇਹ ਦੂਜੀ ਭਾਸ਼ਾ ਵਿੱਚ ਰਚ-ਮਿਚ ਜਾਵੇ ਤਾਂ ਦੂਜੀ ਭਾਸ਼ਾ ਦੇ ਉਚਾਰਨ-ਢੰਗ ਵਾਂਗ ਇਉਂ ਉਚਾਰਿਆ ਜਾਂਦਾ ਏ ਕਿ ਇਕ ਵਾਰ ਤਾਂ ਇਹ ਓਸੇ ਭਾਸ਼ਾ ਦਾ ਸ਼ਬਦ ਹੀ ਲੱਗਣ ਲੱਗ ਪੈਂਦਾ ਏ ਪਰ ਜੇ ਗਹੁ ਨਾਲ ਵਿਚਾਰਿਆ ਜਾਵੇ ਤਾਂ ਇਸ ਦਾ ਮੂਲ ਵੀ ਇਸ ਵਿੱਚੋਂ ਪਛਾਣਿਆ ਜਾ ਸਕਦਾ ਏ। ਅੱਜ-ਕੱਲ੍ਹ ਪੰਜਾਬੀ ਨੂੰ ਬਹੁਤਾ ਖਤਰਾ ਹਿੰਦੀ-ਅੰਗਰੇਜ਼ੀ ਤੋਂ ਦੱਸਿਆ ਜਾਂਦਾ ਏ। ਹੋਵੇਗਾ, ਪਰ ਪੰਜਾਬੀ ਵੀ ਏਨੀ 'ਕੱਚੀ-ਕੂਲੀ' ਭਾਸ਼ਾ ਨਹੀਂ ਕਿ ਹੋਰ ਕੋਈ ਤਕੜੀ ਭਾਸ਼ਾ ਇਹਨੂੰ ਗਾਜਰ-ਮੂਲੀ ਵਾਂਗ ਮੂੰਹ 'ਚ ਪਾ ਲਵੇਗੀ ਜਾਂ ਪੂੰਗ ਵਾਂਗ ਕੋਈ ਇਸ ਨੂੰ ਨਿਗਲ ਲਵੇਗਾ।

ਭਾਸ਼ਾ ਸਿਰਫ ਲਿਖਤ, ਕਿਤਾਬ ਜਾਂ ਚਿੰਤਕ ਤੱਕ ਹੀ ਸੀਮਿਤ ਨਹੀਂ। ਇਹ ਸਮੁੱਚੀ ਪਰੰਪਰਾ, ਸਮੁੱਚੀ ਜਾਤੀ; ਸਮੁੱਚੀ ਪ੍ਰਕਿਰਤੀ ਤੱਕ ਪਸਰੀ ਹੈ। ਭਾਸ਼ਾ ਸਿਰਫ ਸਿਧਾਂਤ ਨਹੀਂ, ਵਿਹਾਰ ਹੈ; ਸੋਚ ਨਹੀਂ, ਇਸ ਦੀ ਵਰਤੋਂ ਹੈ; ਅੱਖਰ-ਜੜਤ ਨਹੀਂ, ਭਾਵ-ਪਾਸਾਰ ਹੈ। ਇਸ ਦੀ ਚਰਚਾ ਦੇ ਨਾਲ ਹੀ ਬਾਹਰੀ ਭਾਸ਼ਾਵਾਂ ਦੇ ਪ੍ਰਭਾਵ ਦੀ ਗੱਲ ਕਰੀਏ ਤਾਂ ਪਿੰਡਾਂ ਵਿੱਚ ਵਿਹਾਰਕ ਮਜਬੂਰੀ ਤਹਿਤ ਵਰਤੇ ਜਾਂਦੇ ਕੁਝ ਸ਼ਬਦ- ਜਿਵੇਂ ਟ੍ਰੈਕਟਰ, ਸਟੇਰਿੰਗ, ਗੀਅਰ ਆਦਿ ਪੇਂਡੂਆਂ ਦੇ ਠੇਠ ਲਹਿਜੇ ਵਿੱਚ ਸੁਣੀਏ ਤਾਂ ਇਹ ਬਿਲਕੁਲ ਓਪਰੇ ਜਾਂ ਕਿਸੇ ਹੋਰ ਭਾਸ਼ਾ ਦੇ ਨਹੀਂ ਲਗਦੇ, ਸਗੋਂ ਪੰਜਾਬੀ ਦੇ ਹੀ ਲਗਦੇ ਹਨ। ਏਥੋਂ ਤੱਕ ਕਿ ਪੰਜਾਬ ਦੇ ਹਰ ਉਪਭਾਸ਼ਾਈ ਖੇਤਰ ਵਿੱਚ ਵੀ ਇਹ ਆਪਣੀ ਉਪਭਾਸ਼ਾ ਅਨੁਸਾਰ ਵਿਚਾਰੇ ਜਾਂਦੇ ਹਨ। ਮਾਝੇ ਦਿਆਂ ਪਿੰਡਾਂ ਵਿੱਚ ਅਕਸਰ, ਟਰੈਕਟਰ (ਖਿੰਡਾ ਕੇ), ਸਟੇਰਿੰਗ (ਦਬਾ ਕੇ) ਅਤੇ ਗੇਰ (ਖੁੱਲ੍ਹਾ ਛੱਡ ਕੇ) ਉਚਾਰੇ ਜਾਂਦੇ ਹਨ। ਕਿਤੇ ਕਿਤੇ ਕੋਈ 'ਟਰੈਕਟਰ' ਵੀ ਉਚਾਰ ਜਾਂਦਾ ਹੈ। ਜੇ ਅਸੀਂ ਭਾਸ਼ਾ ਨੂੰ ਭਾਵਾਂ ਤੇ ਵਿਚਾਰਾਂ ਦੇ ਸੰਚਾਰ ਦਾ ਮਾਧਿਅਮ ਵੀ ਮੰਨਦੇ ਹਾਂ ਤਾਂ ਇਹ ਉਹ ਮਿਸਾਲਾਂ ਨੇ ਜਿਹੜੀਆਂ ਬੜੀ ਆਸਾਨੀ ਨਾਲ ਆਪਣੀ ਗੱਲ ਸਮਝਾ ਜਾਂਦੀਆਂ ਨੇ। ਏਸੇ ਤਰ੍ਹਾਂ, 'ਸਟਾਰਟ' ਜਾਂ 'ਸਟਾਟ' ਉਚਾਰ ਵੀ 'ਗੱਡਾ ਰੇੜ੍ਹ' ਦੇਂਦਾ ਏ ਤੇ ਜੇ ਕਿਤੇ ਕੋਈ ਕਸਰ ਰਹਿ ਜੇ ਤਾਂ ਸਰੀਰਕ ਭਾਸ਼ਾ ਵੀ ਨਾਲ ਕੰਮ ਦੇ ਜਾਂਦੀ ਏ। ਏਸੇ ਤਰ੍ਹਾਂ ਕੁਝ ਸ਼ਬਦ ਪੰਜਾਬੀਆਂ, ਖਾਸ ਕਰ, ਪੇਂਡੂ ਪੰਜਾਬੀਆਂ ਨੇ ਆਪਣੀ ਵਿਰਾਸਤੀ ਬੋਲੀ ਦੀ ਅਚੇਤ ਸੂਝ ਮੁਤਾਬਕ ਅੰਗਰੇਜ਼ੀ ਦੇ ਸਮਾਂਤਰ ਆਪ ਵੀ ਘੜੇ ਅਤੇ ਪ੍ਰਚੱਲਤ ਕੀਤੇ ਨੇ, ਜਿਵੇਂ, ਹਲ ਦੀ ਚੌਅ ਦੀ ਥਾਂ ਟ੍ਰੈਕਟਰ ਦੀਆਂ ਹੱਲਾਂ, ਤਵੀਆਂ ਆਦਿ, ਟਿਊਬਵੈੱਲ ਦੀ ਥਾਂ 'ਬੰਬੀ', ਸਬਮਰਸੀਬਲ ਦੀ ਥਾਂ 'ਮੱਛੀ ਮੋਟਰ' ਅਤੇ ਕਾਰ, ਮੋਟਰ, ਜੀਪ ਆਦਿ ਦੀ ਥਾਂ 'ਗੱਡੀ'।

ਭਾਸ਼ਾ ਦੀ ਵਰਤੋਂ ਲੋੜ ਅਨੁਸਾਰ, ਵਰਤੋਂ ਅਨੁਸਾਰ ਅਤੇ ਸਮੇਂ ਅਨੁਸਾਰ ਹੁੰਦੀ ਪਰਖੀ ਜਾ ਸਕਦੀ ਹੈ। ਜਿਹੜੀ ਵਸਤ, ਜਿਹੜੀ ਰੀਤ; ਜਿਹੜੀ ਕਿਰਿਆ ਜਦੋਂ ਵਰਤੋਂ ਵਿੱਚ ਹੋਵੇਗੀ, ਉਦੋਂ ਉਸ ਸਮੇਂ, ਲੋੜ ਅਨੁਸਾਰ ਉਸ ਲਈ ਢੁੱਕਵਾਂ ਲਫ਼ਜ਼ ਵੀ ਹੋਵੇਗਾ ਅਤੇ ਜਿਸ ਘੜੀ ਇਸ ਦੀ ਵਰਤੋਂ, ਲੋੜ ਨਹੀਂ ਹੋਵੇਗੀ ਇਹ ਸ਼ਬਦ ਸਾਡਿਆਂ ਚੇਤਿਆਂ 'ਚ ਸਮਾ ਜਾਵੇਗਾ। ਸਭ ਤੋਂ ਵੱਡੀ ਭਾਸ਼ਾਈ ਸੇਵਾ ਲੇਖਕ ਦੀ ਇਹ ਲਗਦੀ ਹੈ ਕਿ ਉਹ ਆਪਣੇ ਚੇਤਿਆਂ ਵਿੱਚ ਪਏ ਪੁਰਾਣੇ ਤੋਂ ਪੁਰਾਣੇ, ਰਿਵਾਇਤੀ ਤੋਂ ਰਿਵਾਇਤੀ, ਠੇਠ ਤੋਂ ਠੇਠ ਸ਼ਬਦ ਇਉਂ ਵਰਤੇ ਕਿ ਇਨ੍ਹਾਂ ਦੀ ਪ੍ਰਸੰਗਿਕ ਵਰਤੋਂ ਕਰ ਕੇ ਇਨ੍ਹਾਂ ਨੂੰ ਆਉਣ ਵਾਲੇ ਸਮਿਆਂ ਲਈ ਨਾ ਸਿਰਫ ਸੰਭਾਲਿਆ ਜਾਵੇ ਸਗੋਂ ਪੁਨਰ-ਵਰਤੋਂ ਦੇ ਕਾਬਲ ਵੀ ਬਣਾਇਆ ਜਾਵੇ। ਇਉਂ ਕਰਕੇ ਵੇਖੀਏ ਤਾਂ ਸਹੀ- ਸਾਡਾ ਪਰੰਪਰਕ ਪੰਜਾਬੀ ਠੇਠ ਮੁਹਾਵਰਾ ਏਨਾ ਵਿਸ਼ਾਲ, ਏਨਾ ਬਲਵਾਨ ਅਤੇ ਏਨਾ ਸਮਰਥਾਵਾਨ ਹੈ ਕਿ ਇਸ ਵੱਲ ਈਮਾਨਦਾਰਾਨਾ ਪਹੁੰਚ, ਖੋਜ ਅਤੇ ਆਦਰ-ਭਾਵ ਭਰਿਆ ਝੁਕਾਅ ਪੰਜਾਬੀ ਸ਼ਬਦ-ਭੰਡਾਰ ਦੀ ਪ੍ਰਫੁੱਲਤਾ, ਮੌਲਿਕਤਾ ਅਤੇ ਬਹੁਲਤਾ ਦਾ ਸਬੂਤ ਆਪਣੇ ਆਪ ਦੇਵੇਗਾ।

ਜਿਨ੍ਹਾਂ ਮੁੱਖ-ਸ਼ਬਦਾਂ ਤੋਂ ਗੱਲ ਸ਼ੁਰੂ ਕੀਤੀ ਸੀ, ਉਨ੍ਹਾਂ ਦਾ ਤਾਂ ਸ਼ਾਇਦ ਬਹਾਨਾ ਹੀ ਸੀ ਜਾਂ ਫਿਰ ਉਨ੍ਹਾਂ ਦੀ ਗੱਲ ਦਾ ਆਧਾਰ ਅਤੇ ਪਾਸਾਰ ਹੀ ਏਨਾ ਵਿਸ਼ਾਲ ਅਤੇ ਬਹੁਪੱਖੀ ਹੈ ਕਿ ਥੋੜ੍ਹੇ ਸ਼ਬਦਾਂ 'ਚ ਸਮੇਟਣਾ ਔਖਾ ਹੈ। ਫਿਰ ਵੀ, 'ਪ੍ਰਾਣੀ' ਸ਼ਬਦ ਦੀ ਵਰਤੋਂ ਪ੍ਰਾਣ ਵਾਲੇ ਆਦਮੀ ਵਾਸਤੇ ਹੈ, ਜਿਸ ਨੂੰ ਧਾਰਮਿਕ ਸੋਚਣੀ ਵਾਲੇ 'ਇਕ-ਦਮੀ' ਭਾਵ ਇਕਦਮ ਦੇ ਮਾਲਕ ਵਾਲੇ ਅਤੇ ਮਾਨਸ ਜਾਂ ਮਨੁੱਖ ਨੂੰ 'ਮਨ ਕਰਕੇ ਹੋਣਾ' ਵੀ ਆਖਦੇ ਹਨ। ਸੋ, ਕੁਦਰਤੀ ਜੀਵ ਤੋਂ ਸਮਾਜਕ, ਨੈਤਿਕ; ਆਦਰਸ਼ਕ ਪ੍ਰਾਣੀ ਉਹ ਹੋਇਆ ਜਿਹੜਾ 'ਦਮ' (ਸਾਹ) ਦੇ ਸੱਚ ਨੂੰ ਸਵੀਕਾਰਦਾ ਹੈ, ਮਨ ਤੋਂ ਵਿਚਾਰਦਾ ਹੈ ਅਤੇ ਚੇਤਨਾ ਦਾ ਧਾਰਨੀ ਹੈ। ਏਸੇ ਲਈ ਗੁਰਬਾਣੀ ਅਜਿਹੇ ਪ੍ਰਾਣੀ ਨੂੰ 'ਲਾਹਾ ਲੈਣ' ਦੇ ਸਮਰੱਥ ਸਮਝ ਕੇ ਸਚੇਤ ਕਰਦੀ ਹੈ ਕਿ ਜਿੰਨੇ ਦਮ, ਪ੍ਰਾਣ ਤੇ ਸਵਾਸ ਤੇਰੇ ਕੋਲ ਹੈਨ, ਉਨ੍ਹਾਂ ਨੂੰ ਅਮੁੱਲੀ ਅਮਾਨਤ ਸਮਝ ਕੇ ਹਰ ਪਲ ਇਨ੍ਹਾਂ ਦਾ ਸ਼ੁੱਭ, ਭਲਾ; ਮਾਨਵੀ ਲਾਹਾ ਲੈ। ਏਥੇ 'ਲਾਹਾ' ਸ਼ਬਦ ਵੀ ਠੇਠ ਪੰਜਾਬੀ ਸਭਿਆਚਾਰਕ ਮੁਹਾਵਰੇ ਵਿੱਚ ਅਕਸਰ ਕਿਸੇ ਵਕਤ, ਵਸਤ; ਵਿਅਕਤੀ ਦੇ ਮੇਲ ਤੋਂ ਲਾਹਾ ਲੈਣ ਦਾ ਸੰਕੇਤ ਹੈ। ਸੋ ਪ੍ਰਾਣਧਾਰੀ 'ਪ੍ਰਾਣੀ' ਇਸ ਜਗਤ ਦਾ 'ਸਰਵ-ਸ਼੍ਰੇਸ਼ਟ ਪ੍ਰਾਣੀ' ਜੇ ਮੰਨਿਆ ਗਿਆ ਹੈ ਤਾਂ ਗੱਲ ਸਿਰਫ ਸ਼ਬਦਾਂ ਦੀ ਈ ਨਹੀਂ ਇਨ੍ਹਾਂ ਸ਼ਬਦਾਂ ਰਾਹੀਂ ਉਸ ਦੀ ਸ਼੍ਰੇਸ਼ਟਤਾ ਦੇ ਗੁਣਾਂ ਨੂੰ ਪਹਿਚਾਨਣ ਦੀ ਹੈ। ਗੁਣ ਹੀ ਤਾਂ ਸ਼੍ਰੇਸ਼ਟਤਾ ਦੀ ਨਿਸ਼ਾਨੀ ਨੇ, ਤੇ ਮਾਨਵੀ ਗੁਣ ਹੀ ਪ੍ਰਾਣੀ ਦੀ ਸ਼੍ਰੇਸ਼ਟਾ ਏ।

ਹੁਣ ਜੇ 'ਪ੍ਰਾਣੀ' ਸ਼ਬਦ ਵਿੱਚ ਪੂਰਾ 'ਰਾਰਾ' ਪਾ ਦਿੱਤਾ ਜਾਵੇ ਤਾਂ ਇਸ ਦੀ ਵਰਤੋਂ ਪ੍ਰਾਣ-ਸੰਚਾਰ ਹੋਣ ਵਜੋਂ ਨਹੀਂ; ਪ੍ਰਾਣ ਕੱਢਣ ਵਜੋਂ ਭਾਵੇਂ ਹੋਵੇ। ਹੁਣ ਇਸ ਸ਼ਬਦ ਦੀ ਸਮੱਸਿਆ ਏਹੀ ਹੈ ਕਿ ਇਹ ਏਨਾ ਔਖਾ ਸ਼ਬਦ ਨਹੀਂ ਕਿ ਕਿਸੇ ਕੋਸ਼, ਵਿਦਿਆਲੇ ਜਾਂ ਪੁਸਤਕਾਲੇ ਦੀ ਲੋੜ ਹੋਵੇ। ਗੱਲ ਸਿਰਫ ਏਨੀ ਹੈ ਕਿ ਹੁਣ ਇਸ ਸ਼ਬਦ ਨਾਲ ਸਬੰਧਤ ਵਸਤੂ ਦੀ ਵਰਤੋਂ ਜੇ ਨਹੀਂ ਰਹੀ ਤਾਂ ਘੱਟ ਜ਼ਰੂਰ ਗਈ ਏ। ਇਹ ਸ਼ਬਦ ਬਣਦਾ ਹੈ, 'ਪਰਾਣੀ'। ਪਰਾਣੀ ਪਤਲੇ ਬਾਂਸ ਦੀ ਲਗਪਗ ਦੋ-ਤਿੰਨ ਫੁੱਟ ਲੰਮੀ ਸੋਟੀ ਦਾ ਨਾਂ ਏ, ਜਿਹੜੀ ਉਦੋਂ ਵਰਤੀ ਜਾਂਦੀ ਸੀ ਜਦੋਂ ਕਿਸਾਨ ਖੇਤਾਂ ਦੀ ਵਹਾਈ ਬਲਦਾਂ ਦੀ ਜੋਗ ਨਾਲ, ਹਲ, ਪੰਜਾਲੀ ਨਾਲ ਕਰਦਾ ਸੀ। ਉਦੋਂ ਬਲਦਾਂ ਨੂੰ ਹਿੱਕਣ (ਤੋਰਨ) ਲਈ ਇਹ ਪਰਾਣੀ ਵਰਤੀ ਜਾਂਦੀ ਸੀ। ਸਿਆਣਾ ਹਾਲੀ ਤੇ ਸਿਆਣਾ ਬਲਦ ਪਰਾਣੀ ਨੂੰ ਐਵੇਂ ਹਿਲਾਉਣ ਦਾ ਇਸ਼ਾਰਾ ਈ ਸਮਝਦਾ। ਮੂੜ੍ਹ ਹਾਲੀ ਤੇ ਮਾੜਾ ਬਲਦ ਪਰਾਣੀ ਨੂੰ ਕੁੱਟਣ ਦੀ ਵਸਤੂ ਬਣਾ ਦੇਂਦਾ। ਮੁੱਛ-ਫੁੱਟ ਗੱਭਰੂ ਤੇ ਅਲ੍ਹਕ ਵਹਿੜਕਾ ਪਰਾਣੀ ਨੂੰ ਐਵੇਂ ਸ਼ੌਕ ਜਿਹਾ ਹੀ ਸਮਝਦੇ। ਇਹ ਪਰਾਣੀ ਛਾਂਟ ਵਾਲੀ ਵੀ ਹੁੰਦੀ। ਛਾਂਟ ਚਮੜੇ ਦੀਆਂ ਦੋ ਕੁ ਲੰਮੀਆਂ ਲਰਾਂ ਨੂੰ ਪਰਾਣੀ ਦੇ ਸਿਰੇ 'ਤੇ ਬੜੀ ਜੁਗਤ ਨਾਲ ਬੰਨ੍ਹ ਕੇ ਵਰਤੀ ਜਾਂਦੀ। ਏਥੇ ਵੀ ਉਪਰਲੀ ਤਰਤੀਬ ਹੀ ਲਾਗੂ ਹੁੰਦੀ: ਐਵੇਂ ਇਸ਼ਾਰੇ ਮਾਤਰ ਵੀ, ਲਾਸਾਂ ਪਾ ਦੇਣ ਤੱਕ ਵੀ; ਤੇ ਐਵੇਂ ਸ਼ੌਕ ਖਾਤਰ ਵੀ। ਉਂਜ ਕੁਝ ਮਨਚਲੇ ਗੱਭਰੂ ਕਿਸੇ ਸ਼ਰੀਕ ਨਾਲ ਜ਼ਿਦ ਕੇ ਬਲਦ ਭਜਾਉਣ ਲਈ ਪਰਾਣੀ ਦੇ ਸਿਰੇ 'ਤੇ ਇਕ ਪੁੱਠਾ ਕਿੱਲ ਵੀ ਗੱਡ ਲੈਂਦੇ, ਜਿਸ ਨੂੰ ਆਰ ਕਿਹਾ ਜਾਂਦਾ ਏ। ਏਥੋਂ ਈ ਮੁਹਾਵਰਾ ਬਣਿਆ; ਆਰਾਂ ਲਾਉਣਾ। ਇਸ ਆਰ ਦੀ ਰਤਾ ਕੁ ਛੇੜ ਨਾਲ ਈ ਬਲਦ ਛਾਲਾਂ ਚੁੱਕ ਲੈਂਦੇ।

ਏਸ ਪਰਾਣੀ ਨਾਲ ਉਨ੍ਹਾਂ ਵੇਲਿਆਂ ਦੀ ਇਕ ਸੰਕੇਤਕ ਰੀਤ ਵੀ ਜੁੜੀ ਹੋਈ ਹੈ। ਕਿਸਾਨ ਜਦੋਂ ਕੋਈ ਨਵਾਂ ਕਾਮਾ ਰੱਖਦਾ ਤਾਂ ਇਹ ਕਾਮਾ ਪਹਿਲੇ ਕਿਸਾਨ ਦਾ ਕੰਮ ਹਾੜ੍ਹੀ ਤੱਕ ਪੂਰਾ ਕਰਕੇ ਨਵੇਂ ਕਿਸਾਨ ਕੋਲ ਫੇਰ ਕੰਮ ਆਰੰਭਦਾ। ਨਵਾਂ ਕਾਮਾ ਪੱਕਾ ਕਰਨ ਲਈ ਹਾੜ੍ਹ ਤੋਂ ਪਹਿਲਾਂ ਦਾ ਸਮਾਂ ਹੁੰਦਾ। ਹੁਣ ਕਾਮੇ ਨੇ ਕਈ ਵਾਰ ਪਹਿਲੇ ਕਿਸਾਨ ਤੋਂ ਮਿਥੀ ਰਕਮ ਤੋਂ ਵੱਧ ਰਕਮ ਵੀ ਲਈ ਹੁੰਦੀ ਜਾਂ ਫਿਰ ਘਰ ਦੀ ਕਿਸੇ ਖਾਸ ਲੋੜ ਲਈ ਰਕਮ ਦੀ ਲੋੜ ਹੁੰਦੀ। ਕਾਮਾ ਜਾਂ ਸੀਰੀ ਕਿਸਾਨ ਦੋ ਤਰ੍ਹਾਂ ਨਾਲ ਰਖਦਾ- ਇਕ ਹਿੱਸੇ 'ਤੇ ਦੂਜਾ ਉੱਕਾ-ਪੁੱਕਾ ਠੇਕੇ 'ਤੇ। ਹਿੱਸਾ ਉਸ ਨੂੰ ਪੈਲੀ ਤੇ ਜੋਗ ਅਨੁਸਾਰ ਸਿੱਧਾ ਜਿਣਸ ਦੇ ਰੂਪ ਵਿੱਚ ਦਿੱਤਾ ਜਾਂਦਾ- ਪੰਜਵਾਂ, ਸੱਤਵਾਂ, ਦਸਵਾਂ ਹਿੱਸਾ ਆਦਿ। ਪਰ ਠੇਕਾ ਉੱਕਾ ਪੁੱਕਾ ਹੁੰਦਾ। ਇਸ ਦੀ ਕੁਝ ਰਕਮ ਹਾੜ੍ਹ ਤੋਂ ਪਹਿਲਾਂ ਦਿੱਤੀ ਜਾਂਦੀ, ਕੁਝ ਨਾਲ ਨਾਲ ਤੇ ਕੁਝ ਅਖੀਰ 'ਤੇ। ਜਿਹੜੀ ਰਕਮ ਕਾਮੇ ਦੇ ਨਵੇਂ ਥਾਂ ਕੰਮ ਆਰੰਭਣ ਤੇ ਪੁਰਾਣੇ ਥਾਂ 'ਤੇ ਜੁਆਬ ਦੇਣ ਵੇਲੇ ਦਿੱਤੀ ਜਾਂਦੀ ਉਸ ਨੂੰ ਸਾਰੀ ਜਾਂ ਪੇਸ਼ਗੀ ਰਕਮ ਨਹੀਂ ਸੀ ਆਖਿਆ ਜਾਂਦਾ, ਸਗੋਂ 'ਪਰਾਣੀ ਦੇ ਪੈਸੇ' ਆਖਿਆ ਜਾਂਦਾ। ਜਿੰਨਿਆਂ ਪੈਸਿਆਂ ਵਿੱਚ ਸਾਲ ਦੇ ਠੇਕੇ ਦੀ ਗੱਲ ਨਿੱਬੜਦੀ ਉਸ ਦਾ ਬਣਦਾ ਪਹਿਲਾ ਹਿੱਸਾ ਉਸ ਨੂੰ ਹਾੜ੍ਹੀ ਤੋਂ ਪਹਿਲਾਂ-ਪਹਿਲਾਂ ਆਪਣੇ ਬਲਦਾਂ ਦੀ ਪਰਾਣੀ ਫੜਾਉਣ ਅਤੇ ਪਹਿਲੇ ਕਿਸਾਨ ਦਾ ਹਿਸਾਬ-ਕਿਤਾਬ ਮੁਕਾ ਕੇ ਉਸ ਦੀ ਪਰਾਣੀ ਛੱਡਣ ਲਈ ਦਿੱਤਾ ਜਾਂਦਾ। ਬੇਸ਼ੱਕ ਕਾਮੇ-ਕਿਸਾਨ-ਕਿਰਤੀ ਦੇ ਨਾਤੇ ਦੇ ਕਈ ਚੰਗੇ-ਮਾੜੇ ਪ੍ਰਸੰਗ ਹੋਣ ਪਰ ਇਨ੍ਹਾਂ ਵੇਲਿਆਂ ਦੀ 'ਪ੍ਰਾਣੀ' ਦਾ 'ਮਾਨਵੀ-ਗੁਣ' ਹੀ ਹੈ ਕਿ ਘੱਟੋ-ਘੱਟ ਉਹ ਕਾਮੇ-ਕਿਸਾਨ ਦੇ ਨਾਤੇ ਵਜੋਂ ਕਾਮੇ ਨੂੰ ਹੀਣ-ਭਾਵ ਨਾ ਆਉਣ ਦੇਣ ਲਈ ਇਸ ਪੇਸ਼ਗੀ ਰਕਮ ਨੂੰ 'ਪਰਾਣੀ ਦੀ ਰਕਮ' ਆਖਦਾ ਨਾ ਕਿ ਆਮ ਵਿਹਾਰੀ ਤੇ ਵਪਾਰਕ ਭਾਸ਼ਾ ਵਿੱਚ ਸਾਈ ਆਦਿ ਸ਼ਬਦ ਵਰਤਦਾ। ਕਿਤੇ ਕਿਸ਼ਨ ਸਿੰਘ ਹੋਰਾਂ ਵੀ 'ਸੇਧ' ਦੇ ਫਰਵਰੀ 1978 ਦੇ ਅੰਕ ਵਿੱਚ ਅਜਿਹਾ ਹੀ ਜ਼ਿਕਰ ਕਰਦਿਆਂ ਆਖਿਆ, ''ਫੀਊਡਲ ਨਿਜ਼ਾਮ ਦੇ ਸਭ ਸਮਾਜਕ ਰਿਸ਼ਤਿਆਂ ਵਿੱਚ ਮਨੁੱਖੀ ਰੋਲ ਹੁੰਦਾ ਹੈ। ਇਸ ਰੋਲ ਨੂੰ ਸਮਾਜਕ ਰਿਸ਼ਤਿਆਂ ਵਿੱਚੋਂ, ਮਨੁੱਖੀ ਰਿਸ਼ਤਿਆਂ ਵਿੱਚੋਂ ਖ਼ਤਮ ਕਰਦੀ ਹੈ- ਸਰਮਾਏਦਾਰੀ।''

ਤੇ ਹੁਣ ਜੇ 'ਪਰਾਣੀ' ਸ਼ਬਦ ਦੇ ਅੱਖਰ 'ਪੱਪਾ' ਦੇ ਪੈਰ ਵਿੱਚ ਔਂਕੜ ( ੁ) ਪਾ ਦਿੱਤਾ ਜਾਵੇ ਤਾਂ ਜਿਹੜਾ ਸ਼ਬਦ 'ਪੁਰਾਣੀ' ਬਣੇਗਾ, ਉਸ ਨਾਲ ਇਹ ਪਰਾਣੀ ਸ਼ਬਦ ਦੀ ਗੱਲ ਪੁਰਾਣੀ ਲੱਗੇਗੀ। ਪੁਰਾਣੀ ਸ਼ਬਦ ਅਸੀਂ ਝੱਟ 'ਨਵੀਂ' ਸ਼ਬਦ ਨਾਲ ਨਵੀਂ ਵਸਤ, ਨਵੀਂ ਰੁੱਤ, ਨਵੀਂ ਮੁਹੱਬਤ ਆਦਿ ਨਾਲ ਜੋੜ ਕੇ ਸੌਖਿਆਂ ਹੀ ਨਿਖੇੜ ਲੈਂਦੇ ਹਾਂ ਕਿਉਂਕਿ ਨਵੇਂ-ਪੁਰਾਣੇ ਦੀ ਗੱਲ ਅਜੇ ਵੀ ਏਨੀ ਪੁਰਾਣੀ ਨਹੀਂ ਹੋਈ। ਅਜੇ ਕੱਲ੍ਹ ਦੀ ਤਾਂ ਗੱਲ ਏ ਕਿ ਸਾਡੇ ਮਾਣ ਮੱਤੇ ਸ਼ਾਇਰ ਨੇ ਆਖਿਆ:

ਪਿੱਪਲ ਦਿਆ ਪੱਤਿਆ, ਕੇਹੀ ਖੜਖੜ ਲਾਈ ਆ।
ਪੱਤ ਝੜੇ ਪੁਰਾਣੇ, ਰੁੱਤ ਨਵਿਆਂ ਦੀ ਆਈ ਆ।

ਰੁੱਤ ਤਾਂ ਵਾਕਿਆ ਨਵਿਆਂ ਦੀ ਹੁੰਦੀ ਏ, ਪੁਰਾਣਿਆਂ ਤਾਂ ਖੜ-ਖੜ ਕਰਦਿਆਂ ਆਖਰ ਝੜ ਈ ਜਾਣਾ ਹੁੰਦੈ। ਪਰ ਸਾਡਾ ਇਹ ਮੁਹਾਵਰਾ ਪਤਾ ਨਹੀਂ ਇਉਂ ਕਿਉਂ ਆਖਦਾ ਏ ਪੁਰਾਣਾ ਨਾ ਨਿੰਦੋ, ਆਖਰ ਨਵੇਂ ਵੀ ਪੁਰਾਣਾ ਹੋਈ ਜਾਣਾ ਏ, ਕਿਉਂਕਿ, 'ਨਵਾਂ- ਨੌਂ ਦਿਨ, ਪੁਰਾਣਾ- ਸੌ ਦਿਨ'! ਹੁਣ ਜੇ ਗੱਲ ਕਵਿਤਾ ਦੀ ਆਈ ਏ ਤਾਂ ਬਹਾਨੇ ਨਾਲ ਸਾਹਿਤ ਦੀ ਗੱਲ ਵੀ ਹੋ ਈ ਜਾਵੇ। (ਕਾਵਿ) ਕਵਿਤਾ, ਸਾਹਿਤ ਦਾ ਮੂਲ ਮਸਲਾ; ਪੁਰਾਣਾ ਰੂਪ ਏ; ਕਹਾਣੀ, ਨਾਵਲ, ਵਾਰਤਕ ਆਦਿ ਸਾਹਿਤ ਦੇ ਆਧੁਨਿਕ ਵਿਕਸਿਤ ਰੂਪ ਨੇ ਪਰ ਮੁੱਖ ਰੂਪ ਨੇ। ਆਲੋਚਨਾ ਸਾਹਿਤ ਦਾ ਗੌਣ ਰੂਪ ਏ। ਇਹ ਇਕ ਪਾਸੇ ਸਾਹਿਤ-ਰਚਨਾ ਦੇ ਮੂਲਾਂਕਣ ਵੱਲ ਝੁਕਦਾ ਏ ਤੇ ਦੂਜੇ ਪਾਸੇ ਚਿੰਤਨ ਵੱਲ ਪਸਰਦਾ ਏ। ਸਾਹਿਤ-ਰਚਨਾ ਰਚਨਾਤਮਕ ਕਾਰਜ ਤੇ ਆਲੋਚਨਾ ਰਚਨਾ ਦਾ ਪੁਨਰ-ਮੂਲਾਂਕਣ। ਪਰ ਜਜ਼ਬਾ, ਤਰਕ, ਸੋਚ-ਵਿਚਾਰ, ਸ਼ੈਲੀ, ਕਲਾ; ਜੁਗਤ ਆਪਣੀ-ਆਪਣੀ ਥਾਂ ਹਰ ਰਚਨਾ, ਹਰ ਰੂਪ ਵਿੱਚ ਆਪਣੀ-ਆਪਣੀ ਤਰ੍ਹਾਂ ਮੌਜੂਦ ਹੁੰਦੇ ਨੇ। ਗੱਲ ਪਛਾਣ ਦੀ ਏ, ਅਨੁਭਵ ਦੀ ਏ; ਸੋਚ ਦੀ ਏ! ਕੌਣ ਸੋਚਦਾ ਏ, ਕਿਵੇਂ ਅਨੁਭਵ ਕਰਦਾ ਏ; ਕਿੱਥੇ ਪਛਾਣਦਾ ਏ! ਪ੍ਰਾਣੀ, ਪਰਾਣੀ ਤੇ ਪੁਰਾਣੀ ਦੀ ਸ਼ਾਬਦਿਕ ਚਰਚਾ ਦੇ ਬਹਾਨੇ ਇਸ ਨੂੰ ਜਿੰਨਾ ਵੀ ਵਿਸਥਾਰ ਦੇਈਏ, ਗੱਲ ਲੰਮੀ ਈ ਲੰਮੀ ਹੁੰਦੀ ਜਾਵੇਗੀ, ਕਿਉਂਕਿ ਸਾਹਿਤ ਹੈ ਈ ਸ਼ਾਬਦਿਕ ਕਲਾ। ਤਾਂਹੀਓਂ ਸ਼ਬਦਾਂ, ਅੱਖਰਾਂ; ਜੋੜਾਂ ਦੀਆਂ ਬਾਰੀਕੀਆਂ ਵੱਲ ਬਾਰੀਕੀ ਨਾਲ ਧਿਆਨ ਦੇਣ ਦੀ ਲੋੜ ਏ। ਗੱਲ ਸਮੇਟਦਿਆਂ ਵੀ, ਸੰਕੇਤ ਵਜੋਂ ਕਹਿਣਾ ਏ ਕਿ ਧਿਆਨ ਸ਼ਬਦ ਵੀ 'ਧਿਆਨ' ਦੀ ਮੰਗ ਕਰਦਾ ਏ।

(ਪੰਜਾਬੀ ਟ੍ਰਿਬਿਊਨ 'ਚੋ ਧੰਨਵਾਦ ਸਹਿਤ)

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX
FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
780-469-2677
FAX : 780-469-2026


# ਮਾਂ ਤੋਂ ਬਿਨਾਂ ਕੋਈ ਧੀ-ਪੁੱਤ ਨਹੀਂ ਹੁੰਦਾ



ਕੇਹਰ ਸ਼ਰੀਫ਼
0049-2302-21848
ksharif@arcor.de

ਮਾਂ ਤੋਂ ਬੇਮੁਖ ਹੋ ਜਾਣ ਵਾਲ਼ੇ ਬੰਦੇ ਨੂੰ ਪੰਜਾਬੀ ਵਿਚ ਪੁੱਤ ਨਹੀਂ ਕਪੁੱਤ ਆਖਿਆ ਜਾਂਦਾ ਹੈ। ਪੰਜਾਬੀਆਂ ਵਾਸਤੇ ਹੁਣ ਤੱਕ ਅਸਲੋਂ ਉਦਾਸ ਵਰਤਾਰਾ ਇਹ ਹੀ ਰਿਹਾ ਹੈ ਕਿ ਹਕੂਮਤੀ ਕੁਰਸੀਆਂ ਅਤੇ ਤਾਕਤਵਰ ਅਹੁਦਿਆਂ ਉੱਤੇ ਬੈਠਦੇ ਰਹੇ ਅਤੇ ਹੁਣ ਵੀ ਬੈਠੇ ਆਮ ਕਰਕੇ ਪੰਜਾਬੀ ਬੋਲੀ ਅਤੇ ਭਾਸ਼ਾ ਦੇ ਪੁੱਤ ਘੱਟ ਪਰ ਕਪੁੱਤ ਬਹੁਤੇ ਹਨ। ਇਹ ਪੰਜਾਬੀ ਦੇ ਆਪੇ ਬਣੇ ਮਸ਼ੋਹਰ (ਮਾਂ ਮਹਿੱਟਰ) ਸਿਰਫ ਤਰਸ ਦੇ ਪਾਤਰ ਹੀ ਹੋ/ ਅਖਵਾ ਸਕਦੇ ਹਨ। ਰਾਜ ਭਾਗ ਦੇ ਉੱਪਰ ਕਪੁੱਤਾਂ (ਜੋ ਕਣਕ ਵਿਚ ਉੱਗੀ ਕਾਂਗਿਆਰੀ ਵਰਗੇ ਹੀ ਹੁੰਦੇ ਹਨ) ਦੇ ਕਾਬਜ਼ ਹੁੰਦਿਆਂ ਭਲਾ ਸੱਤਾ (ਰਾਜ ਭਾਗ) ਵਿਹੂਣੇ ਪੁੱਤਾਂ ਦੀ ਕੌਣ ਸੁਣਦਾ ਹੈ? ਜਿਨ੍ਹਾਂ ਲੋਕਾਂ ਨੂੰ ਆਪਣੀ ਮਾਂ ਦੀ ਹੋਂਦ/ਸ਼ਰਮ-ਹਯਾ, ਮੋਹ ਸਭ ਕੁੱਝ ਭੁੱਲ ਜਾਵੇ, ਉਨ੍ਹਾਂ ਵਰਗਾ ਕਮੀਨਾ ਅਤੇ ਹੀਣ ਮਨੁੱਖ ਦੁਨੀਆ ਵਿਚ ਹੋਰ ਕੋਈ ਨਹੀਂ ਹੁੰਦਾ। ਅਜਿਹੇ ਲੋਕ ਜੱਗ 'ਤੇ ਹੁੰਦਿਆਂ ਹੋਇਆਂ ਵੀ ਨਾ-ਹੋਇਆਂ ਵਰਗੇ ਹੀ ਹੁੰਦੇ ਹਨ। ਧਰਤੀ ਉੱਤੇ ਨਿਰੇ ਵਾਧੂ ਦਾ ਬੋਝ। ਆਪਣੀ ਹੀ ਮਾਂ ਲਈ ਬੇਗਾਨੇ, ਅਸਲੋਂ ਗਏ ਗੁਜ਼ਰੇ। ਉਹ ਮਨੁੱਖਾਂ ਵਰਗੇ ਹੁੰਦੇ ਹੋਏ ਵੀ ਮਨੁੱਖੀ ਕਿਰਦਾਰ ਤੋਂ ਸੱਖਣੇ ਹੋਣ ਕਰਕੇ ਚੰਗੇ ਮਨੁੱਖ ਨਹੀਂ ਹੁੰਦੇ, ਉਨ੍ਹਾਂ ਦਾ ਸਿਰਫ ਲਿਬਾਸ ਹੀ ਮਨੁੱਖਾਂ ਵਰਗਾ ਹੁੰਦਾ ਹੈ

ਪੰਜਾਬ ਦੀਆਂ ਹਕੂਮਤੀ ਕੁਰਸੀਆਂ ਉੱਤੇ ਬੈਠੇ ਅਤੇ ਬੈਠਦੇ ਰਹੇ ਪੰਜਾਬ/ਪੰਜਾਬੀ ਦੀਆਂ ਸਦਾਚਾਰਕ ਅਤੇ ਮੋਹ ਭਰੀਆਂ ਕਦਰਾਂ-ਕੀਮਤਾਂ ਤੋਂ ਸੱਖਣੇ ਸਿਆਸਤਦਾਨ ਪੰਜਾਬੀ ਨੂੰ ਕਦੇ ਵੀ ਪੰਜਾਬੀ ਦੇ ਪੁੱਤ ਬਣਕੇ ਨਹੀਂ ਮਿਲੇ ਸਗੋਂ ਹਮੇਸ਼ਾ ਹੀ ਪੰਜਾਬੀ ਦੇ ਪਤੰਦਰ (ਦੁਸ਼ਮਣਾਂ ਵਰਗੇ) ਬਣਕੇ ਟੱਕਰੇ ਹਨ। ਇਹਨਾਂ ਨੂੰ ਬੇ-ਜ਼ਮੀਰੇ ਅਤੇ ਬੇਈਮਾਨੀ ਭਰੀ ਸੋਚ ਵਾਲਿਆਂ ਦਾ ਸਿਰਾ ਵੀ ਆਖਿਆ ਜਾਣਾ ਚਾਹੀਦਾ ਹੈ । ਅਜਿਹੇ ਲੋਕ ਜਦੋਂ ਹਕੂਮਤ ਦਾ ਨਸ਼ਾ ਹੋਵੇ ਤਾਂ ਆਪਣੀ ਮਾਂ ਨੂੰ ਵੀ ਭੁੱਲ ਜਾਂਦੇ ਹਨ, ਪਰ ਜਦੋਂ ਵਿਰੋਧੀ ਧਿਰ ਵਿਚ ਹੋਣ ਤਾਂ ਲੇਖਕਾਂ ਵਲੋਂ ਪੰਜਾਬੀ ਦੇ ਹੱਕ ਵਿਚ ਮਾਰੇ ਜਾਂਦੇ ਧਰਨਿਆਂ ਵਿਚ ਸ਼ਾਮਲ ਹੋ ਕੇ ਬੇਸ਼ਰਮੀ ਦੀ ਘੱਗਰੀ ਪਾ ਕੇ ਵਿਰੋਧੀਆਂ ਦੀ ਸਰਕਾਰ ਨੂੰ ਭੰਡਣ/ ਕੋਸਣ ਤੁਰ ਪੈਂਦੇ ਹਨ। ਇਸ ਬੇਸ਼ਰਮੀ ਦੀ ਘੱਗਰੀ ਦਾ 'ਚੋਲਾ' ਕਦੇ ਹਕੂਮਤ ਕਰਨ ਵਾਲੇ ਲੀਡਰ ਪਹਿਨਦੇ ਹਨ ਅਤੇ ਕਦੇ ਵਿਰੋਧੀ ਧਿਰ ਦੇ ਲੀਡਰ। ਇਹ ਵੀ ਸ਼ਾਇਦ ਪੰਜਾਬੀ ਹੀ ਬਰਦਾਸ਼ਤ ਕਰ ਸਕਦੇ ਹਨ। ਨਹੀਂ ਤਾਂ ਕੀ ਕਾਰਨ ਹੈ ਕਿ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ ਬਣਿਆਂ (ਲੰਗੜਾ-ਲੂਲਾ ਰਾਜ ਭਾਸ਼ਾ ਐਕਟ ਵੀ) ਚਾਰ ਦਹਾਕਿਆਂ ਤੋਂ ਵੀ ਵੱਧ ਸਮਾਂ ਬੀਤ ਜਾਣ ਦੇ ਬਾਅਦ ਲੇਖਕ ਅਜੇ ਵੀ ਸਰਕਾਰ ਤੋਂ ਮੰਗ ਕਰ ਰਹੇ ਹੋਣ ਕਿ ਪੰਜਾਬੀ ਨੂੰ ਸੂਬੇ ਅੰਦਰ ਪੂਰਨ ਤੌਰ 'ਤੇ ਲਾਗੂ ਕੀਤਾ ਜਾਵੇ। ਪਰ ਇਨ੍ਹਾਂ ਚਾਰ ਦਹਾਕਿਆਂ ਤੋਂ ਪੰਜਾਬ ਸਰਕਾਰਾਂ ਦੇ ਚੱਜ ਪੰਜਾਬੀ ਵਿਰੋਧੀ ਹੀ ਤੁਰੇ ਆਉਂਦੇ ਹਨ ਅਤੇ ਸਰਕਾਰਾਂ ਨੂੰ ਕਿਸੇ ਤਰ੍ਹਾਂ ਦੀ ਸ਼ਰਮ ਵੀ ਨਹੀਂ ਆਉਂਦੀ। ਸ਼ਾਇਦ ਇਹ ਬੇਸ਼ਰਮੀ ਦੇ ਲਈ ਕਦੀਂ ਮਿਲਣ ਵਾਲੇ ਕਿਸੇ 'ਨੋਬਲ ਇਨਾਮ' ਦੀ ਝਾਕ ਵਿਚ ਹੋਣ। ਇਹੋ ਜਿਹੇ ਲੋਕਾਂ ਨੂੰ ਆਖਰ ਇਤਿਹਾਸ ਵਿੱਚ ਧਰਤੀ ਤੇ ਭਾਰ ਕਰਕੇ ਹੀ ਜਾਣਿਆਂ ਜਾਵੇਗਾ।

ਕਿਸੇ ਵੀ ਸੱਭਿਆਚਾਰ (ਰਹਿਤਲ) ਦੀ ਚੂਲ਼ ਉਸਦੀ ਬੋਲੀ/ਭਾਸ਼ਾ ਹੁੰਦੀ ਹੈ। ਜੇ ਕੋਈ ਸਰਕਾਰ ਹੀ ਆਪਣੇ ਲੋਕਾਂ ਦੀ ਮਾਂ ਬੋਲੀ ਨਾਲ ਖਿਲਵਾੜ ਕਰੇ/ ਧੋਖੇ ਨਾਲ ਬਦਮਗਜ਼ੀ ਪੈਦਾ ਕਰਕੇ ਆਪਣੇ ਫਰਜ਼ ਤੋਂ ਕੋਤਾਹੀ ਕਰੇ ਤਾਂ ਦਾਨਿਸ਼ਵਰਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਅਪਣੇ ਲੋਕਾਂ ਨੂੰ ਇਸ ਤਰ੍ਹਾਂ ਦੀ ਹੋ ਰਹੀ ਠੱਗੀ ਬਾਰੇ ਖਬਰਦਾਰ ਕਰਨ। ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਅੰਦਰ ਕੰਮ ਕਰਨ ਵਾਲੇ ਕਾਮਿਆਂ (ਸਾਹਿਤ ਸਭਾਵਾਂ/ਲੇਖਕ ਸਭਾਵਾਂ) ਅਤੇ ਪੰਜਾਬੀ ਦੀਆਂ ਹਮਦਰਦ ਸਿਆਸੀ ਪਾਰਟੀਆਂ ਨੂੰ ਇਕ ਮੁੱਠ ਹੋ ਕੇ ਇਸ ਤਰ੍ਹਾਂ ਦੀ ਬਦਮਾਸ਼ੀ ਦੇ ਖ਼ਿਲਾਫ਼ ਲੋਕ ਲਹਿਰ ਉਸਾਰਨ ਦੇ ਸਾਂਝੇ ਜਤਨ ਕਰਨੇ ਚਾਹੀਦੇ ਹਨ ਅਤੇ ਕਾਨੂੰਨੀ ਦਾਅ ਪੇਚ ਵਰਤਣ ਤੋਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ। ਪੰਜਾਬ ਵਿਚ ਹਰ ਇਲਾਕੇ ਅੰਦਰ ਸਾਹਿਤ ਸਭਾਵਾਂ ਕੰਮ ਕਰਦੀਆਂ ਹਨ। ਹਰ ਸਾਹਿਤ ਸਭਾ ਆਪਣੇ ਇਲਾਕੇ ਦੇ ਐਮ.ਐਲ.ਏ. ਨੂੰ ਇਸ ਗੱਲ ਲਈ ਮਜਬੂਰ ਕਰੇ ਕਿ ਸੂਬੇ ਦੀ ਅਸੰਬਲੀ ਵਿਚ ਉਹ ਲੋਕ ਹਿਤਾਂ ਦਾ ਸਾਥ ਦੇਵੇ ਅਤੇ ਪੰਜਾਬੀ ਨੂੰ ਰਾਜ ਭਾਸ਼ਾ ਦੇ ਤੌਰ ਤੇ ਸੂਬੇ ਅੰਦਰ ਪੂਰਨ ਤੌਰ 'ਤੇ ਲਾਗੂ ਕੀਤੇ ਜਾਣ ਦੀ ਮੰਗ 'ਤੇ ਡਟ ਕੇ ਪਹਿਰਾ ਦੇਵੇ। ਜੇ ਉਹ ਅਜਿਹਾ ਨਾ ਕਰ ਸਕਦੇ ਹੋਣ ਤਾਂ ਆਪਣੇ ਫ਼ਰਜ਼ ਨਾ ਨਿਭਾਉਣ ਕਰਕੇ ਲੋਕਾਂ ਵਲੋਂ ਮਿਲੀ ਸੀਟ (ਤਾਕਤ) ਤੋਂ ਅਸਤੀਫਾ ਦੇਣ। ਇਖਲਾਕ ਇਸੇ ਦੀ ਮੰਗ ਕਰਦਾ ਹੈ ਅਤੇ ਇਹ ਜਮਹੂਰੀਅਤ ਦਾ ਤਕਾਜ਼ਾ ਵੀ ਹੈ।

ਸੂਬੇ ਅੰਦਰ ਰਾਜ ਕਿਸੇ ਵੀ ਸਿਆਸੀ ਪਾਰਟੀ ਦਾ ਰਿਹਾ ਹੋਵੇ ਪਰ ਹੁਣ ਤੱਕ ਪੰਜਾਬੀ ਵਲ ਇਨ੍ਹਾਂ ਪਾਰਟੀਆਂ ਦਾ ਵਤੀਰਾ ਦੁਸ਼ਮਣੀ ਵਾਲਾ ਹੀ ਰਿਹਾ ਹੈ। ਉਂਜ ਇਕ ਦੂਜੇ ਦੀ ਸਰਕਾਰ ਵੇਲੇ ਨੁਕਤਾਚੀਨੀ ਵਾਲਾ 'ਫਰੈਂਡਲੀ ਮੈਚ' ਲੋਕਾਂ ਨੂੰ ਮੂਰਖ ਬਨਾਉਣ ਵਾਸਤੇ ਹੀ ਖੇਡਿਆ ਜਾਂਦਾ ਹੈ। ਆਖਰ ਸਰਕਾਰਾਂ ਇੰਜ ਲੋਕਾਂ ਦੀ ਦਹਾਕਿਆਂ ਵੱਧੀ ਹੇਠੀ ਕਿਉਂ ਕਰਦੀਆਂ ਹਨ? ਲਿਖਾਰੀਆਂ ਵਲੋਂ ਅਜਿਹੇ ਵਤੀਰੇ ਦੇ ਖ਼ਿਲਾਫ਼ ਗ੍ਰਿਫਤਾਰੀਆਂ ਤੱਕ ਦਿੱਤੀਆਂ ਗਈਆਂ , ਚੰਡੀਗੜ੍ਹ ਦੇ ਮਟਕਾ ਚੌਂਕ ਵਿਚ ਲੇਖਕਾਂ ਵਲੋਂ ਵਾਰ ਵਾਰ ਧਰਨੇ ਮਾਰੇ ਗਏ। ਅਫਸਰਾਂ, ਵਜੀਰਾਂ ਨਾਲ ਗੱਲਾਂ-ਬਾਤਾਂ, ਮੁਲਾਕਾਤਾਂ ਦੇ ਬਾਵਜੂਦ ਸਿੱਟਾਂ ਕੁੱਝ ਵੀ ਨਹੀਂ ਨਿਕਲਦਾ। ਸਰਕਾਰਾਂ ਵਲੋਂ ਆਖਰ ਪੰਜਾਬੀ ਬੋਲੀ ਨਾਲ ਇਹ ਗੱਦਾਰੀ ਕਿਉਂ? ਸੂਬੇ ਅੰਦਰ ਰਾਜ ਭਾਸ਼ਾ ਐਕਟ ਮੌਜੂਦ ਹੈ ਇਹਦੇ ਵਿਚਲੀਆਂ ਖਾਮੀਆਂ ਦੂਰ ਕਰਨ ਦੀ ਲੇਖਕਾਂ ਵਲੋਂ ਕੀਤੀ ਜਾਂਦੀ ਮੰਗ ਵਰ੍ਹਿਆਂ ਦੇ ਵਰ੍ਹੇ ਬੀਤ ਜਾਣ ਤੋਂ ਬਾਅਦ ਵੀ ਕਿਉਂ ਨਹੀਂ ਸੁਣੀ ਜਾ ਰਹੀ? ਕਿਸੇ ਵੀ ਕਾਨੂਨ ਬਣਨ ਦੇ ਸਮੇਂ ਇਸ ਵਿਚ ਰਹਿ ਗਈਆਂ ਤਰੁਟੀਆਂ ਪਿੱਛੋਂ ਦੂਰ ਕੀਤੀਆਂ ਹੀ ਜਾਂਦੀਆ ਹਨ। ਫੇਰ ਰਾਜ ਭਾਸ਼ਾ ਐਕਟ ਵਿਚ ਸੋਧ ਕਰਨ ਵਿਚ ਹਿਚਕਚਾਹਟ ਕਿਉਂ? ਇਹਦੇ ਦੁਆਲ਼ੇ ਕਿਹੜੀ 'ਲਛਮਣ ਰੇਖਾ' ਖਿੱਚੀ ਹੋਈ ਹੈ ਜੀਹਨੂੰ ਟੱਪਦਿਆਂ ਸਰਕਾਰ ਨੂੰ ਸ਼ਰਮ ਆਉਂਦੀ ਹੈ? ਕੀ ਦੁਨੀਆ ਵਿੱਚ ਕਿਧਰੇ ਹੈ ਕੋਈ ਅਜਿਹਾ ਕਾਨੂੰਨ ਜਿਸ ਵਿੱਚ ਗਲਤੀ ਕਰਨ ਵਾਲੇ ਨੂੰ ਕਿਸੇ ਕਿਸਮ ਦੀ ਸਜਾ ਦਿੱਤੇ ਜਾਣ ਦੀ ਮੱਦ ਨਾ ਹੋਵੇ? ਅਜਿਹਾ ਹੈ ਪੰਜਾਬ ਰਾਜ ਭਾਸ਼ਾ ਐਕਟ, ਸਰਕਾਰ ਆਪਣੀ ਮੂਰਖਮੱਤੀ ਜਿਦ ਕਰਕੇ ਪੰਜਾਬੀ ਭਾਸ਼ਾ ਵਿੱਚ ਕਿਸੇ ਕਿਸਮ ਦੀ ਗਲਤੀ ਕਰਨ ਵਾਲੇ ਨੂੰ ਵੀ ਸਜਾ ਦੀ ਮੱਦ ਵਿੱਚ ਸ਼ਾਮਲ ਨਹੀਂ ਕਰ ਰਹੀ, ਕਿਉਂਕਿ ਸਭ ਤੋਂ ਵੱਡੀ ਦੋਸ਼ੀ ਤਾਂ ਖੁਦ ਸਰਕਾਰ ਹੈ। 'ਚੋਰ ਦੀ ਮਾਂ ਕੋਠੀ ਵਿੱਚ ਮੂੰਹ'।

ਬਾਦਲ ਸਰਕਾਰ ਵੇਲੇ ਤਾਂ ਅੰਗਰੇਜ਼ੀ ਨੂੰ ਪੰਜਾਬੀ ਦੀ ਸੌਂਕਣ ਬਨਾਉਣ ਵਾਲਾ ਮੁਹੰਮਦ ਤੁਗਲਕੀ 'ਫੁਰਨਾ' ਅਗਲੇ ਸਮੇਂ ਅੰਦਰ ਪੰਜਾਬੀਅਤ ਦੇ ਜੜ੍ਹੀਂ ਤੇਲ ਦੇਣ ਵਾਲਾ ਕੁਚੱਜ ਸਾਬਿਤ ਹੋਵੇਗਾ ਤੇ ਹੁਣ ਹੋ ਵੀ ਰਿਹਾ ਹੈ। ਇਕ ਸੂਬਾਈ ਸਰਕਾਰ ਵਲੋਂ ਪੰਜਾਬੀ ਦੇ ਵਿਰੋਧ ਵਿੱਚ ਕੀਤੇ ਫੈਸਲਿਆਂ ਨੂੰ ਦੁਜੇ ਹਕੂਮਤ ਵਿੱਚ ਆਉਣ ਵੇਲੇ ਜਿਉਂ ਦਾ ਤਿਉਂ ਲਾਗੂ ਕਰਨ ਵਿਚ ਦਿਲਚਸਪੀ ਰੱਖਦੇ ਹਨ, ਜਿਸਨੂੰ ਉਹ ਪਹਿਲਾਂ ਲੋਕ ਵਿਰੋਧੀ ਆਖਦੇ ਰਹੇ ਹੁੰਦੇ ਹਨ। ਇਸਨੂੰ ਤਾਂ ਅਸਲੋਂ ਨਿੰਦਣਯੋਗ ਹੀ ਆਖਿਆ ਜਾ ਸਕਦਾ ਹੈ। ਇਸ ਬਾਰੇ ਪੰਜਾਬੀ ਨਾਲ ਸਬੰਧਤ ਦਾਨਿਸ਼ਵਰਾਂ ਨੇ ਦਲੀਲਾਂ ਨਾਲ ਪੰਜਾਬ ਦੇ 'ਅੱਧ-ਪੜ੍ਹੇ' ਹਾਕਮਾਂ ਨੂੰ ਸਮਝਾਉਣ ਦਾ ਜਤਨ ਕੀਤਾ। ਪ੍ਰੋ: ਪ੍ਰੀਤਮ ਸਿੰਘ, ਪ੍ਰੋ: ਗੁਰਦਿਆਲ ਸਿੰਘ ਅਤੇ ਬਹੁਤ ਸਾਰੇ ਹੋਰ ਸਿਆਣਿਆਂ ਨੇ ਵੀ ਇਸ ਵਰਤਾਰੇ ਦੇ ਨਾਂਹ ਪੱਖੀ ਪਹਿਲੂਆਂ ਤੋਂ ਸਰਕਾਰ ਨੂੰ ਵਾਰ ਵਾਰ ਜਾਣੂ ਕਰਵਾਇਆ। ਪਤਾ ਨਹੀਂ 'ਸਰਕਾਰ ਜੀ' ਦੇ ਖਾਨੇ ਵਿਚ ਇਹ ਗੱਲ ਪੈਂਦੀ ਕਿਉਂ ਨਹੀਂ? ਜਾਂ ਫੇਰ ਸਰਕਾਰ ਚਲਾ ਰਹੇ ਹਾਕਮ ਕਿਸੇ ਚੱਜ ਦੇ ਸੁਝਾਅ ਨੂੰ ਸਮਝਣ ਜੋਗੇ ਹੀ ਨਹੀਂ? ਕੀ ਇਨ੍ਹਾਂ ਨੂੰ ਅਕਲ ਤੋਂ ਸੱਖਣੇ ਜੀਊੜੇ ਹੀ ਸਮਝਿਆ ਜਾਵੇ? ਜਾਂ ਫੇਰ ਪੰਜਾਬੀ ਵਿਰੋਧੀ ਅਫਸਰਸ਼ਾਹੀ ਇੰਨੀ ਜੋਰਾਵਰ ਹੈ ਕਿ ਸਿਆਸਤਦਾਨਾਂ ਦੇ ਵੀ ਪੈਰ ਨਹੀਂ ਲੱਗਣ ਦਿੰਦੀ? ਇਹ ਕੁਚੱਜ ਕਦੋਂ ਕੁ ਤੱਕ ਹੋਰ ਚੱਲਦਾ ਰਹੇਗਾ? ਆਖਰ ਕਾਰਨ ਕੀ ਹੈ?



ਲੋਕਾਂ ਨੂੰ ਇਸ ਬਾਰੇ ਪਤਾ ਤਾਂ ਲੱਗੇ।

ਪੰਜਾਬ ਦੇ ਵਿਧਾਇਕ (ਪੰਜਾਬ ਅਸੰਬਲੀ ਦੇ ਮੈਂਬਰ) ਸਿਆਸੀ ਕਿੱਲੇ ਨਾਲ ਬੱਝੀਆਂ ਕਠਪੁਤਲੀਆਂ ਬਣਕੇ ਨਾ ਵਿਚਰਨ। ਚੇਅਰਮੈਨੀਆਂ ਅਤੇ ਇਨ੍ਹਾਂ ਵਰਗੀਆਂ ਹੋਰ 'ਫਾਇਦੇਮੰਦ ਬੁਰਕੀਆਂ' ਦੀ ਕੁੱਤੇ ਝਾਕ ਪੰਜਾਬੀ ਦੇ ਤੁਲ ਨਹੀਂ ਹੋਣ ਲੱਗੀਆਂ। ਆਪਣੇ ਆਪ ਨੂੰ ਲੋਕਾਂ ਦੇ ਸੇਵਕ ਕਹਾਉਣ ਵਾਲੇ ਆਪਣੀ ਮਾਂ ਬੋਲੀ/ਭਾਸ਼ਾ ਵਲ ਪਿੱਠ ਨਾ ਕਰਨ ਸਗੋਂ ਆਪਣਾ ਫ਼ਰਜ਼ ਪਛਾਨਣ, ਨਹੀਂ ਤਾਂ ਕੱਲ੍ਹ-ਕਲੋਤਰ ਨੂੰ ਆਉਣ ਵਾਲੀਆ ਨਸਲਾਂ ਇਹਨਾਂ ਦੇ ਅੱਜ ਵਾਲੇ ਵਤੀਰੇ ਨੂੰ ਲਾਅਨਤਾਂ ਪਾਇਆ ਕਰਨਗੀਆਂ। ਪੰਜਾਬ ਦੇ ਵਿਧਾਇਕੋ! ਆਪਣੀ ਮਾਂ (ਪੰਜਾਬੀ) ਵਲ ਪਿੱਠ ਕਰਕੇ ਆਉਣ ਵਾਲੇ ਕੱਲ੍ਹ ਨੂੰ ਕਾ਼ਲਾ ਨਾ ਕਰੋ। ਤੁਹਾਨੂੰ ਤੁਹਾਡੇ ਪੰਜਾਬ ਅਤੇ ਤੁਹਾਡੀ ਆਪਣੀ ਪਿਆਰੀ ਮਾਂ ਬੋਲੀ ਪੰਜਾਬੀ ਦਾ ਵਾਸਤਾ ਹੈ -- ਪੰਜਾਬੀ ਦੇ ਕਪੁੱਤ ਨਾ ਬਣੋ। ਮਾਵਾਂ ਤੋਂ ਬਿਨਾਂ ਬੱਚੇ ਗਲੀਆਂ ਦੇ ਉਡੇ ਫਿਰਦੇ ਕੱਖਾਂ ਵਰਗੇ ਹੀ ਹੁੰਦੇ ਹਨ। ਗਲੀਆਂ ਦੇ ਕੱਖ ਹੀ ਨਾ ਬਣੇ ਫਿਰੋ।

ਪੰਜਾਬ ਅੰਦਰ ਤੇ ਬਾਹਰ 'ਆਲਮੀ ਪੰਜਾਬੀ ਕਾਨਫਰੰਸਾਂ' ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿੱਚ ਪੰਜਾਬੀ ਬਾਰੇ ਜ਼ਾਹਰ ਕੀਤੀ ਜਾਂਦੀ ਫਿਕਰਮੰਦੀ ਅਤੇ ਕੀਤੇ ਜਾਂਦੇ ਫੈਸਲਿਆਂ ਨੂੰ ਦੇਖਦਿਆਂ ਸਰਕਾਰ ਨੂੰ ਈਮਾਨਦਾਰੀ ਵਰਤਦਿਆਂ ਪੰਜਾਬ ਅੰਦਰ ਹਰ ਪੱਧਰ 'ਤੇ ਪੰਜਾਬੀ ਲਾਗੂ ਕਰਨ ਦਾ ਐਲਾਨ ਹੀ ਨਹੀਂ ਸਗੋਂ ਫੌਰੀ ਤੌਰ 'ਤੇ ਇਸ ਉੱਤੇ ਅਮਲ ਕਰਨਾ ਹੋਵੇਗਾ। ਇਹ ਪੰਜਾਬੀ ਵਾਸਤੇ ਪ੍ਰਤੀਬੱਧਤਾ ਵਾ਼ਲੀ ਇੱਛਾ ਸ਼ਕਤੀ ਤੋਂ ਬਿਨਾਂ ਸੰਭਵ ਨਹੀਂ । ਰਾਜ ਭਾਸ਼ਾ ਨੂੰ ਮਾਣ ਦਿੱਤੇ ਬਿਨਾਂ ਪੰਜਾਬ ਸਰਕਾਰ ਸੁਰਖਰੂ ਨਹੀਂ ਹੋ ਸਕਦੀ। ਜੇ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਸਰਕਾਰ ਵਲੋਂ ਪੰਜਾਬੀ ਬਾਰੇ ਕੀਤੀਆਂ ਜਾਂਦੀਆਂ ਕਾਨਫਰੰਸਾਂ ਵੀ ਦੁਨੀਆ ਭਰ ਦੇ ਪੰਜਾਬੀਆਂ ਨੂੰ ਕੀਤੀ ਭੈੜੀ ਜਹੀ ਸਿਆਸੀ ਮਸ਼ਕਰੀ ਹੀ ਕਿਹਾ ਜਾ ਸਕਦਾ ਹੈ। ਹੁਣ ਤੱਕ ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬੀਆਂ ਨੂੰ ਗੱਲੀਂ-ਬਾਤੀਂ ਹੀ ਪ੍ਰਚਾਉਣ ਦਾ ਕੰਮ ਕੀਤਾ ਹੈ।

ਜਾਗਦੀ ਜ਼ਮੀਰ ਵਾਲੇ ਕਿਸੇ ਵੀ ਇਨਸਾਨ ਲਈ ਆਪਣੀ ਬੋਲੀ ਤੋਂ ਬੇਮੁਖ ਹੋਣਾਂ ਆਪਣੀ ਮਾਂ ਤੋਂ ਬੇਮੁਖ (ਬੇਗਾਨਾ) ਹੋ ਜਾਣ, ਅਤੇ ਆਪਣੀ ਮਾਂ ਦੇ ਦੁੱਧ ਨੂੰ ਲਾਜ ਲਾਉਣ ਦੇ ਬਰਾਬਰ ਹੁੰਦਾ ਹੈ। ਬੇ-ਜ਼ਮੀਰਾ ਮਨੁੱਖ ਤਾਂ ਆਪਣੀ ਮਾਂ ਦਾ ਵੀ ਸਕਾ ਨਹੀਂ ਰਹਿੰਦਾ। ਬੇ-ਇਤਬਾਰਾ ਹੋ ਕੇ ਮਨੁੱਖ ਕਿਸੇ ਦਾ ਆਪਣਾ ਨਹੀਂ ਰਹਿੰਦਾ, ਸਗੋਂ ਆਪਣੇ ਆਪੇ ਅੱਗੇ ਵੀ ਸ਼ਰਮਿੰਦਾ ਹੀ ਹੁੰਦਾ ਹੈ।। ਪੰਜਾਬ ਅੰਦਰ (ਰਾਜ ਭਾਸ਼ਾ ਐਕਟ ਬਣਨ ਤੋਂ ਬਾਅਦ) ਹਾਕਮ ਗੁਲਾਮ ਮਾਨਸਿਕਤਾ ਤੋਂ ਖਹਿੜਾ ਨਾ ਛੁਡਾ ਸਕੇ। ਇਸੇ ਗੁਲਾਮ ਮਾਨਸਿਕਤਾ ਦਾ ਸਿੱਟਾ ਹੈ ਹਾਕਮ ਪੰਜਾਬੀ ਨੂੰ ਹੋਰ ਭਾਸ਼ਾਵਾਂ ਦੇ ਮੁਕਾਬਲੇ ਨਿਗੂਣੀ ਹੀ ਗਿਣਦੇ ਰਹੇ ਹਨ, ਇਹ ਅਮਲ ਅਜੇ ਵੀ ਜਾਰੀ ਹੈ। ਇਸ ਕੁਚੱਜੀ ਸੋਚ ਤੋਂ ਖਹਿੜਾ ਛੁਡਾਏ ਬਿਨਾ ਪੰਜਾਬੀ ਦੇ ਮਾਣ-ਸਨਮਾਨ ਅਤੇ ਵਿਕਾਸ ਬਾਰੇ ਸੋਚਿਆ ਤੱਕ ਨਹੀਂ ਜਾ ਸਕਦਾ । ਪੰਜਾਬੀ ਕਿੰਨੀ ਕੁ ਵੱਡੀ ਨਿਹਮਤ ਹੈ ਇੱਥੇ ਹਵਾਲੇ ਵਾਸਤੇ ਪੱਛਮੀ ਪੰਜਾਬ ਦੇ ਅਵਾਮੀ ਸ਼ਾਇਰ ਬਾਬਾ ਨਜ਼ਮੀ ਦੀਆਂ ਪੰਜਾਬੀ ਬਾਰੇ ਲਿਖੀਆਂ ਇਹ ਸਤਰਾਂ ਧਿਆਨ ਮੰਗਦੀਆਂ ਹਨ:-

ਅੱਖਰਾਂ ਵਿਚ ਸਮੁੰਦਰ ਰੱਖਾਂ ਮੈਂ ਇਕਬਾਲ ਪੰਜਾਬੀ ਦਾ ਝੱਖੜਾਂ ਦੇ ਵਿਚ ਰੱਖ ਦਿੱਤਾ ਏ ਦੀਵਾ ਬਾ਼ਲ ਪੰਜਾਬੀ ਦਾ ਜਿਹੜੇ ਆਖਣ ਵਿੱਚ ਪੰਜਾਬੀ ਵੁਸਅਤ ਨਹੀਂ ਤਹਿਜ਼ੀਬ ਨਹੀਂ ਪੜ੍ਹਕੇ ਵੇਖਣ ਵਾਰਸ, ਬੁੱਲਾ, ਬਾਹੂ ਲਾਲ ਪੰਜਾਬੀ ਦਾ ਸਮਾਂ ਬੜਾ ਬਲਵਾਨ ਹੈ। ਪੰਜਾਬੀ ਦੇ ਕਲਮਾਂ ਵਾਲੇ (ਲਿਖਾਰੀ) ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਵਾਸੀ, ਆਪਣੀ ਮਾਂ ਬੋਲੀ ਪੰਜਾਬੀ ਵਾਸਤੇ ਲੰਬੇ ਸਮੇਂ ਤੋਂ ਆਪੋ-ਆਪਣੇ ਪਾਸੇ ਸੰਘਰਸ਼ ਕਰ ਰਹੇ ਹਨ। ਪਰ ਸਿਆਸਤ ਦੀਆਂ ਪੰਜਾਬੀ ਵਿਰੋਧੀ ਗੁੱਝੀਆਂ ਚਾਲਾਂ ਇਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦੀਆਂ। ਇਸ ਸਬੰਧੀ ਸਾਹਿਤ ਸਭਾਵਾਂ/ਲੇਖਕ ਸਭਾਵਾਂ ਦੇ ਜ਼ਿੰਮੇ ਵੱਡੀ ਜ਼ੁੰਮੇਵਾਰੀ ਹੈ। ਜੇ ਸਰਕਾਰਾਂ ਇਸ ਪਾਸੇ ਧਿਆਨ ਨਹੀਂ ਦਿੰਦੀਆਂ ਜਾਂ ਅਮਲ ਕਰਨ ਵਾਸਤੇ ਠੋਸ ਐਲਾਨ ਨਹੀਂ ਕਰਦੀਆਂ ਤਾਂ ਇਨ੍ਹਾਂ ਸਭਾਵਾਂ ਨੂੰ ਪੰਜਾਬੀ ਖਾਤਿਰ ਆਪਣਾ ਜਮਹੂਰੀ ਤੇ ਸੰਵਿਧਾਨਕ ਹੱਕ ਲੈਣ ਵਾਸਤੇ ਹੁਣ ਅਦਾਲਤ ਦਾ ਬੂਹਾ ਖੜਕਾਉਂਦਿਆਂ ਹਿਚਕਚਾਉਣਾ ਨਹੀਂ ਚਾਹੀਦਾ। ਹਰ ਸਾਹਿਤ ਸਭਾ ਮਿੱਤਰਾਂ-ਦੋਸਤਾਂ ਦੇ ਸਨਮਾਨ ਕਰਨ ਦੀ ਥਾਂ ਆਪਣੀ ਮਾਂ ਬੋਲੀ ਦਾ ਸਨਮਾਨ ਕਰਨ ਦੇ ਰਾਹੇ ਪਵੇ। ਕੇਂਦਰੀ ਲੇਖਕ ਸਭਾਵਾਂ ਸਾਂਝੇ ਤੌਰ 'ਤੇ ਪੰਜਾਬੀ ਲਈ ਹਾਈਕੋਰਟ ਵਿਚ ਪੰਜਾਬ ਸਰਕਾਰ ਦੇ ਖ਼ਿਲਾਫ਼ ਲੋਕ ਹਿੱਤ ਪਟੀਸ਼ਨ ਦਾਇਰ ਕਰਨ (ਹੋਰ ਸਭਾਵਾਂ ਵੀ ਇਵੇਂ ਹੀ ਕਰਨ) ਪਰ ਇਸ ਨੂੰ ਇਸ ਪਾਸੇ ਪਹਿਲਾ ਕਦਮ ਸਮਝ ਕੇ ਇਸ ਕਾਨੂੰਨੀ ਘੋਲ ਨੂੰ ਸੁਪਰੀਮ ਕੋਰਟ ਤੱਕ ਵੀ ਲਿਜਾਇਆ ਜਾ ਸਕਦਾ ਹੈ। ਖੱਬੀਆਂ ਪਾਰਟੀਆਂ ਨੂੰ ਆਪਣੇ ਅਮੀਰ ਸੱਭਿਆਚਾਰਕ ਵਿਰਸੇ ਵਲ ਝਾਤ ਮਾਰਦਿਆਂ ਇਸ ਪਾਸੇ ਸਰਗਰਮ ਹੋ ਕੇ ਅਤੇ ਲਿਖਾਰੀਆਂ ਨਾਲ ਸਾਂਝੇ ਸੰਘਰਸ਼ ਵਿਚ ਸਾਥ ਦੇਣਾ ਚਾਹੀਦਾ ਹੈ । ਲੋਕ ਘੋਲ ਲਾਮਬੰਦ ਕਰਨ ਲਈ ਲੋਕਾਂ ਨੂੰ ਬੋਲੀ, ਭਾਸ਼ਾ ਦੇ ਮਹੱਤਵ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਰਾਖੀ ਵਾਸਤੇ ਤਿਆਰ ਕਰਨਾ ਹੋਵੇਗਾ। ਰਾਜ ਸੱਤਾ ਉੱਤੇ ਕਾਬਜ਼ ਧਿਰਾਂ ਨੂੰ ਆਖਣਾ ਹੋਵੇਗਾ ਕਿ ਉਹ ਪੰਜਾਬ, ਪੰਜਾਬੀ, ਪੰਜਾਬੀਆਂ ਅਤੇ ਪੰਜਾਬੀਅਤ ਨਾਲ ਚਿਰਾਂ ਤੋਂ ਕਰ ਰਹੇ ਕੋਝਾ ਮਜ਼ਾਕ ਬੰਦ ਕਰਨ। ਇਸ ਪਾਸੇ ਬਣਦਾ ਆਪਣਾ ਫ਼ਰਜ਼ ਨਿਭਾਉਣ।

ਦੁਨੀਆਂ ਭਰ ਵਿਚ ਵਸਦੇ ਪੰਜਾਬੀ , ਪੰਜਾਬ ਅੰਦਰ (ਦੋਹਾਂ ਪੰਜਾਬਾਂ ਅੰਦਰ) ਪੰਜਾਬੀ ਦੀ ਕੀਤੀ ਜਾ ਰਹੀ ਬੇਕਦਰੀ ਤੋਂ ਦੁਖੀ ਹਨ ਅਤੇ ਕਿਸੇ ਸੁਖਦ ਖਬਰ ਸੁਣਨ ਦਾ ਇੰਤਜਾਰ ਕਰ ਰਹੇ ਹਨ। ਅੱਜ ਦੇ ਗਲੋਬਲੀ ਮਹੌਲ ਵਿਚ ਪੰਜਾਬੀ ਸੱਭਿਆਚਾਰ ਦੇ ਫੈਲਾਅ ਤੇ ਪ੍ਰਸਾਰ ਵਾਸਤੇ ਜ਼ਰੂਰੀ ਹੈ ਭਾਸ਼ਾ ਦੇ ਮਹੱਤਵ ਨੂੰ ਸਮਝ ਕੇ ਇਹਨੂੰ ਹੋਰਨਾਂ ਨਾਲ ਸਾਂਝ ਦਾ ਪੁ਼ਲ ਬਨਾਉਣ ਲਈ ਵਰਤੀਏ। ਜਿਨ੍ਹਾਂ ਨੇ ਨਿਗੂਣੀਆਂ ਸਿਆਸੀ ਜਾ ਜਾਤੀ ਗਰਜਾਂ ਖ਼ਾਤਰ ਆਪਣੀ ਮਾਂ ਦੇ ਨਾਂ ਬੇਦਾਵਾ ਲਿਖਿਆ ਹੋਇਆ ਹੈ, ਉਨ੍ਹਾਂ ਨੂੰ ਇਹ ਬੇਦਾਵਾ ਪਾੜਨਾ ਹੀ ਪਵੇਗਾ। ਇਸ ਤੋਂ ਬਿਨਾਂ ਉਹ ਸੁਰਖਰੂ ਨਹੀਂ ਹੋ ਸਕਦੇ। ਅਸਲ ਸਚਾਈ ਨੂੰ ਨਾ ਭੁੱਲਿਆ ਜਾਵੇ ਕਿ ਮਾਂ ਤੋਂ ਬਿਨਾਂ ਕੋਈ ਧੀ / ਪੁੱਤ ਨਹੀਂ ਹੁੰਦਾ।

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com

Anuj Gupta
AMP, B.Com.
Associate Broker

Krishna(KK)Gupta, AMP
"Experienced, Knowledgeable, Committed"
Serving the Community Since 1999
CAAMP ACCHA AXIOM MORTGAGE PARTNERS AMBA BBB ACCREDITED BUSINESS think MORTGAGE think AMP™



# ਨੇਤਾ ਜੀ ਹੈਪੀ ਨਿਊ ਈਅਰ

ਨਵੇਂ ਸਾਲ ਵਿਚ ਬੁਰਾ ਹਾਲ। ਵਿਧਾਨ ਸਭਾ ਚੋਣਾਂ ਲਈ ਵੋਟਾਂ ਦੀ ਤਾਰੀਕ ਦਾ ਐਲਾਨ ਹੋ ਗਿਆ ਹੈ। ਪਰ ਨਜ਼ਾਰਾ ਦੇਖੋ। ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਬਾਗੀਆਂ ਨਾਲ ਜੂਝ ਰਿਹਾ ਹੈ। ਵੋਟਰ ਪ੍ਰੇਸ਼ਾਨ ਹਨ ਕਿ ਕਿਸ ਨੂੰ ਵੋਟ ਪਾਈਏ। ਚੋਣ ਕਮਿਸ਼ਨ ਦਾ ਡੰਡਾ ਚਲ ਰਿਹਾ ਹੈ। ਦੇਰ ਰਾਤ ਦਾਰੂ ਪੀਣ/ਵੇਚਣ ਵਾਲੇ ਅਤੇ ਮੋਟਾ ਪੈਸਾ ਲੈ ਕੇ ਚਲਣ ਵਾਲਿਆਂ ਦੀ ਸ਼ਾਮਤ ਆ ਗਈ ਹੈ। ਪੰਜਾਬ ਦੀ ਇਸ ਹਾਲਤ ਨੂੰ ਆਪਣੀ ਕੂਚੀ ਤੋਂ ਕਾਗਜ਼ 'ਤੇ ਉਤਾਰਨ ਦਾ ਯਤਨ ਕੀਤਾ ਹੈ ਕਾਰਟੂਨਿਸਟ ਅਮਿਤ ਨੇ।































'ਦੈਨਿਕ ਭਾਸਕਰ' ਤੋਂ ਧੰਨਵਾਦ ਸਹਿਤ

# ਫ਼ੋਟੋ ਗੈਲਰੀ



ਪੀ.ਸੀ. ਪਾਰਟੀ ਦੇ ਨੌਮੀਨੇਸ਼ਨ ਵਿਚ ਸ਼ਾਮਲ ਰੌਨ ਰੰਧਾਵਾ ਵਲੋਂ ਭਾਈਚਾਰੇ ਨਾਲ ਕੀਤੀ ਗਈ ਮੀਟਿੰਗ ਦੌਰਾਨ ਹਾਜ਼ਰ ਲੋਕ।



ਪੀ.ਸੀ. ਪਾਰਟੀ ਦੇ ਨੌਮੀਨੇਸ਼ਨ ਵਿਚ ਸ਼ਾਮਲ ਸੁਹੇਲ ਕਾਦਰੀ ਵਲੋਂ ਕੀਤੇ ਗਏ ਓਪਨ ਹਾਊਸ ਦੌਰਾਨ ਹਾਜ਼ਰ ਹਲਕਾ ਵਾਸੀ।



ਪਾਰਲੀਮਾਨੀ ਸਕੱਤਰ ਤੇ ਐਮ.ਐਲ.ਏ. ਨਰੇਸ਼ ਭਾਰਦਵਾਜ ਸਕੂਲ ਨੂੰ ਚੈੱਕ ਭੇਟ ਕਰਦੇ ਹੋਏ।




ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਕਰਵਾਏ ਗਏ ਸਮਾਗਮ ਦੌਰਾਨ ਗੁਰਦਵਾਰਾ ਸਿੰਘ ਸਭਾ ਵਿਖੇ ਕੀਰਤਨ ਕਰਦਾ ਹੋਇਆ ਰਾਗੀ ਜੱਥਾ।





ਪ੍ਰੋਗੈਰਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਕਰਵਾਏ ਗਏ ਵਲੰਟੀਅਰ ਐਪਰੀਸ਼ੇਸ਼ਨ ਦਿਵਸ ਦੀਆਂ ਝਲਕੀਆਂ।


# Asian Western Grocery Store

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

## ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @

**780-756-2225**
**780-660-2061**

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

Secure Your Future

**JeevanBima Inc**

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



Jasvir Deol

*For All Insurance Needs Book Appointment Today.*

**Calgary**
Bus: (403) 717 - 0666
Cell: (403) 830 - 7007

**Edmonton**
Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport,
PIO, Citizenship Photos
Phone: 780-952-8017
lyallstudio@gmail.com


Auto Shine Detailing
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


SAVE ON DOOR KNOBS & HANDLES!
Austin Door Lock and Handle Set
ONLY $49.99
ONLY $13.99
Villa Passage Knob
Taymor
TRANSITIONAL
2 Piece Deadbolt
ONLY $19.99
ONLY $9.99
Globe Knob
ALEXANDRIA Moulding
MOULDING SPECIALS!
#5010
#412
#411
#3140
#357
1 3/16" x 4 3/16" MDF Primed $1.20 /linear foot
5/8" x 4 1/4" MDF Primed $0.60 /linear foot
11/16" x 3" MDF Primed $0.49 /linear foot
3/8" x 3 1/4" MDF Primed $0.29 /linear foot
2 1/8" x 7/16" MDF Primed $0.19 /linear foot
SAVE ON BATHROOM FIXTURES!
4 Piece Bath Set: Infinity and Corona Models
Taymor
MODERN
ONLY $24.99
Robe Hook
Towel Bar
Towel Ring
Paper Holder
Concealed Surface Mount, Lifetime warranty, mounting hardware & installation instructions included. Available in a variety of finishes.


Fancy Doors
& Mouldings
JELD-WEN WINDOWS & DOORS
Masonite
ALEXANDRIA Moulding
Show Specials!
French Doors
Paris
Double "Paris" Doors
ONLY $400.99
Single "Paris" Door
ONLY $200.99
Interior Door
Bostonian
ONLY $55.99
6-Panel Pre-Hung 18" x 36"
Exterior Door
ONLY $149.99
6-Panel Steel Door with Brick Moulding Pre-Hung (32" or 36") with 4.5" jamb
Creston
ONLY $169.99 Slab
Pantry
ONLY $99.99 Slab
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
ONLY $299.00
Parlaiment
Pre-Hung
32" or 36"
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer. Expires April 30, 2011

## ਲੋਕ ਗੀਤਾਂ ਦੇ ਨਾਲ ਨਾਲ

# ਅੰਗਰੇਜ਼ਾਂ ਨੇ ਲਾਈਆਂ ਲੜਾਈਆਂ

ਲੜੀ ਨੰ: 25

ਡਡਿਆਲਾ ਪਿੰਡ ਮੇਰੇ ਫੀਲਡ ਵਰਕ ਦੇ ਇਤਿਹਾਸ ਵਿਚ ਇਕ ਖਾਸ ਅਹਿਮੀਅਤ ਰੱਖਦਾ ਹੈ, ਤਾਂ ਉਹ ਦੋ ਅਜਿਹੇ ਗੀਤਾਂ ਕਰ ਕੇ ਜੋ ਹੁਣ ਤਕ ਮੇਰੇ ਲਈ ਅਲੱਭ ਸਨ। ਪਹਿਲਾ ਸੀ ਮਿਰਜ਼ਾ ਸਾਹਿਬਾਂ ਇਹ ਮੈਂ ਪਹਿਲਾਂ ਹਰਿਆਣੇ ਸ਼ਕੁੰਤਲਾ ਪਾਸੋਂ ਵੀ ਸੁਣ ਚੁੱਕਾ ਸਾਂ। ਪਰ ਇਥੇ ਕੁਝ ਵੇਰਵਿਆਂ ਵਿਚ ਅੰਤਰ ਸੀ। ਇਥੇ ਮਿਰਜ਼ੇ ਨੂੰ ਸਿੱਧਾ ਖੱਤਰੀ ਕਹਿ ਕੇ ਜਾਣ ਪਛਾਣ ਕਰਵਾਈ ਗਈ ਸੀ। ਗੀਤ ਵਿਚ ਸਾਹਿਬਾਂ ਵਿਆਹ ਦੀਆਂ ਰਸਮਾਂ ਨਿਭਾਉਣ ਲਈ ਤਿਆਰ ਨਹੀਂ, ਉਹ ਬਾਗੀ ਹੋਈ ਅਰਧ ਪਾਗਲ ਅਵਸਥਾ ਵਿਚ ਬਾਹਰ ਘੁੰਮਦੀ ਗੋਅਟੇ ਪਾਥੀਆਂ ਦੇ ਟੋਟੇ ਚੁਗਦੀਆਂ ਕੁੜੀਆਂ ਨੂੰ ਮਿਰਜ਼ੇ ਦਾ ਪਤਾ ਪੁੱਛਦੀ ਹੈ। ਇਸ ਗੀਤ ਵਿਚ ਵੀ ਸਾਹਿਬਾਂ ਮਿਰਜ਼ੇ ਦੀ ਜਾਨ ਬਖਸ਼ੀ ਲਈ ਤਰਲੇ ਕਰਦੀ ਹੈ, ਪਰ ਉਸ ਨੂੰ ਮਾਰ ਦਿਤਾ ਜਾਂਦਾ ਹੈ। ਜੰਡ ਇਥੇ ਵੀ ਨਹੀਂ। ਅੰਤਲਾ ਹਿੱਸਾ ਸੱਚਮੁਚ ਬਹੁਤ ਹੀ ਦਰਦਨਾਕ ਸੀ।



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਜਦੋਂ ਮੈਂ ਹਰਿਆਣੇ (ਹੁਸ਼ਿਆਰਪੁਰ ਦਾ ਕਸਬਾ) ਵਿਚੋਂ ਲੋਕ ਗੀਤ ਇਕੱਠੇ ਕਰ ਰਿਹਾ ਸਾਂ ਤਾਂ ਇਕ ਸਾਡੀ ਭੂਆ ਦੀ ਕੁੜੀ ਮੀਤੋ ਪਹੁੰਚ ਗਈ। ਉਸ ਦਾ ਪਿੰਡ ਇਸ ਤੋਂ ਥੋੜੀ ਦੂਰ 'ਤੇ ਹੀ ਸੀ। ਸਾਡੀ ਭੂਆ ਕੋਲ ਹੀ ਰਹਿੰਦੀ ਸੀ ਤੇ ਮੀਤੋ ਉਮਰ ਵਿਚ ਸਾਡੇ ਤੋਂ ਵੱਡੀ ਸੀ, ਇਸ ਲੀ ਸਾਡਾ ਇੱਟ ਖੱੜਕਾ ਚਲਦਾ ਹੀ ਰਹਿੰਦਾ। ਅਸੀਂ ਉਸ ਨੂੰ ਮੀਤੋ ਕਦੇ ਨਹੀਂ ਸੀ ਸੱਦਿਆ। ਉਸ ਦਾ ਛੇੜ ਦਾ ਨਾਂ ਫੱਤੀ ਸੀ। ਪਰ ਹੁਣ ਉਹ ਘਰ ਪਰਿਵਾਰ ਵਾਲੀ ਸੀ। ਇਸ ਉਮਰ ਵਿਚ ਭਾਵੇਂ ਮਿਹਣੋ ਮਿਹਣੀ ਹੋ ਲੈਂਦੇ ਪਰ ਇਕ ਦੂਜੇ ਦਾ ਛੇੜ ਵਾਲਾ ਨਾਂ ਕਦੀ ਨਹੀਂ ਸੀ ਲੈਂਦੇ। ਜਾਣ ਲੱਗਿਆਂ ਕਹਿਣ ਲੱਗੀ, ''ਕਰਮਜੀਤ, ਕਦੇ ਸਾਡੇ ਪਿੰਡ ਵੀ ਆ ਜਾਇਆ ਕਰ, ਇਥੋਂ ਹੀ ਮੁੜ ਜਾਂਦਾ ਹੈ ਡਡਿਆਣਾ ਤੈਨੂੰ ਦੂਰ ਆ।'' ਉਪਚਾਰਕ ਸਵਾਲ ਜਵਾਬ ਤੋਂ ਬਾਅਦ ਮੈਂ ਕਿਹਾ, ''ਮੈਂ ਆਵਾਂਗਾ ਤਾਂ ਸਹੀ ਪਰ ਆਪਣੀ ਸੱਸ ਤੇ ਦੂਜਿਆਂ ਨੂੰ ਕਹਿ ਰੱਖੀ। ਮੈਂ ਗੀਤ ਇਕੱਠੇ ਕਰਨ ਲਈ ਆਉਣਾ।'' ਉਹ ਛੁੱਟ ਪਈ, ''ਤੂੰ ਜਿਵੇਂ ਆਉਣ ਆ। ਪਰ ਪੈਰ ਤਾਂ ਪਾ'' ਗੱਲ ਪੱਕੀ ਹੋ ਗਈ।

ਇਕ ਦਿਨ ਮੈਂ ਸਾਈਕਲ ਚੁੱਕ ਆਪਣਾ ਸਾਜੋ ਸਾਮਾਨ ਲਈ ਪੁੱਛਦਾ ਪੁਛਾਂਦਾ ਡਡਿਆਲੇ ਪਿੰਡ ਪਹੁੰਚ ਗਿਆ। ਮੈਂ ਮੀਤੋ ਦੇ ਪਿੰਡ ਪਹਿਲੀ ਬਾਰ ਗਿਆ ਸਾਂ। ਇਸ ਲਈ ਮੇਰੀ ਆਉ ਭਗਤ ਹੋਣ ਲੱਗੀ। ਮੈਂ ਕਹਾਂ ਤੂੰ ਅਸਲ ਗੱਲ ਵੱਲ ਆ, ਪਰ ਉਹ ਸੁਣਨ ਨੂੰ ਤਿਆਰ ਨਹੀਂ ਸੀ। ਅਖੀਰ ਉਸ ਨੇ ਆਪਣੀ ਕੁੜੀ ਨੂੰ ਜ਼ਨਾਨੀਆਂ ਬੁਲਾਉਣ ਲਈ ਭੇਜਿਆ। ਦੇਖਦਿਆਂ ਦੇਖਦਿਆਂ ਪੰਦਰਾਂ ਵੀਹ ਜ਼ਨਾਨੀਆਂ ਕੱਠੀਆਂ ਹੋ ਗਈਆਂ। ਹੌਲੀ ਹੌਲੀ ਗੀਤਾਂ ਦਾ ਦੌਰ ਮੱਘਣ ਲੱਗਾ।

ਡਡਿਆਲਾ ਪਿੰਡ ਮੇਰੇ ਫੀਲਡ ਵਰਕ ਦੇ ਇਤਿਹਾਸ ਵਿਚ ਇਕ ਖਾਸ ਅਹਿਮੀਅਤ ਰੱਖਦਾ ਹੈ, ਤਾਂ ਉਹ ਦੋ ਅਜਿਹੇ ਗੀਤਾਂ ਕਰ ਕੇ ਜੋ ਹੁਣ ਤਕ ਮੇਰੇ ਲਈ ਅਲੱਭ ਸਨ। ਪਹਿਲਾ ਸੀ ਮਿਰਜ਼ਾ ਸਾਹਿਬਾਂ ਇਹ ਮੈਂ ਪਹਿਲਾਂ ਹਰਿਆਣੇ ਸ਼ਕੁੰਤਲਾ ਪਾਸੋਂ ਵੀ ਸੁਣ ਚੁੱਕਾ ਸਾਂ। ਪਰ ਇਥੇ ਕੁਝ ਵੇਰਵਿਆਂ ਵਿਚ ਅੰਤਰ ਸੀ। ਇਥੇ ਮਿਰਜ਼ੇ ਨੂੰ ਸਿੱਧਾ ਖੱਤਰੀ ਕਹਿ ਕੇ ਜਾਣ ਪਛਾਣ ਕਰਵਾਈ ਗਈ ਸੀ। ਗੀਤ ਵਿਚ ਸਾਹਿਬਾਂ ਵਿਆਹ ਦੀਆਂ ਰਸਮਾਂ ਨਿਭਾਉਣ ਲਈ ਤਿਆਰ ਨਹੀਂ, ਉਹ ਬਾਗੀ ਹੋਈ ਅਰਧ ਪਾਗਲ ਅਵਸਥਾ ਵਿਚ ਬਾਹਰ ਘੁੰਮਦੀ ਗੋਅਟੇ ਪਾਥੀਆਂ ਦੇ ਟੋਟੇ ਚੁਗਦੀਆਂ ਕੁੜੀਆਂ ਨੂੰ ਮਿਰਜ਼ੇ ਦਾ ਪਤਾ ਪੁੱਛਦੀ ਹੈ। ਇਸ ਗੀਤ ਵਿਚ ਵੀ ਸਾਹਿਬਾਂ ਮਿਰਜ਼ੇ ਦੀ ਜਾਨ ਬਖਸ਼ੀ ਲਈ ਤਰਲੇ ਕਰਦੀ ਹੈ, ਪਰ ਉਸ ਨੂੰ ਮਾਰ ਦਿਤਾ ਜਾਂਦਾ ਹੈ। ਜੰਡ ਇਥੇ ਵੀ ਨਹੀਂ। ਅੰਤਲਾ ਹਿੱਸਾ ਸੱਚਮੁਚ ਬਹੁਤ ਹੀ ਦਰਦਨਾਕ ਸੀ।

ਇੱਲੋ ਭੈਣੋ ਮੇਰੀਉ ਵਾਰੀ,
ਕਿਥੋਂ ਲਿਆਂਦਾ ਮਾਸ ਵੇ।
ਜਿਥੇ ਮਿਰਜ਼ਾ ਮਾਰਿਆ ਭੈਣੇ,
ਉਥੇ ਲੱਗਿਉਂ ਮਾਸਾਂ ਦੇ ਢੇਰ ਵੇ।
ਇਕ ਨਾ ਲਿਆਇਉ ਨੱਕ ਵੇ,
ਮੈਨੂੰ ਅਜੇ ਵੀ ਮਿਲਣ ਦੀ ਆਸ ਵੇ।

ਬਾਬਾ ਫਰੀਦ ਨੇ ਅਜਿਹੀਆਂ ਲੋਕ ਭਾਵਨਾਵਾਂ ਨੂੰ ਅਧਿਆਤਮਕ ਰੰਗਤ ਦਿਤੀ ਲੱਗਦੀ ਹੈ।

ਕਾਗਾ ਕਰੰਗ ਢੰਢੋਲਿਆ, ਸਗਲਾ ਖਾਇਆ ਮਾਸ।
ਇਹ ਦੁਇ ਨੈਨਾ ਮਤ ਛੂਹੁ, ਪਿਰ ਦੇਖਣ ਕੀ ਆਸ।

ਇਸ ਤੋਂ ਵੀ ਵੱਧ ਕੇ ਮੇਰੇ ਲਈ ਉਹ ਗੀਤ ਮਹੱਤਵਪੂਰਨ ਸੀ ਜੋ ਸ਼ਾਇਦ ਦੂਜੇ ਵਿਸ਼ਵ ਯੁੱਧ ਨਾਲ ਸਬੰਧਤ ਸੀ। ਇਥੇ ਗੱਲ ਮਹੱਤਵਪੂਰਨ ਇਹ ਨਹੀਂ ਸੀ ਕਿ ਉਹ ਕਦੋਂ ਸਿਰਜਿਆ ਗਿਆ, ਮਹੱਤਵਪੂਰਨ ਇਹ ਸੀ ਕਿ ਇਹ ਜੰਗ ਦੀ ਭਿਆਨਕਤਾ ਦਾ ਸੇਕ ਸਭ ਤੋਂ ਜ਼ਿਆਦਾ ਔਰਤ ਨੂੰ ਲਗਦਾ ਹੈ। ਇਸੇ ਲਈ ਉਹ ਜੰਗ ਦੀ ਭਿਆਨਕਤਾ ਨੂੰ ਕਿਸੇ ਵੀ ਹੋਰ ਨਾਲੋਂ ਜ਼ਿਆਦਾ ਮਹਿਸੂਸ ਕਰ ਸਕਦੀ ਹੈ। ਮੀਤੋ ਦਾ ਪ੍ਰਹਾਉਣਾ ਵੀ ਫੌਜੀ ਸੀ। ਸਾਡੇ ਘਰਾਂ ਵਿਚੋਂ ਤਕਰੀਬਨ ਹਰ ਘਰ ਵਿਚੋਂ ਇਕ ਆਦਮੀ ਫੌਜ ਵਿਚ ਸੀ। ਇਥੇ ਇਕੱਠੀਆਂ ਹੋਈਆਂ ਵਿਚੋਂ ਵੀ ਕਈ ਫੌਜਣਾਂ ਸਨ। ਇਸ ਲਈ ਇਨ੍ਹਾਂ ਦੇ ਬੋਲਾਂ ਵਿਚ ਗਹਿਰਾਈ ਸੀ ਉਸ ਨੂੰ ਮੈਂ ਮਹਿਸੂਸ ਕਰ ਰਿਹਾ ਸਾਂ।

ਲੋਕ ਗੀਤਾਂ ਵਿਚ ਜਿਹੜੀ ਜਾਂਦੇ ਰਾਹੀਆਂ ਨੂੰ ਵੀ ਰੋਕ ਲੈਂਦੀ ਹੈ, ਉਹ ਹੈ ਇਨ੍ਹਾਂ ਦੀ ਲੈਅ। ਗੀਤ ਦੇ ਭਾਵਾਂ ਅਨੁਸਾਰ ਇਹ ਗੰਭੀਰ ਤੇ ਚੁਲਬੁਲੀ ਹੁੰਦੀ ਰਹਿੰਦੀ ਹੈ। ਜਿਸ ਗੀਤ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਉਸਦੀ ਲੈਅ 'ਕੀਰਨੇ' ਨਾਲ ਜਾ ਰਲਦੀ ਹੈ, ਜੋ ਮੈਂ ਇਸ ਤੋਂ ਪਹਿਲਾਂ ਤੇ ਮਗਰੋਂ ਫਿਰ ਕਦੇ ਨਹੀਂ ਸੁਣੀ।

ਸਵਰਨੋ, ਮੀਤੋ, ਰੱਜੋ, ਸ਼ੀਸ਼ੋ ਤੇ ਮਿੰਦੋ ਨੇ ਜਦੋਂ ਹੇਕ ਲਾਈ ਇਕ ਵਾਰ ਤਾਂ ਲੂੰ ਕੰਡੇ ਖੜੇ ਹੋ ਗਏ। ਆਲੇ ਦੁਆਲੇ ਖੜਾ ਹਰ ਆਦਮੀ ਬੱਚਾ ਸ਼ਾਂਤ ਹੋ ਗਿਆ। ਸ਼ਾਮ ਦੇ ਸਮੇਂ ਪਿੰਡੋਂ ਬਾਹਰ ਏਨੀ ਉਚੀ ਹੇਕ ਦਾ ਗੀਤ ਪੂਰੇ ਪਿੰਡ ਵਿਚ ਗੂੰਜ ਰਿਹਾ ਹੋਵੇਗਾ, ਇਹ ਮੇਰਾ ਅੰਦਾਜ਼ਾ ਹੈ। ਉਸ ਆਵਾਜ਼ ਦੇ ਜਾਦੂ ਨੂੰ ਅੱਜ ਮੈਂ ਦੁਬਾਰਾ ਫੜਨ ਵੇਲੇ ਵੀ ਮਹਿਸੂਸ ਕਰ ਰਿਹਾ ਹਾਂ।

ਕਿਨ ਜੋ ਬੀਜੀਆਂ ਟਾਲ੍ਹੀਆਂ ਹੋ ਪੱਤਾ ਵਾਲੀਆਂ ਓਏ,
ਕਿਨ ਜੋ ਤੋਰੇ ਜਹਾਜ਼ ਕੁ ਮੁਲਕ ਬਰਾਨ ਹੋਏ।
ਜਰਮਨ ਨੇ ਤੋਰੀਆਂ ਗੱਡੀਆਂ, ਹੋ ਇੰਜਣਾਂ ਵਾਲੀਆਂ ਓਇ,
ਦੁਸ਼ਮਣ ਨੇ ਤੋਰੇ ਜਹਾਜ਼ ਕ ਮੁਲਕ ਬਰਾਨ ਹੋਏ।

ਲੱਗ ਰਿਹਾ ਸੀ, ਯੁੱਧ ਬਹੁਤ ਭਿਆਨਕ ਹੈ, ਜਿਸ ਵਿਚ ਗੱਡੀਆਂ ਜਹਾਜ਼ਾਂ ਦੀ ਵਰਤੋਂ ਹੋ ਰਹੀ ਸੀ ਤੇ ਜਿਨ੍ਹਾਂ ਵਿਚ ਤਬਾਹੀ ਵਾਪਰ ਰਹੀ ਸੀ। ਇਸ ਭੇੜ ਵਿਚੋਂ ਤਬਾਹੀ ਤੋਂ ਬਗੈਰ ਕੀ ਲੱਭ ਸਕਦਾ ਸੀ। ਗੀਤ ਆਪਣੇ ਨਵੇਂ ਪਾਸਾਰ ਲੱਭ ਰਿਹਾ ਸੀ।

ਕਿਨ ਜੋ ਲਾਈਆਂ ਲੜਾਈਆਂ, ਕਿਨ ਜੋ ਮਾਰੇ ਜਵਾਨ,
ਕਿਨ ਜੋ ਮਾਰੇ ਜਵਾਨ ਕ ਮੁਲਕ ਬਰਾਨ ਹੋਏ।



ਕਿਨ ਜੋ ਬੀਜੇ ਸ਼ਤੂਤ ਕ ਮੁਲਕ ਬਰਾਨ ਹੋਏ....

ਗੀਤ ਨੇ ਟਾਲ੍ਹੀਆਂ ਤੇ ਸ਼ਤੂਤਾਂ ਦਾ ਸਹਾਰਾ ਲੈ ਕੇ, ਆਪਣੀ ਗੱਲ ਸ਼ੁਰੂ ਕੀਤੀ ਸੀ। ਪਰ 'ਮੁਲਕ ਬਰਾਨ ਹੋਏ....' ਏਨੀ ਲੰਮੀ ਹੇਕ ਵਿਚ ਸੀ ਕਿ ਲੱਗਦਾ ਸੀ ਕਿ ਸਾਹਮਣੇ ਸਾਰਾ ਕੁਝ ਤਹਿਸ ਨਹਿਸ ਹੋ ਰਿਹਾ ਹੈ। 'ਬਰਾਨ' ਸ਼ਬਦ ਦੀ ਚੋਣ ਹੀ ਆਪਣੇ ਆਪ ਵਿਚ ਸਭ ਕੁਝ ਕਹਿ ਰਹੀ ਸੀ। ਇਸ ਬਰਾਨੀ ਦਾ ਨਕਸ਼ਾ ਸ਼ਾਇਦ ਅਗਾਂਹ ਆਉਣਾ ਸੀ।

ਜਰਮਨ ਨੇ ਬੀਜੀਆਂ ਟਾਲ੍ਹੀਆਂ ਹੋ ਪੱਤਾ ਵਾਲੀਆਂ ਓਇ।
ਦੁਸ਼ਮਣ ਨੇ ਬੀਜੇ ਸ਼ਤੂਤ ਕ ਮੁਲਕ ਬਰਾਨ ਹੋਏ।

ਜਰਮਨ ਸ਼ਬਦ ਮੈਨੂੰ ਦੂਸਰੇ ਵਿਸ਼ਵ ਯੁੱਧ ਦੀ ਟੋਹ ਦੇ ਰਿਹਾ ਸੀ। ਇਸ ਤੋਂ ਪਹਿਲਾਂ ਤੇ ਬਾਅਦ ਵਿਚ ਮੈਨੂੰ ਇਹ ਗੀਤ ਸੁਣਨ ਨੂੰ ਨਹੀਂ ਮਿਲਿਆ। ਗੀਤ ਜਿਵੇਂ ਯੁੱਧ ਦੀ ਭੂਮਿਕਾ ਬੰਨ੍ਹ ਰਿਹਾ ਦਿਖਾਈ ਦੇ ਰਿਹਾ ਸੀ।

ਕਿਨ ਜੋ ਤੋਰੀਆਂ ਗੱਡੀਆਂ ਹੋ ਇੰਜਣਾਂ ਵਾਲੀਆਂ ਓਇ,
ਅੰਗਰੇਜ਼ਾਂ ਨੇ ਲਾਈਆਂ ਲੜਾਈਆਂ, ਜਰਮਨ ਨੇ ਮਾਰੇ ਜਵਾਨ,
ਜਰਮਨ ਨੇ ਮਾਰੇ ਜਵਾਨ ਕ ਮੁਲਕ ਬਰਾਨ ਹੋਏ।

ਅੰਗਰੇਜ਼ਾਂ ਵਲੋਂ ਜਬਰੀ ਭਰਤੀ ਕਰਨ ਕਾਰਨ ਗਾਇਕਾਵਾਂ ਅੰਗਰੇਜ਼ਾਂ ਨੂੰ ਹੀ ਲੜਾਈ ਲਈ ਦੋਸ਼ੀ ਠਹਿਰਾਉਂਦੀਆਂ ਆ ਰਹੀਆਂ ਸਨ। ਜਵਾਨਾਂ ਦਾ ਮਰਨਾ ਪਰਿਵਾਰਾਂ ਦਾ ਉਜੜਨਾ ਹੈ। ਜਿਹੜੇ ਲੋਕ ਇਹ ਗੀਤ ਗਾ ਰਹੇ ਸਨ ਉਹ ਸ਼ੌਕ ਨਾਲ ਭਰਤੀ ਨਹੀਂ ਹੁੰਦੇ। ਰੁਜ਼ਗਾਰ ਉਨ੍ਹਾਂ ਲਈ ਪਹਿਲੀ ਥਾਂ ਸੀ। ਸਾਡੇ ਸਮਾਜ ਵਿਚ ਜਿਥੇ ਦਲਿਤ ਨੂੰ ਗੰਦੇ ਕੰਮ ਕਰਨ ਦਾ ਸਾਧਨ ਸਮਝਿਆ ਜਾਂਦਾ ਹੋਵੇ, ਉਥੇ 'ਨੌਕਰੀ' ਇਕ ਵਧੀਆ ਰੁਜ਼ਗਾਰ ਹੈ। ਇਸੇ ਲਈ ਇਥੇ ਨੌਕਰੀ ਕੋਈ ਗਾਲ ਨਹੀਂ, ਨੌਕਰ ਚਾਕਰ ਹੋਣਾ ਤਾਂ ਮਾਣ ਦਾ ਸੂਚਕ ਬਣ ਜਾਂਦਾ ਹੈ। ਪੇਟ ਨੇ ਹੀ ਕੁਝ ਟਕਿਆਂ ਲਈ ਜਾਨ ਦਾਅ ਤੇ ਲੁਆ ਦਿਤੀ ਹੈ। ਇਕ ਕਮਾਊ ਦਾ ਮਰਨਾ ਪਰਿਵਾਰ ਦੀ ਤਬਾਹੀ ਹੈ। ਅਨੇਕਾਂ ਜਾਨਾਂ ਦਾ ਜਾਣਾ ਮੁਲਕ ਦੀ ਤਬਾਹੀ ਹੈ। ਭੂਮਿਕਾ ਬੰਨ੍ਹ ਕੇ ਗੀਤ ਜੰਗ ਦੀ ਤਬਾਹੀ ਦਰਸਾਉਣ ਵੱਲ ਵੱਧ ਰਿਹਾ ਸੀ। ਇਸ ਤਬਾਹੀ ਦੇ ਬਣੇ ਨਿਸ਼ਾਨ ਬਹੁਤ ਦੂਰ ਤਕ ਸਨ।

ਕਿੱਥੇ ਤਾਂ ਰੋਂਦੀਆਂ ਮਾਵਾਂ, ਹੋ ਪੁੱਤਰਾਂ ਵਾਲੀਆਂ ਓਇ,
ਕਿੱਥੇ ਤਾਂ ਰੋਂਦੀਆਂ ਭੈਣਾਂ, ਹੋ ਵੀਰਾਂ ਵਾਲੀਆਂ ਓਇ।
ਮਹਿਲੀਂ ਤਾਂ ਰੋਂਦੀਆਂ ਮਾਵਾਂ ਹੋ ਪੁੱਤਰਾਂ ਵਾਲੀਆਂ ਓਇ,
ਗੱਲੀਏ ਤਾਂ ਰੋਂਦੀਆਂ ਭੈਣਾਂ ਹੋ ਵੀਰਾਂ ਵਾਲੀਆਂ ਓਇ।

ਤਬਾਹੀ ਦਾ ਪਹਿਲਾ ਸੇਕ ਲੱਗਾ ਮਾਵਾਂ ਨੂੰ ਜਿਨ੍ਹਾਂ ਦੇ ਪੁੱਤਰ ਮੁੜ ਨਹੀਂ ਆਏ। ਭੈਣਾਂ ਨੂੰ ਸਹੁਰਿਉਂ, ਗਲੀਆਂ ਵਿਚ ਰੁਲਦੀਆਂ ਰੋਂਦੀਆਂ ਪਿੱਟਦੀਆਂ ਆਪਣਾ ਆਪਾ ਤੋੜਦੀਆਂ ਪਹੁੰਚਦੀਆਂ ਹਨ। ਗੀਤ ਦੀ ਕੀਰਨੇ ਵਾਲੀ ਲੈਅ ਮਾਵਾਂ, ਭੈਣਾਂ ਦੀ ਦੁਰਗਤੀ ਦੇ ਡੂੰਘੇ ਨਕਸ਼ ਦਿਲਾਂ ਉਪਰ ਵਾਹੀ ਜਾ ਰਹੀ ਸੀ।

ਕਿੱਥੇ ਤਾਂ ਰੋਂਦੀਆਂ ਨਾਰਾਂ ਹੋ ਕੌਂਤਾਂ ਵਾਲੀਆਂ ਓਇ,
ਕਿਥੇ ਤਾਂ ਰੋਂਦੀਆਂ ਧੀਆਂ ਹੋ ਬਾਬਲਾ ਵਾਲੀਆਂ ਓਇ।
ਮਹਿਲੀ ਤਾਂ ਰੋਂਦੀਆਂ ਨਾਰਾਂ ਹੋ ਕੌਂਤਾਂ ਵਾਲੀਆਂ ਓਇ,
ਗੱਲੀਏ ਤਾਂ ਰੋਂਦੀਆਂ ਨਾਰਾਂ ਹੋ ਕੌਂਤਾਂ ਵਾਲੀਆਂ ਓਇ।

ਤਬਾਹੀ ਦਾ ਪਹਿਲਾ ਸੇਕ ਲੱਗਾ ਮਾਵਾਂ ਨੂੰ ਜਿਨ੍ਹਾਂ ਦੇ ਪੁੱਤਰ ਮੁੜ ਨਹੀਂ ਆਏ। ਭੈਣਾਂ ਨੂੰ ਸਹੁਰਿਉਂ, ਗਲੀਆਂ ਵਿਚ ਰੁਲਦੀਆਂ ਰੋਂਦੀਆਂ ਪਿੱਟਦੀਆਂ ਆਪਣਾ ਆਪਾ ਤੋੜਦੀਆਂ ਪਹੁੰਚਦੀਆਂ ਹਨ। ਗੀਤ ਦੀ ਕੀਰਨੇ ਵਾਲੀ ਲੈਅ ਮਾਵਾਂ, ਭੈਣਾਂ ਦੀ ਦੁਰਗਤੀ ਦੇ ਡੂੰਘੇ ਨਕਸ਼ ਦਿਲਾਂ ਉਪਰ ਵਾਹੀ ਜਾ ਰਹੀ ਸੀ।

ਕਿੱਥੇ ਤਾਂ ਰੋਂਦੀਆਂ ਨਾਰਾਂ ਹੋ ਕੌਂਤਾਂ ਵਾਲੀਆਂ ਓਇ,
ਕਿਥੇ ਤਾਂ ਰੋਂਦੀਆਂ ਧੀਆਂ ਹੋ ਬਾਬਲਾਂ ਵਾਲੀਆਂ ਓਇ।
ਮਹਿਲੀ ਤਾਂ ਰੋਂਦੀਆਂ ਨਾਰਾਂ ਹੋ ਕੌਂਤਾਂ ਵਾਲੀਆਂ ਓਇ,
ਗੱਲੀਏ ਤਾਂ ਰੋਂਦੀਆਂ ਧੀਆਂ ਹੋ ਬਾਬਲਾਂ ਵਾਲੀਆਂ ਓਇ।

ਨਾਰਾਂ ਤੇ ਧੀਆਂ ਦੀ ਤਬਾਹੀ ਦਾ ਜ਼ਿਕਰ ਕਰ ਕੇ ਗੀਤ ਚੁੱਪ ਹੋ ਗਿਆ। ਕਿੰਨੀ ਦੇਰ ਔਰਤਾਂ ਜੰਗ ਦੀ ਅੱਗ ਦੇ ਨਤੀਜਿਆਂ ਉਪਰ ਚਰਚਾ ਕਰਦੀਆਂ ਰਹੀਆਂ। ਸ਼ਾਮ ਦਾ ਵੇਲਾ ਸੀ ਕਿਸੇ ਨੇ ਗਾਵਾਂ, ਮੱਝਾਂ ਦੀ ਧਾਰ ਕੱਢਣੀ ਸੀ ਕਿਸੇ ਨੇ ਰੋਟੀ ਦਾ ਆਹਰ ਪਾਹਰ ਕਰਨਾ ਸੀ। ਇਸ ਲਈ ਨਿਆਣਿਆਂ ਹੱਥ ਬਾਰ ਬਾਰ ਸੁਨੇਹੇ ਆ ਰਹੇ ਸਨ। ਮੀਤੋ ਨੇ ਆਪ ਹੀ ਸਾਰਿਆਂ ਨੂੰ ਜਾਣ ਲਈ ਕਹਿ ਦਿਤਾ। ਪਤਾ ਨਹੀਂ ਕਦੋਂ ਉਹ ਲੱਡੂ ਲੈ ਆਈ ਸੀ। ਜਾਂਦੀਆਂ ਜਨਾਨੀਆਂ ਤੇ ਨਿਆਣਿਆਂ ਨੂੰ ਉਹ ਲੱਡੂ ਵੀ ਵੰਡੀ ਜਾ ਰਹੀ ਸੀ। ਗਾਉਣ ਜੋ ਬਿਠਾਇਆ ਸੀ ਅੱਜ ਉਸ ਨੇ।

ਅੱਜ ਜਦ ਕਿ ਮੈਂ ਇਹ ਅਨੁਭਵ ਜੀਅ ਰਿਹਾ ਹਾਂ ਤਾਂ ਮੈਨੂੰ ਅਜੋਕੀ ਸਰਕਾਰ ਵਲੋਂ ਉਭਾਰੇ ਜਾ ਰਹੇ ਕਾਰਗਿਲ ਦੀ ਜੰਗ ਦੇ ਜਨੂੰਨ ਪ੍ਰਭਾਵਤ ਨਹੀਂ ਕਰਦੇ। ਇਹ ਤਾਂ ਭਗਵੇਂ ਬਾਣਿਆਂ ਹੇਠ ਜਾਨਵਰ ਹਨ, ਜਿਨ੍ਹਾਂ ਲਈ ਜਾਨਾਂ ਦਾ ਕੋਈ ਮੁੱਲ ਨਹੀਂ। ਜੋ ਏਨੀਆਂ ਜਾਨਾਂ ਗੁਆਂ ਕੇ ਬੜੀ ਬੇਸ਼ਰਮੀ ਨਾਲ ਇਹ ਕਹਿ ਰਹੇ ਹਨ ਕਿ ਇਨ੍ਹਾਂ ਵਿਚ ਤਾਂ ਪਹਿਲੀਆਂ ਜੰਗਾਂ ਦੇ ਮੁਕਾਬਲੇ ਸਭ ਤੋਂ ਘੱਟ ਜਾਨਾਂ ਗਈਆਂ ਹਨ। ਮੈਂ ਤਾਂ ਫੌਜੀ ਪਰਿਵਾਰ ਵਿਚ ਪੈਦਾ ਹੋਇਆਂ ਹਾਂ। ਮੇਰੇ ਲਈ ਔਰਤਾਂ ਦੇ ਇਹ ਬੋਲ ਸ਼ਾਂਤੀ ਲਹਿਰ ਦੇ ਬੋਲ ਹਨ।

( ਚਲਦਾ)

Vehicle Unlock Specialist
Boost Your Car Call 24/7
Gurpreet Sohal
Tel: 780.935.2990
gssohal72@yahoo.co.in
If your car is locked or need a boost please call 780.935.2990

BeLL STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸ਼ਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਸ਼ਿਅਰਾਂ ਵਿਚੋਂ ਸ਼ਿਅਰ ਸੁਣੀਂਦਾ



ਸੁਲੱਖਣ ਸਰਹੱਦੀ
+91-94174-84337
sulakhansarhaddi@gmail.com

**(ਜਨਾਬ ਦੀਪਕ ਜੈਤੋਈ)**
ਓ ਜਾਣ ਵਾਲੇ ਸੁਣ ਜਾ ਇਕ ਗਲ ਮੇਰੀ ਖਲੋ ਕੇ
ਰਹੀਏ ਕਿਸੇ ਦੇ ਬਣ ਕੇ ਤੁਰੀਏ ਕਿਸੇ ਦੇ ਹੋ ਕੇ

ਦਲੀਲਾਂ ਨਾਲ ਦੀਪਕ ਕਦ ਕੋਈ ਅਹਿਮਕ ਸਮਝਦਾ ਹੈ
ਜੋ ਸਮਝਾਊਗਾ ਪਗ ਆਪਣੀ ਲੁਹਾਊਗਾ ਮੈਂ ਕਹਿੰਦਾ ਸੀ

----

**(ਪ੍ਰਿੰ. ਤਖ਼ਤ ਸਿੰਘ)**
ਗਮ ਦੇ ਮਘ ਪੈਣ ਜਦ ਅੰਗਾਰ ਗ਼ਜ਼ਲ ਔੜ੍ਹਦੀ ਏ
ਲੂਸਿਆ ਜਾਂਦਾ ਏ ਜਦ ਪਿਆਰ ਗ਼ਜ਼ਲ ਔੜ੍ਹਦੀ ਏ
ਕੀਲ ਜਾਂਦੀ ਏ ਜਦੋਂ ਜਿੰਦ ਜਾਦੂ ਬਣ ਕੇ
ਕੋਈ ਚੰਚਲ ਜਿਹੀ ਮੁਟਿਆਰ ਗ਼ਜ਼ਲ ਔੜ੍ਹਦੀ ਏ

----

**(ਜਗਤਾਰ ਡਾ.)**
ਹਰ ਤਰਫ਼ ਮਲਬਾ ਬੁਝੇ ਦੀਵੇ ਤੇ ਮਰੀਆਂ ਤਿਤਲੀਆਂ
ਵੇਖੀਏ ਉਜੜੀ ਹੋਈ ਬਸਤੀ 'ਚ ਕੋਈ ਜੁਗਨੂੰ ਵੀ ਹੈ?

ਹਰ ਮੋੜ ਤੇ ਸਲੀਬਾਂ ਹਰ ਪੈਰ ਤੇ ਹਨੇਰਾ
ਫਿਰ ਵੀ ਅਸੀਂ ਰੁਕੇ ਨਾ ਸਾਡਾ ਵੀ ਵੇਖ ਜੇਰਾ

----

**(ਸੁਰਜੀਤ ਪਾਤਰ)**
ਨਾ ਕੋਈ ਮੱਥੇ 'ਚ ਚਾਨਣ ਨਾ ਕੋਈ ਸੀਨੇ 'ਚ ਸੇਕ
ਸੀਨੇ ਉਤਲੇ ਤਗਮਿਆਂ ਨੂੰ ਕੀ ਕਰਾਂ

ਇਸ ਤਰ੍ਹਾਂ ਦਾ ਕਿਸ ਤਰ੍ਹਾਂ ਸੁਰਜੀਤ ਪਾਤਰ ਹੋ ਗਿਆ
ਸੀਨੇ ਵਿਚਲੇ ਨਗਮਿਆਂ ਤੋਂ ਦੂਰ ਹਾਂ

----

**(ਸੁਲੱਖਣ ਸਰਹੱਦੀ)**
ਮੇਰੇ ਗਲ ਵਿਚ ਪਟਾ ਤਕ ਕੇ ਬੜਾ ਹੱਸਿਆ ਗੁਰੂ ਨਾਨਕ
ਉਹ ਲੱਗਾ ਕਹਿਣ ਕਿ ਤੂੰ ਕੀ ਜਨੇਊ ਦਾ ਬਣਾ ਛੱਡਿਆ
ਕਿਤਾਬਾਂ ਹਨ ਕਿ ਪਾਹਨ ਹੈ ਜਿਨ੍ਹਾਂ ਨੂੰ ਅਰਘ ਚੜ੍ਹਦੇ ਨੇ
ਤੁਸਾਂ ਤਾਂ ਸ਼ਬਦ ਨੂੰ ਵੀ ਬਾਬਿਉ ਪੱਥਰ ਬਣਾ ਛੱਡਿਆ

----

**(ਸੁਸ਼ੀਲ ਦੁਸਾਂਝ)**
ਠਰਦੇ ਨੀਵੇਂ ਵਿਹੜਿਆਂ ਖਾਤਰ ਧੁੱਪ ਦੀ ਹੀ ਇੱਕ ਕਾਤਰ ਹੋ ਜਾ।
ਕੁੱਝ ਤਾਂ ਹੋ ਨੀ ਮੇਰੀਏ ਗ਼ਜ਼ਲੇ, ਨ੍ਹੇਰ 'ਚ ਬਲਦਾ ਅੱਖਰ ਹੋ ਜਾ।
ਨਵਿਆਂ ਰਾਹਾਂ ਦਾ ਖੋਜੀ ਬਣ, ਫਿਰ ਤੂੰ ਭਾਵੇਂ ਕਾਫ਼ਰ ਹੋ ਜਾ,
ਲੋਕਾਂ ਨਾਲੋਂ ਟੁੱਟਣਾ ਹੈ ਤਾਂ, ਪੱਥਰ ਹੋ ਜਾ ਮੰਦਰ ਹੋ ਜਾ।

----

**(ਬਾਵਾ ਬਲਵੰਤ)**
ਜ਼ਿੰਦਗਾਨੀ ਏ ਪਰਾਇਆ ਧਨ ਨਹੀਂ
ਜ਼ਿੰਦਗੀ ਨੂੰ ਮਾਨਣਾ ਔਗੁਣ ਨਹੀਂ
ਕਿਉਂ ਖਿਆਲਾਂ ਦੇ ਲਈ ਹਨ ਬੇੜੀਆਂ
ਜੇ ਹਵਾ ਨੂੰ ਵਕਤ ਨੂੰ ਬੰਧਨ ਨਹੀਂ

----

**(ਸੁਰਜੀਤ ਜੱਜ)**
ਰੁੱਖ ਮੌਲਣਗੇ ਪਰਿੰਦੇ ਚਹਿਚਹਾਵਣਗੇ ਸਦਾ
ਟੁਟ ਚੁੱਕੇ ਆਲ੍ਹਣੇ ਫਿਰ ਜੁੜਨਗੇ ਆਉਂਦੇ ਦਿਨੀਂ

----

**(ਹਰਦਿਆਲ ਸਾਗਰ)**
ਵਤਨ ਦੀ ਵੇਖ ਕੇ ਹਾਲਤ ਹਮੇਸ਼ਾ ਸਿਸਕਦਾ ਰਹਿੰਦੈ
ਸਿਆਣੇ ਮੁਲਕ ਵਿਚ ਹਾਲੇ ਵੀ ਇਕ ਬਚਿਆ ਸ਼ੁਦਾਈ ਹੈ

----

**(ਮੱਖਣ ਕੁਹਾੜ)**
ਬੁਝ ਰਿਹਾ ਧੂੰਆਂ ਨਾ ਲਿਖ, ਤੂੰ ਮਘ ਰਿਹਾ ਅੰਗਿਆਰ ਲਿਖ।
ਮਰ ਰਿਹਾ ਇਤਬਾਰ ਨਾ ਲਿਖ, ਸੁਲਗਦਾ ਇਕਰਾਰ ਲਿਖ।
ਰਾਤ ਭਰ ਬਣਿਆ ਜੋ ਰਹਿੰਦੈ, ਚੋਰਾਂ ਦਾ ਸਰਦਾਰ ਲਿਖ।
ਕਿਸ ਤਰਾਂ ਉਹ ਦਿਨ ਨੂੰ ਬਣ ਜਾਂਦਾ ਹੈ ਪਹਿਰੇਦਾਰ ਲਿਖ।

----

**(ਜਸਵਿੰਦਰ)**
ਫੁਲ ਦੀ ਪੱਤੀ ਵੀ ਕਰ ਸਕਦੀ ਹੈ ਕੋਈ ਹਾਦਸਾ
ਲਾਜ਼ਮੀ ਹੁੰਦਾ ਨਹੀਂ ਪੱਥਰ ਹੀ ਠੋਕਰ ਵਾਸਤੇ

ਨਮੋਸ਼ੀ ਹਾਰ ਦੀ ਤੇ ਜਿੱਤ ਦਾ ਹੰਕਾਰ ਲਾਹ ਦੇਈਏ
ਚਲੋ ਹੁਣ ਫਾਲਤੂ ਚੀਜ਼ਾਂ ਦਾ ਰੂਹ ਤੋਂ ਭਾਰ ਲਾਹ ਦੇਈਏ

----

**(ਪ੍ਰੋ. ਰਮਨ)**
ਆਪਣੇ ਖਾਲੀਪਣ ਨੂੰ ਮੈਂ ਅਜਕਲ ਏਦਾਂ ਪੜ੍ਹ ਰਿਹਾ ਹਾਂ
ਅੱਖਰ ਅੱਖਰ ਜੋੜ ਕੇ ਤੈਨੂੰ ਵਰਕਾ ਵਰਕਾ ਪੜ੍ਹ ਰਿਹਾ ਹਾਂ

----

**(ਪ੍ਰੋ. ਮੋਹਨ ਸਿੰਘ)**
ਮੁੱਕਿਆ ਹਨੇਰਾ ਪਰ ਅਜੇ ਹਨੇਰ ਬਾਕੀ ਹੈ
ਘਸਮੈਲਾ ਚਾਨਣਾ ਅਤੇ ਤਿੜਕੀ ਸਵੇਰ ਬਾਕੀ ਹੈ
ਝੂਠੇ ਸਮਾਜਵਾਦ 'ਤੇ ਭੁੱਲਿਉ ਨਾ ਸਾਥੀਉ
ਜਿਉਂਦਾ ਭੇਸ ਬਦਲ ਕੇ ਅਜੇ ਕੁਬੇਰ ਬਾਕੀ ਹੈ

----

**(ਹਰਭਜਨ ਸਿੰਘ ਹੁੰਦਲ)**
ਕਿੰਨਾ ਫਿਕਰ ਗ਼ਜ਼ਲਗੋ ਕਰਦੇ ਨਿੱਕੀ ਇਕ ਸਿਹਾਰੀ ਦਾ
ਐਪਰ ਚੇਤਾ ਭੁੱਲ ਜਾਂਦੇ ਹਨ ਦਿਲ ਤੇ ਚਲਦੀ ਆਰੀ ਦਾ

----



**(ਤਰਲੋਕ ਜੱਜ)**
ਕਿਤੇ ਦੀਵਾ ਜਗੇ ਚਾਨਣ ਮਿਲੇ ਤਾਂ ਲੈ ਲਿਆ ਕਰਨਾ
ਕਿ ਮੇਰੇ ਵਾਂਗ ਨਾ ਹਰ ਕਿਰਨ ਪਰਖਣ ਲਗ ਪਿਆ ਕਰਨਾ
ਮੇਰੇ ਮਹਿਰਮ ਇਹ ਅਥਰੂ ਵਸਤ ਨਹੀਂ ਹੁੰਦੇ ਨੁਮਾਇਸ਼ ਦੀ
ਜੋ ਦੁਨੀਆ ਹੱਸਦੀ ਵੇਖੋਂ ਤੁਸੀਂ ਵੀ ਹੱਸਿਆ ਕਰਨਾ

----

**(ਐਸ. ਤਰਸੇਮ)**
ਨਾ ਰੌਸ਼ਨਦਾਨ, ਨਾ ਬੂਹਾ ਤੇ ਨਾ ਖਿੜਕੀ ਬਣਾਉਂਦਾ ਹੈ
ਮਿਰੇ ਹੁਣ ਸ਼ਹਿਰ ਦਾ ਹਰ ਮਿਸਤਰੀ ਕੁਰਸੀ ਬਣਾਉਂਦਾ ਹੈ
ਭਵਿੱਖ ਦਾ ਫਿਕਰ ਕਿੰਨਾ ਹੈ ਕਿ ਖੇਡਣ ਵਕਤ ਵੀ ਬੱਚਾ
ਕਦੇ ਤਾਂ ਘਰ ਬਣਾਉਂਦਾ ਹੈ ਕਦੇ ਕਿਸ਼ਤੀ ਬਣਾਉਂਦਾ ਹੈ

----

**(ਗੁਰਤੇਜ ਕੁਹਾਰਵਾਲਾ)**
ਕਰਾਂਗੇ ਜ਼ਿਕਰ ਉਸ ਦਾ ਖੁਦ ਨੂੰ ਬੇਆਰਾਮ ਰੱਖਾਂਗੇ
ਉਦਾਸੀ ਨੂੰ ਘਰ ਆਪਣੇ ਫੇਰ ਅੱਜ ਦੀ ਸ਼ਾਮ ਰੱਖਾਂਗੇ
ਅਸੀਂ ਗਮਲੇ ਅਤੇ ਗੁਲਦਾਨ ਖੁਦ ਸੜਕਾਂ 'ਤੇ ਸੁੱਟ ਆਏ
ਕਿਵੇਂ ਇਸ ਹਾਦਸੇ ਦੀ ਤੋਰ ਤੇ ਇਲਜ਼ਾਮ ਰੱਖਾਂਗੇ

----

**(ਤਿਰਲੋਕ ਸਿੰਘ ਅਨੰਦ)**
ਡੁੱਬਿਆ ਰਿਹਾ ਸਾਂ ਇਸ ਕਦਰ ਤੇਰੇ ਖਿਆਲ ਵਿਚ
ਮਿਸ਼ਰੀ ਦੀ ਥਾਂ ਤੇ ਬੰਨ੍ਹ ਲਿਆ ਪਾਣੀ ਰੁਮਾਲ ਵਿਚ

ਮਾਰ ਕੇ ਕੰਕਰ ਕਦੋਂ ਦਾ ਤੁਰ ਗਿਆ ਹੈ ਯਾਤਰੂ
ਪਾਣੀਆਂ ਦੀ ਹਿੱਕ ਵਿਚ ਕਾਂਬਾ ਰਹੇਗਾ ਦੇਰ ਤਕ

----

**(ਰਣਧੀਰ ਸਿੰਘ ਚੰਦ)**
ਲੰਮੀ ਔੜ ਉਦਾਸੀ ਪਤਝੜ ਠੱਕਾ ਤੇ ਕੋਰਾ ਵੀ ਹੈ
ਇਸ ਮੌਸਮ ਵਿਚ ਸੂਲੀ ਚੜ੍ਹਿਆ ਇਕ ਸੂਰਜ ਮੇਰਾ ਵੀ ਹੈ

ਚੰਗਾ ਹੋਇਆ ਹੋ ਗਈ ਬੱਸਾਂ ਦੀ ਹੜਤਾਲ
ਇਸ ਬਹਾਨੇ ਦੋ ਘੜੀ ਤੁਰੀਏ ਨਾਲੋ ਨਾਲ

----

**(ਕੰਵਰ ਚੌਹਾਨ)**
ਜਿਹੜਾ ਛਿਣ ਲੰਘ ਜਾਂਦੈ, ਉਹ ਆਪਣਾ ਨਹੀਂ ਹੁੰਦਾ
ਕਿ ਉਡਦੇ ਪੰਛੀਆਂ ਦਾ ਧਰਤ 'ਤੇ ਸਾਇਆ ਨਹੀਂ ਹੁੰਦਾ
ਹਵਾ ਦੀ ਸਰਸਰਾਹਟ ਕਦ ਰੁਕੀ ਹੈ ਇਕ ਬਿੰਦੂ ਤੇ
ਮਹਿਕ ਤੇ ਰੰਗ ਉਤੇ ਵਕਤ ਦਾ ਪਹਿਰਾ ਨਹੀਂ ਹੁੰਦਾ

----

**(ਨਿਰੰਜਣ ਸਿੰਘ ਨੂਰ)**
ਅਸੀਂ ਤਾਂ ਜਨਮ ਜਨਮ ਦੇ ਪਿੰਗਲੇ ਪਿੰਗਲੀ ਮਾਂ ਦੇ ਜਾਏ
ਪੌਣਾਂ ਪੁਣ ਕੇ ਸਾਗਰ ਛੱਡ ਕੇ ਕੋਹੜ ਕਮਾਵਣ ਆਏ

ਚਿੜੀ ਦੀ ਲਲਕਾਰ ਨੇ ਇਕ ਬਾਜ਼ ਕੱਚਾ ਖਾ ਲਿਆ
ਰੋਹ ਭਰੀ ਕੀੜੀ ਨੇ ਇਕ ਮਦ ਮਸਤ ਹਾਥੀ ਢਾ ਲਿਆ।

----

**(ਸ.ਸ. ਮੀਸ਼ਾ)**
ਆ ਅੱਖਾਂ ਵਿਚ ਅੱਥਰੂ ਭਰ ਕੇ ਦੋਵੇਂ ਕਰ ਲਈਏ ਇਕਬਾਲ
ਕੀ ਕੀ ਆਪਾਂ ਝੂਠ ਬੋਲਿਆ ਸਾਉਣ ਮਹੀਨੇ ਪਿਛਲੇ ਸਾਲ
ਮੈਂ ਤਾਂ ਬਿਲਕੁਲ ਠੀਕ ਠਾਕ ਹਾਂ ਤੂੰ ਆਪਣਾ ਆਪ ਸੰਭਾਲ
ਡਕ ਲੈ ਪਲਕਾਂ ਪਿੱਛੇ ਅੱਥਰੂ ਬੰਨ੍ਹ ਜੂੜੇ ਵਿਚ ਉਡਦੇ ਜਾਲ

----

**(ਰਜਿੰਦਰ ਪ੍ਰਦੇਸੀ)**
ਇਕ ਵੀ ਨੁੱਕਰ ਨਹੀਂ ਗੁਟਕਣ ਲਈ
ਪਰ ਕਿੰਨਾ ਅਸਮਾਨ ਹੈ ਤੜਪਣ ਲਈ
ਸੂਲ ਤਿਤਲੀ ਨੂੰ ਮਿਲੀ ਠਹਿਰਨ ਲਈ
ਰਹਿ ਗਿਆ ਸੀ ਇਹ ਮੇਰੇ ਵੇਖਣ ਲਈ

----

**(ਬਰਜਿੰਦਰ ਚੌਹਾਨ)**
ਅੱਖਰ ਏਸ ਕਿਤਾਬ ਦੇ ਜਿਉਂ ਮਘਦੇ ਅੰਗਿਆਰ
ਸਮਝ ਨਾ ਲੈਣਾ ਏਸ ਨੂੰ ਸ਼ੈਲਫ ਦਾ ਸ਼ਿੰਗਾਰ
ਹੌਲੀ ਹੌਲੀ ਵੱਧ ਗਿਆ ਏਥੋਂ ਤੀਕ ਹਨੇਰ
ਉਠ ਗਿਆ ਇਕ ਹੱਥ ਦਾ ਦੂਜੇ ਤੋਂ ਇਤਬਾਰ

----

**(ਵਿਜੇ ਵਿਵੇਕ)**
ਇਹ ਕੇਹੇ ਆ ਗਏ ਨੇ ਵਕਤ ਭਾਰੇ
ਗਲੇ ਵਿਚ ਗੀਤ ਪਥਰਾਏ ਸਾਰੇ

ਸੁਰਾਂ ਇਕ ਬਾਂਸ ਦੀ ਪੋਰੀ 'ਚ ਗੁੰਮ ਸੁੰਮ
ਤੇ ਛਣਕਣ ਝਾਂਜਰਾਂ ਹੇਠ ਦਫਨ ਹੈ

----

**(ਥੰਮਣ ਸਿੰਘ ਸੈਣੀ)**
ਸਹਾਰਾ ਢੂੰਡ ਨਾ ਐਵੇਂ ਸਹਾਰੇ ਠੀਕ ਨਹੀਂ ਹੁੰਦੇ
ਮਿਲਣ ਜੇ ਜੀਣ ਲਈ ਸਾਹ ਵੀ ਉਧਾਰੇ ਠੀਕ ਨਹੀਂ ਹੁੰਦੇ
ਅਸੀਂ ਬੰਦਿਸ਼ ਨਿਭਾਵਾਂਗੇ ਮਗਰ ਇਹ ਜ਼ਿਹਨ ਵਿਚ ਲੈ ਕੇ
ਜੋ ਪੈਰਾਂ ਨੂੰ ਜਕੜ ਲੈਂਦੇ ਕਿਨਾਰੇ ਠੀਕ ਨਹੀਂ ਹੁੰਦੇ

----

**(ਕਰਤਾਰ ਸਿੰਘ ਬਲੱਗਣ)**
ਮੈਂ ਭੁਲਾਨਾ ਬੜੀ ਬੇਰੁਖੀ ਉਸ ਦੀ
ਪਰ ਜੇ ਮੁੜ ਮੁੜ ਸਤਾਏ ਤਾਂ ਮੈਂ ਕੀ ਕਰਾਂ
ਚਾਨਣੀ ਰਾਤ ਵਿਚ ਪੌਣ ਦੇ ਗੀਤ ਸੁਣ
ਜੇ ਕੋਈ ਯਾਦ ਆਏ ਤਾਂ ਮੈਂ ਕੀ ਕਰਾਂ

----

**(ਬਿਸ਼ਨ ਸਿੰਘ ਉਪਾਸ਼ਕ)**
ਹੋਈਆਂ ਉਦਾਸ ਤੇਰੀਆਂ ਗਲੀਆਂ ਤੇਰੇ ਬਗੈਰ
ਰਾਹਵਾਂ ਗਮਾਂ ਨੇ ਮੇਰੀਆਂ ਮਲੀਆਂ ਤੇਰੇ ਬਗੈਰ
ਥਾਂ ਥਾਂ ਹੈ ਤੇਰੇ ਮਿਲਾਪ ਦੀ ਵਰਖਾ ਵੀ ਹੋ ਰਹੀ
ਕਣੀਆਂ ਵੀ ਹੈਣ ਅਗ ਦੀਆਂ ਡਲੀਆਂ ਤੇਰੇ ਬਗੈਰ

----

**(ਕੁਲਵਿੰਦਰ ਕੁੱਲਾ)**
ਬਾਹਾਂ ਦੇ ਜ਼ੋਰ ਦਾ ਇਉਂ ਅਨੁਮਾਨ ਲਾ ਰਹੇ ਹਾਂ
ਪਾਣੀ ਨੂੰ ਮਾਰ ਢੀਮਾਂ ਅੰਬਰ ਹਿਲਾ ਰਹੇ ਹਾਂ

ਆਪਣੇ ਘਰ 'ਚ ਐਸਾ ਮੌਸਮ ਚਲਾਕ ਵੇਖਾਂ
ਗਮਗੀਨ ਵਕਤ ਰੁਕਿਆ ਚਲਦਾ ਕਲਾਕ ਵੇਖਾਂ

----

**(ਰਾਬਿੰਦਰ ਮਸਰੂਰ)**
ਸਿਰਾਂ ਦੀ ਭੀੜ ਸੀ ਇਕ ਹਾਰ ਸੀ ਤੇ ਕਹਿ ਰਹੇ ਸਨ ਉਹ
ਝੁਕੇਗਾ ਸੀਸ ਜਿਹੜਾ ਹਾਰ ਉਸ ਦੇ ਗਲ 'ਚ ਪਾਵਾਂਗੇ

ਤੁਸੀਂ ਵੇਖੋਗੇ ਕਲ੍ਹ ਦਰਿਆ ਨੂੰ ਵੀ ਮਾਰੂਥਲ ਬਣਦਾ
ਹੈ ਪਾਣੀ ਲਾਲ ਅੱਜ ਦਰਿਆ ਦਾ ਵਿਚ ਤਰਦੇ ਕਬੂਤਰ ਨੇ

----

**(ਦੇਵ ਦਰਦ)**
ਕਾਰ ਉਧਾਰੀ ਕੋਠੀ ਗਿਰਵੀ ਤੇ ਫਰਨੀਚਰ ਕਿਸ਼ਤਾਂ 'ਤੇ
ਫਿਰ ਵੀ ਘਰ ਦੇ ਗੇਟ ਤੇ ਟੰਗੀ ਆਪਣੀ ਨੇਮ ਪਲੇਟ

----

**(ਸੁਰਿੰਦਰਪ੍ਰੀਤ ਘਣੀਆ)**
ਨ੍ਹੇਰੇ 'ਚ ਜਗ ਰਿਹਾ ਉਹ ਜੁਗਨੂੰ ਤਾਂ ਭਾਵੇਂ ਇਕ ਸੀ
ਮੱਥੇ 'ਚ ਛੱਡ ਗਿਆ ਉਹ ਸੈਆਂ ਸਵਾਲ ਮੇਰੇ

----

**(ਹਜ਼ਾਰਾ ਸਿੰਘ ਗੁਰਦਾਸਪੁਰੀ)**
ਇਕ ਘੁਲ ਗਿਆ ਹੈ ਸੂਰਜ ਮੇਰੇ ਗਿਲਾਸ ਅੰਦਰ
ਇਕ ਕੂਹਮਤਾਂ ਦੀ ਤੇਹ ਹੈ ਮੇਰੇ ਗਿਲਾਸ ਅੰਦਰ
ਤੇਰੇ ਬਦਨ ਵਿਚ ਵੀ ਤਾਂ ਘੁਲਿਆ ਹੋਇਆ ਹੈ ਸੂਰਜ
ਕਦੀ ਕਦੀ ਆਉਂਦਾ ਹੈ ਮੇਰੇ ਕਿਆਸ ਅੰਦਰ

----

**(ਹਜ਼ਾਰਾ ਸਿੰਘ ਮੁਸ਼ਤਾਕ)**
ਹਰ ਸਾਹ ਦੇ ਨਾਲ ਮਰਾਂ ਜੀਵਾਂ ਮੈਂ ਉਮਰ ਦਰਾਜ਼ ਨੂੰ ਕੀ ਆਖਾਂ
ਪਲ ਭਰ ਜੋ ਟਿਕ ਕੇ ਬਹਿੰਦਾ ਨਈਂ ਦਿਲ ਦੀ ਪਰਵਾਜ਼ ਨੂੰ ਕੀ ਆਖਾਂ
ਪਜ ਪਾ ਕੇ ਇਸ਼ਕ ਦੀ ਮਸਤੀ ਦਾ ਕਰਦਾ ਏ ਨਸ਼ਰ ਜ਼ਾਮਨੇ ਵਿਚ
ਦਿਲ ਨੂੰ ਹਮਰਾਜ਼ ਬਣਾਇਆ ਸੀ ਐਸੇ ਹਮਰਾਜ਼ ਨੂੰ ਕੀ ਆਖਾਂ

----

**(ਡਾ. ਹਰਿਭਜਨ ਸਿੰਘ)**
ਵਣ ਸੰਘਣਾ ਹਨੇਰੀ ਰਾਤ ਵਿਚੋਂ ਲੰਘਣਾ
ਆਉ ਅੱਗ ਬਾਲ ਲਈਏ ਵਣਜਾਰਿਆਂ ਦੇ ਵਾਂਗ

----

**(ਭੁਪਿੰਦਰ ਬੇਕਸ)**
ਠੀਕਰੀ ਪਹਿਰੇ ਲਾ ਕੇ ਸਾਨੂੰ ਰਾਖੀ ਕਰਨੀ ਪੈਂਦੀ ਏ
ਕੀ ਭਰੋਸਾ ਕੁੱਲੀ ਸਾਡੀ ਕਦ ਅੰਗਿਆਰ ਉਹ ਧਰ ਜਾਵਣ।

----

**(ਸੁਬੇਗ ਸੱਧਰ)**
ਜਾਨ ਤੋਂ ਮੁੱਕਣ ਵਾਲੀ ਗੱਲ ਹੈ ਭੁੱਲ ਜਾਣਾ ਮਾਂ ਬੋਲੀ
ਰੂਹ ਤੋਂ ਮੁਕਰਨ ਵਾਲੀ ਗੱਲ ਹੈ ਭੁੱਲ ਜਾਣਾ ਮਾਂ ਬੋਲੀ

----

**(ਕਵਿੰਦਰ ਚਾਂਦ)**
ਹਰ ਸੀਨਾ ਧੁੱਖਦਾ ਧੁੱਖਦਾ ਹੈ ਤੇ ਸੋਚਾਂ ਵਿੱਚ ਜਵਾਲਾ ਹੈ
ਇੱਕ ਚੀਜ਼ ਬਦਲਿਆਂ ਨਹੀ ਸਰਨਾ ਇਹ ਢਾਂਚਾ ਬਦਲਨ ਵਾਲਾ ਹੈ
ਕਰਮਾ ,ਧਰਮਾ ਦੇ ਓਹਲੇ 'ਚੋਂ ਕਿਹੜਾ ਹੈ ਕੀ ਪਹਿਚਾਨ ਕਰਾਂ ?
ਇੱਕ ਹੱਥ 'ਚ ਨੇ ਹਥਿਆਰ ਫੜੇ ਤੇ ਦੂਜੇ ਦੇ ਵਿੱਚ ਮਾਲਾ ਹੈ।


A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary Vancouver
Contact
780-951-7260

e-mail: dhaliwalsd@hotmail.com, www.acitylimousine.com

# ਮੇਰਾ ਸ਼ੀਸ਼ਾ

ਸਾਧੂ ਦਾ ਵਿਚਾਰ ਹੈ ਕਿ ਸਮਾਜਕ ਹਾਲਤਾਂ ਕਿਸੇ ਵੀ ਵਿਅਕਤੀ ਦੀ ਨਿੱਜੀ ਸ਼ਖਸੀਅਤ ਅਤੇ ਜ਼ਿੰਦਗੀ ਨੂੰ ਘੜਨ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਇਸ ਲਈ ਆਪਣੀਆਂ ਕਹਾਣੀਆਂ ਵਿੱਚ ਉਹ ਪਾਤਰਾਂ ਦੀ ਵਿਅਕਤੀਗਤ ਚਰਿੱਤਰ ਉਸਾਰੀ ਦੇ ਨਾਲ ਨਾਲ ਉਹਨਾਂ ਸਮਾਜਕ ਹਾਲਤਾਂ ਦੇ ਚਿਤਰਣ ਵਲ ਖਾਸ ਧਿਆਨ ਦਿੰਦਾ ਹੈ, ਜਿਹਨਾਂ ਹਾਲਤਾਂ ਵਿੱਚ ਉਸ ਦੇ ਪਾਤਰ ਵਿਚਰ ਰਹੇ ਹੋਣ। ਉਸ ਦੀ ਇਹ ਪਹੁੰਚ ਪਾਠਕ ਨੂੰ ਵਿਅਕਤੀ ਅਤੇ ਸਮਾਜ ਦੇ ਅੰਤਰ ਸੰਬੰਧਾਂ ਨੂੰ ਸਮਝਣ ਲਈ ਇਕ ਕੀਮਤੀ ਸੂਝ ਪ੍ਰਦਾਨ ਕਰਦੀ ਹੈ।

ਸਾਧੂ ਦਾ ਪਹਿਲਾ ਕਾਵਿ-ਸੰਗ੍ਰਹਿ "ਸੋਨੇ ਰੰਗੀ ਸੜਕ" ਸੰਨ 1976 ਵਿੱਚ ਪ੍ਰਕਾਸ਼ਤ ਹੋਇਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਉਸ ਦੀਆਂ ਇਕ ਦਰਜਨ ਦੇ ਕਰੀਬ ਕਿਤਾਬਾਂ ਸਾਹਿਤ ਦੇ ਵੱਖ ਵੱਖ ਰੂਪਾਂ ਵਿੱਚ ਛੱਪ ਚੁੱਕੀਆਂ ਹਨ। ਇਹਨਾਂ ਵਿੱਚੋਂ ਪ੍ਰਮੁੱਖ ਹਨ: ਜੁਗਤੂ (ਨਾਵਲ), ਲੀਹੋਂ ਲੱਥੇ ਅਤੇ ਕਿਸ ਦਾ ਕਸੂਰ (ਕਹਾਣੀ ਸੰਗ੍ਰਹਿ), ਯਾਰ ਮੇਰਾ ਦਰਿਆ, ਰਿਸ਼ਤੇ ਦਰਿਆਵਾਂ ਦੇ ਅਤੇ ਵਤਨੋਂ ਦੂਰ ਨਹੀਂ (ਕਾਵਿ-ਸੰਗ੍ਰਹਿ)।




ਸਾਧੂ ਬਿਨਿੰਗ
604-437-9014
sadhu.binning@gmail.com


ਕਹਾਣੀ 'ਮੇਰਾ ਸ਼ੀਸ਼ਾ' ਪਰਵਾਸੀ ਬੰਦੇ ਦਾ ਆਪਣੇ ਹੀ ਅਕਸ ਨਾਲ ਰਚਾਇਆ ਸੰਵਾਦ ਹੈ। ਇਹ ਸੰਵਾਦ ਪਰਵਾਸੀ ਪੰਜਾਬੀ ਸਾਹਿਤ ਦੇ ਇਕ ਸਭ ਤੋਂ ਉਘੜਵੇਂ ਵਿਸ਼ੇ ਉਪਰ ਕੇਂਦਰਤ ਹੈ। ਪਰਵਾਸੀ ਪੰਜਾਬੀ ਪਰਵਾਸ ਦੌਰਾਨ ਜਿਸ ਤਰ੍ਹਾਂ ਦੀ ਬੇਗ਼ਾਨਗੀ ਭੋਗਦੇ ਹਨ ਤੇ ਜਿਸ ਤਰ੍ਹਾਂ ਦੇ ਕੰਮ-ਧੰਦੇ ਅਪਣਾਉਣ ਲਈ ਉਹ ਮਜਬੂਰ ਹੁੰਦੇ ਹਨ, ਉਸ ਕਾਰਨ ਉਨ੍ਹਾਂ ਅੰਦਰ ਵਿਸ਼ਾਦ ਦੀ ਤੀਬਰ ਭਾਵਨਾ ਪੈਦਾ ਹੋ ਜਾਂਦੀ ਹੈ। ਉਨ੍ਹਾਂ ਦਾ ਧਿਆਨ ਪਿਛਾਂਹ ਆਪਣੇ ਵਤਨ ਵਲ ਪਰਤਦਾ ਹੈ, ਜਿਥੇ ਉਹ ਸੋਚਦੇ ਹਨ ਕਿ ਜੀਵਨ ਫਿਰ ਵੀ ਚੰਗੇਰਾ ਸੀ। ਕਿਸੇ ਸਵਰਗ ਦਾ ਲਾਲਚ ਉਨ੍ਹਾਂ ਨੂੰ ਬੇਗ਼ਾਗਨੇ ਮੁਲਕ ਖਿੱਚ ਲਿਆਇਆ, ਪਰ ਏਥੇ ਆ ਕੇ ਮੋਹ ਭੰਗ ਹੋ ਗਿਆ। ਹੁਣ ਉਨ੍ਹਾਂ ਕੋਲ ਖੁਦ ਨੂੰ ਆਪਣਾ ਸ਼ੀਸ਼ਾ ਬਣਾ ਕੇ, ਇਸ ਨਾਲ ਦੁੱਖ-ਸੁੱਖ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ। ਦਰਅਸਲ, ਪਰਵਾਸੀ ਬੰਦੇ ਦੇ ਮੋਹ-ਭੰਗ ਦੀ ਸਥਿਤੀ ਨੂੰ ਹੀ ਪੇਸ਼ ਕਰਦੀ ਹੈ ਕਹਾਣੀ 'ਮੇਰਾ ਸ਼ੀਸ਼ਾ'।

- ਸੰਪਾਦਕ

ਜਾਣਦਿਆਂ ਵੀ ਕਿ ਸ਼ੀਸ਼ਾ ਕਿਸੇ ਇਕ ਦਾ ਨਹੀਂ ਹੁੰਦਾ - ਹੋ ਜਾਂਦੀ ਹਾਂ ਉਦਾਸ - ਜਦ ਵੀ ਇਸ ਸ਼ੀਸ਼ੇ 'ਚ ਤੱਕਦੀ ਹਾਂ। ਫੇਰ ਵੀ ਹੌਲੀ ਹੌਲੀ ਮੁਹੱਬਤ ਜਿਹੀ ਹੋ ਗਈ ਹੈ ਇਸ ਨਾਲ। ਰਾਤ ਦੀਆਂ ਰੋਸ਼ਨੀਆਂ ਤੇ ਮਸ਼ੀਨੀ ਸ਼ੋਰ ਵਿਚਲੀ ਚੁੱਪ - ਮੈਂ ਇਹਦੇ ਨਾਲ ਗੱਲਾਂ ਕਰਦੀ ਹਾਂ - ਤੜਕੇ ਦੀ ਸ਼ਿਫਟ ਦੇ ਕੁਛ ਫਾਇਦੇ ਤਾਂ ਹੁੰਦੇ ਹਨ।

ਆਪਣੇ ਟੱਬਰ ਬਾਰੇ ਆਪਣੀਆਂ ਸੋਚਾਂ ਇਹਨੂੰ ਦੱਸਦੀ ਹਾਂ - ਸਾਰਾ ਦਿਨ ਪੇਪਰ ਸਿੱਟਣ ਬਾਅਦ ਥੱਕਿਆ ਠੰਢੀ ਬੇਸਮਿੰਟ ਵਿਚ 'ਕੱਲਾ ਸੁੱਤਾ ਪਿਆ ਮੇਰਾ ਬੁੱਢਾ ਪਤੀ - ਨਿੱਤ ਤੜਕੇ ਚਾਰ ਵਜੇ ਤਕ ਟੈਕਸੀ ਵਾਹੁੰਦਾ ਮੇਰਾ ਪੁੱਤ - ਰੈਸਟੋਰੈਂਟ ਵਿਚੋਂ ਭਾਂਡੇ ਧੋ ਕੇ ਥੱਕੀ ਆਉਂਦੀ ਮੇਰੀ ਨੂੰਹ -ਜਿਹਦੇ 'ਚ ਘਰ ਦੇ ਭਾਂਡੇ ਧੋਣ ਦੀ ਹਿੰਮਤ ਨਹੀਂ ਰਹਿੰਦੀ - ਦਿਨ ਵੇਲੇ ਮੇਰੇ ਕੋਲ ਰਹਿਣ ਵਾਲੀ ਮਾੜਕੂ ਜਿਹੀ ਮੇਰੀ ਪੋਤੀ - ਜੋ ਨਿੱਤ ਮੇਰੀ ਨੀਂਦ ਦੀ ਦੁਸ਼ਮਣ ਬਣ ਜਾਂਦੀ ਹੈ।

ਮੇਰੇ ਤੇ ਬੜਾ ਹੀ ਦਿਆਲ ਹੁੰਦਾ ਹੈ ਕਦੀ ਕਦੀ ਇਹ ਸ਼ੀਸ਼ਾ। ਪਲ 'ਚ ਹੀ ਮੈਨੂੰ ਮੇਰੇ ਬਚਪਨ ਦੇ ਪਿੰਡ ਲੈ ਜਾਵੇ - ਵੇਹੜਿਆਂ ਵਾਲੇ ਚਨੁੱਕਰੇ ਘਰ - ਛੋਟੇ ਭਰਾ ਨੂੰ ਕੁੱਛੜ ਚੁੱਕੀ ਗੁੱਤ ਵਾਂਗੂੰ ਵਲ੍ਹ ਖਾਂਦੀਆਂ ਪਿੰਡ ਦੀਆਂ ਗਲੀਆਂ 'ਚ ਫਿਰਦੀ - ਪਿੱਪਲ ਥੱਲੇ, ਸਕੂਲ ਦੀ ਕੰਧ ਦੇ ਬਾਹਰ ਗੀਟੇ ਖੇਡਦੀ - ਕੰਧ ਦੇ ਦੂਜੇ ਪਾਸੇ ਮੇਰਾ ਵੱਡਾ ਭਰਾ ਪੜ੍ਹ ਰਿਹਾ ਹੁੰਦਾ - ਸਕੂਲ ਅੰਦਰੋਂ ਪਹਾੜਿਆਂ ਦੀ ਮੁਹਾਰਨੀ ਦੀ ਧੁਨ ਗੀਤਾਂ ਵਰਗੀ ਹੀ ਤਾਂ ਹੁੰਦੀ ਸੀ।

ਮੇਰੇ ਜੀਵਨ ਦੀਆਂ ਕੌੜੀਆਂ ਮਿੱਠੀਆਂ ਯਾਦਾਂ ਦਿਖਾਉਂਦਾ ਇਹ ਸ਼ੀਸ਼ਾ ਕਦੀ ਨਾ ਥੱਕੇ। ਅਕਸਰ ਮੈਂ ਹੀ ਰੋਕ ਦਿੰਦੀ ਹਾਂ ਇਸ ਨੂੰ - ਆਖਰ ਇਸ ਵਾਸ਼ਰੂਮ ਵਿਚ ਕਿੰਨਾ ਕੁ ਚਿਰ ਰੁਕ ਸਕਦੀ ਹਾਂ ਮੈਂ? ਤੜਕੇ ਦੀ ਸ਼ਿਫਟ ਵਾਲੇ ਬਾਸ ਨੂੰ ਜੇ ਆਫਿਸ ਵਿਚਲੇ ਛੋਟੇ ਸੋਫੇ 'ਤੇ ਨੀਂਦ ਨਾ ਆਵੇ - ਉਠ ਕੇ ਨਿਗਰਾਨੀ ਕਰਨ ਤੁਰ ਪੈਂਦਾ ਹੈ।

ਫਿਰ ਵੀ ਹਰ ਰਾਤ ਕੁਝ ਨਾ ਕੁਝ ਸਮਾਂ ਤਾਂ ਬਿਤਾ ਹੀ ਲੈਂਦੀ ਹਾਂ ਇਥੇ। ਕਮਰੇ 'ਚ ਆਉਂਦਿਆਂ ਹੀ ਪਹਿਲਾਂ ਟੁਆਲਿਟ ਸਾਫ ਕਰਾਂ - ਫੇਰ ਫਰਸ਼ ਚਮਕਾਵਾਂ - ਮਸ਼ੀਨ 'ਚ ਤੌਲੀਏ ਬਦਲਾਂ - ਟੁਆਲਿਟ ਪੇਪਰਾਂ ਦੇ ਨਵੇਂ ਰੋਲ ਕੀਲੀਆਂ 'ਚ ਅੜਾਵਾਂ - ਜਿੰਨਾ ਕੁ ਧੋਤਾ ਜਾ ਸਕਣ ਵਾਲਾ ਹੋਵੇ, ਕੰਧਾਂ 'ਤੇ ਲਿਖਿਆ ਧੋਵਾਂ। ਜੀਤੋ ਤਾਂ ਰੋਜ਼ ਹੀ ਖਫ਼ਾ ਰਹਿੰਦੀ ਹੈ ਇਨ੍ਹਾਂ ਲਿਖਤਾਂ ਤੋਂ। ਉਹ ਮੈਨੂੰ ਕਹਿੰਦੀ ਹੈ, "ਆਂਟ ਤੂੰ ਬੜੀ ਕਿਸਮਤ ਵਾਲੀ ਏਂ - ਤੋਬਾ ਤੋਬਾ - ਬੜਾ ਊਲ ਜਲੂਲ ਲਿਖਦੇ ਨੇ ਆਪਣੇ ਲੋਕਾਂ ਖਿਲਾਫ"।

ਫਿਰ ਸਭ ਤੋਂ ਅਖੀਰ ਮੈਂ ਆਪਣੇ ਸ਼ੀਸ਼ੇ ਨੂੰ ਸਾਫ ਕਰਾਂ - ਵਾਰ ਵਾਰ ਰਗੜਾਂ। ਜਿਵੇਂ ਇਸ ਤੋਂ ਉਹ ਸਾਰੇ ਚਿਹਰੇ ਲਾਹ ਰਹੀ ਹੋਵਾਂ - ਜੋ ਕੁਝ ਪਲਾਂ ਲਈ ਇਹਦੇ 'ਚ ਝਾਕ ਆਪਣੇ ਜਹਾਜ਼ਾਂ ਵਲ ਤੁਰ ਗਏ ਹੋਣਗੇ। ਕੌਣ ਜਾਣੇ ਉਹ ਕਿਥੋਂ ਆਏ ਸਨ? ਕਿੱਥੇ ਨੂੰ ਜਾਣਾ ਸੀ ਉਨ੍ਹਾਂ? ਕਿਸੇ ਕਿਸੇ ਰਾਤ ਮੇਰਾ ਵੀ ਦਿਲ ਕਰਦਾ ਹੈ ਇੰਝ ਹੀ ਕਰਾਂ - ਬੱਸ ਦੋ ਕੁ ਪਲ ਸ਼ੀਸ਼ੇ 'ਚ ਝਾਕਾਂ ਤੇ ਮੁੜ ਕੇ ਤੁਰ ਪਵਾਂ - ਕਦੀ ਵੀ ਵਾਪਸ ਨਾ ਪਰਤਣ ਲਈ। ਪਰ ਜਿੰਦੇ ਮੇਰੀਏ! ਹਵਾਈ ਅੱਡੇ 'ਤੇ ਕਿਤੇ ਤੁਰ ਜਾਣ ਲਈ ਹੀ ਤਾਂ ਨਹੀਂ ਆਉਂਦਾ ਹਰ ਕੋਈ।

ਮੈਂ ਮੁੜ ਮੁੜ ਰਗੜਾਂ ਇਸ ਨੂੰ - ਸਾਰੇ ਦਿਨ ਦੇ ਚਿਹਰੇ ਇਸ ਤੋਂ ਲਾਹਵਾਂ। ਇਸ ਦੇ ਸਾਫ ਹੋਣ ਦਾ ਝੱਟ ਪਤਾ ਲੱਗ ਜਾਂਦਾ ਹੈ ਮੈਨੂੰ - ਸਾਫ ਹੁੰਦਿਆਂ ਹੀ ਇਹ ਮੇਰੇ ਨਾਲ ਗੱਲੀਂ ਜੁਟ ਜਾਂਦਾ ਹੈ।

ਵਾਰ ਵਾਰ ਸ਼ੀਸ਼ੇ ਨੂੰ ਰਗੜਦਿਆਂ ਦੇਖ, ਉਹ ਨਵੀਂ ਕੁੜੀ ਬੜੀ ਹੈਰਾਨੀ ਹੋਈ ਉਸ ਦਿਨ। ਮੈਂ ਉਹਨੂੰ ਸੱਚ ਕਿਵੇਂ ਦੱਸ ਦਿੰਦੀ - ਕਿ ਇਸ ਤਰ੍ਹਾਂ ਮੈਂ ਸ਼ੀਸ਼ੇ ਨੂੰ ਗੱਲਾਂ ਕਰਨ ਲਾ ਲੈਂਦੀ ਹਾਂ। ਮੈਂ ਕਿਹਾ ਕੰਧਾਂ ਜਾਂ ਫਰਸ਼ਾਂ ਦੀ ਤਰ੍ਹਾਂ ਨਹੀਂ ਹੁੰਦੇ ਸ਼ੀਸ਼ੇ - ਖਾਸ ਤਵੱਜੋਂ ਦੀ ਲੋੜ ਹੈ ਇਨ੍ਹਾਂ ਨੂੰ - ਧੁੰਦਲੇ ਸ਼ੀਸ਼ੇ ਲੋਕਾਂ ਦੇ ਚਿਹਰੇ ਧੁੰਦਲਾ ਦਿੰਦੇ ਹਨ - ਤੇ ਬਾਹਰਲੇ ਧੁੰਦਲੇਪਨ ਤੋਂ ਬੜੇ ਖਫ਼ਾ ਹੁੰਦੇ ਨੇ ਲੋਕ।

ਦੂਜੀ ਰਾਤ ਮੈਂ ਤੇ ਮੇਰਾ ਸ਼ੀਸ਼ਾ ਬਹੁਤ ਹੱਸੇ ਉਸ ਨਵੀਂ ਕੁੜੀ 'ਤੇ। ਅਸੀਂ ਕਿਹਾ, ਹੌਲੀ ਹੌਲੀ 'ਯੂਜ਼ ਟੂ' ਹੋ ਜਾਵੇਗੀ - ਉਹ ਵੀ ਆਪਣਾ ਕੋਈ ਸ਼ੀਸ਼ਾ ਲੱਭ ਲਵੇਗੀ - ਸਾਫ ਕਰਨੇ ਨੂੰ - ਤੇ ਆਪਣੇ ਸੱਜਰੇ ਵਿਆਹ ਬਾਰੇ ਗੱਲਾਂ ਕਰਨੇ ਨੂੰ - ਤੜਕੇ ਦੀ ਸ਼ਿਫਟ ਵਿਚ ਗੱਲਾਂ ਕਰਨੇ ਨੂੰ ਕੀਹਦਾ ਦਿਲ ਨਹੀਂ ਕਰਦਾ - ਮਸ਼ੀਨਾਂ ਦੇ ਕੰਨ ਪਾੜਵੇਂ ਸ਼ੋਰ ਦੇ ਬਾਵਜੂਦ ਹਰ ਪਾਸੇ ਇਕ ਭਿਅੰਕਰ ਚੁੱਪ ਹੁੰਦੀ ਹੈ - ਐਵੇਂ ਤਾਂ ਨਈਂ ਗੋਰੇ ਇਹਨੂੰ ਗਰੇਵਯਾਰਡ ਸ਼ਿਫਟ ਕਹਿੰਦੇ। ਅਸੀਂ ਅਕਸਰ ਇੱਦਾਂ ਦੀਆਂ ਗੱਲਾਂ ਕਰਦੇ ਰਹਿੰਦੇ ਹਾਂ। ਮੈਂ ਸੋਚਦੀ ਹਾਂ ਵਿਚਾਰੇ ਸ਼ੀਸ਼ੇ ਨਾਲ ਹੋਰ ਕੌਣ ਗੱਲਾਂ ਕਰੇਗਾ?

ਮੇਰਾ ਇਹ ਸ਼ੀਸ਼ਾ ਲੋਕਾਂ ਵਰਗਾ ਨਹੀਂ - ਮੈਨੂੰ ਕੁਛ ਵੀ ਕਹਿਣਾ ਜਾਂ ਕਰਨਾ ਨਹੀਂ ਪੈਂਦਾ ਇਹਨੂੰ ਖੁਸ਼ ਕਰਨੇ ਲਈ। ਬੱਸ ਇਕੱਲਾ ਇਹੀ ਹੈ ਦੁਨੀਆ ਵਿਚ - ਜੋ ਮੇਰੀ ਮਰਜ਼ੀ ਮੁਤਾਬਕ ਸਭ ਕੁਝ ਕਰੇ। ਮੇਰੇ 'ਤੇ ਰੋਅਬ ਨਹੀਂ ਪਾਉਂਦਾ - ਨਾ ਹੀ ਮੇਰੇ ਜਜ਼ਬਿਆਂ ਨੂੰ ਦਬਾਉਂਦਾ ਹੈ - ਮੇਰੇ ਪਤੀ ਨਾਲੋਂ ਬਹੁਤ ਵੱਖਰਾ ਹੈ ਇਹ। ਪਰ ਹੁਣ ਤਾਂ ਉਹ ਵੀ ਬੁੱਢਾ ਹੋ ਗਿਆ ਹੈ - ਮੇਰਾ ਪਤੀ - ਸਦਾ ਥੱਕਿਆ ਹੀ ਰਹਿੰਦਾ ਹੈ ਹੁਣ ਤਾਂ। ਕਦੀ ਕਦੀ ਉਹ ਮੈਨੂੰ ਕਹਿੰਦਾ ਹੈ - 'ਭਾਗਵਾਨੇ, ਕਿਹੀ ਕਿਸਮਤ ਲਿਖਾਈ ਹੈ ਆਪਾਂ ਵੀ - ਇਥੇ ਆਉਣ ਦੀ ਕਿੰਨੇ ਵਰ੍ਹੇ ਕਰਦੇ ਰਹੇ ਉਡੀਕ - ਆਸ ਨਾਲ ਕਿ ਬੁਢਾਪੇ 'ਚ ਥੋੜਾ ਆਰਾਮ ਕਰਾਂਗੇ - ਦੇਖ ਜਰਾ ਆਪਣੀ ਵੱਲਾਂ - ਤੂੰ ਲੋਕਾਂ ਦੇ ਵਾਸ਼ਰੂਮ ਸਾਫ ਕਰਦੀ ਏਂ, ਮੈਂ ਦਰ ਦਰ ਪੇਪਰ ਵੰਡਦਾ ਹਾਂ - ਲੋਕ ਘਾਹ 'ਤੇ ਪੈਰ ਰੱਖਣ ਬਦਲੇ ਬੇਇੱਜ਼ਤੀ ਕਰਦੇ ਹਨ - ਘਾਹ ਜਿਹੜਾ ਉਹ ਕੱਟ ਕੇ ਕੂੜੇ 'ਚ ਸੁੱਟ ਦਿੰਦੇ ਹਨ ਉੱਝ ਹੀ -ਉਹ ਇਸ ਤਰ੍ਹਾਂ ਤੜਪਣ - ਜਿਵੇਂ ਮੈਂ ਉਨ੍ਹਾਂ ਦਾ ਘਾਹ ਭਿੱਟ ਰਿਹਾ ਹੋਵਾਂ - ਬਿਲਕੁਲ ਮੇਰੀ ਮਾਂ ਵਾਂਗ - ਉਹ ਵੀ ਕੰਮੀਆਂ ਦੀ ਸੀਬੋ ਤੋਂ - ਚੌਂਕੇ ਕੋਲ ਆਉਣ 'ਤੇ ਇੰਝ ਹੀ ਘਬਰਾਅ ਜਾਂਦੀ ਸੀ - ਮੈਨੂੰ ਹੁਣ ਸਮਝ ਲੱਗੀ ਹੈ - ਸੀਬੋ ਦਾ ਨਿੱਕਾ ਮੁੰਡਾ ਇਸ ਗੱਲੋਂ ਕਿਉਂ ਖਿਝਦਾ ਹੁੰਦਾ ਸੀ।"

'ਹਾਂ! ਬੜੇ ਸੋਹਣੇ ਸਵਰਗ 'ਚ ਲਿਆਇਆ ਹੈ ਆਪਣਾ ਪੁੱਤ ਆਪਾਂ ਨੂੰ' - ਮੈਂ ਜਵਾਬ ਦਿੰਦੀ ਹਾਂ। ਇਹੋ ਜਿਹਾ ਸਭ ਕੁਛ ਮੈਂ ਆਪਣੇ ਸ਼ੀਸ਼ੇ ਨੂੰ ਦੱਸਦੀ ਹਾਂ ਤੇ ਉਹ ਬਾਤ ਸੁਣਦੇ ਬੱਚੇ ਵਾਂਗ ਨੀਝ ਨਾਲ ਸੁਣਦਾ ਹੈ।

ਕਦੀ ਕਦੀ ਮੈਂ ਇਸ ਕੋਲ ਆ ਕੇ ਕਹਿੰਦੀ ਹਾਂ - ਬੁੱਢੀ ਉਮਰੇ -ਇਸ ਅਨਜਾਣੇ ਦੇਸ਼ ਵਿਚ - ਬਾਤ ਬਿਨਾਂ ਕੌਣ ਦੇਵੇ ਰੁਜ਼ਗਾਰ - ਦੂਰ ਦੇ ਰਿਸ਼ਤੇ 'ਚੋਂ ਲਗਦੇ ਭਤੀਜੇ ਨੇ ਦੁਆ ਦਿਤਾ ਹੈ ਕੰਮ - ਰੱਬੋਂ ਮਿਲੀ ਨਿਹਮਤ ਹੈ ਇਹ ਤਾਂ - ਪੁੱਤ ਦੀ ਮੌਰਗੇਜ ਚਲਦੀ ਹੈ ਇਸ ਨਾਲ - ਨੂੰਹ ਵੀ ਇੱਜ਼ਤ ਨਾਲ ਬੁਲਾਵੇ - ਮੈਂ ਤੇ ਮੇਰਾ ਪਤੀ ਪਿੰਡ ਫੇਰਾ ਮਾਰਨ ਦੀ ਸੋਚ ਰਹੇ ਹਾਂ - ਮੈਂ ਆਪਣੀ ਭੈਣ ਦੇ ਨਿਆਣਿਆਂ ਲਈ ਬੜੀਆਂ ਚੀਜ਼ਾਂ ਲੈ ਕੇ ਜਾਵਾਂਗੀ - ਪਿਛਲੀ ਵੀਕੇ ਮੇਨ ਤੋਂ ਆਪਣੇ ਲਈ ਇਕ ਨਵਾਂ ਸੂਟ ਖਰੀਦਿਆ ਹੈ ਮੈਂ - ਕਦੀ ਨਹੀਂ ਸਾਂ ਕਰ ਸਕਦੀ ਇੰਝ ਪਹਿਲਾਂ - ਇਸ ਕੰਮ ਨੇ ਤਾਂ ਇਕ ਨਵਾਂ ਜੀਵਨ ਬਖਸ਼ਿਆ ਹੈ ਮੈਨੂੰ - ਕਿੰਨੀ ਕਿਸਮਤ ਵਾਲੀ ਹਾਂ?

ਤੇ ਮੇਰਾ ਸ਼ੀਸ਼ਾ ਜਵਾਬ ਵਿਚ ਬੱਸ ਮਿੰਨ੍ਹਾ ਜਿਹਾ ਮੁਸਕਰਾ ਦਿੰਦਾ ਹੈ - ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮੈਂ ਅੰਦਰੋਂ ਮਹਿਸੂਸ ਕਰਦੀ ਹਾਂ ਤੇ ਕਦੀ ਕਦੀ ਮੈਂ ਆ ਕੇ ਬੜੀਆਂ ਸ਼ਿਕਾਇਤਾਂ ਲਾਉਂਦੀ ਹਾਂ। ਇਹ ਬਿਨਾਂ ਕੋਈ ਰਾਏ ਦਿੱਤਿਆਂ ਸੁਣਦਾ ਰਹਿੰਦਾ ਹੈ - ਬੜਾ ਹੀ ਚੰਗਾ ਹੈ ਇਹ ਸ਼ੀਸ਼ਾ। ਮੈਂ ਇਹਨੂੰ ਕਹਿੰਦੀ ਹਾਂ : ਬੁੱਢੀ ਉਮਰੇ - ਇਸ ਬਿਗਾਨੇ ਦੇਸ਼ - ਗੁਲਾਮਾਂ ਦੀ ਤਰ੍ਹਾਂ ਕੰਮ ਕਰਾਂ - ਐਸ਼ਟਰੇਆਂ ਸਾਫ ਕਰਾਂ - ਫਰਸ਼ਾਂ ਰਗੜਾਂ - ਕੂੜੇ ਵਾਲੇ ਢੋਲ ਖਾਲੀ ਕਰਾਂ। ਇਹ ਕੂੜੇ ਵਾਲੇ ਢੋਲ ਵੀ ਅਜੀਬ ਹਨ - ਹਰ ਰਾਤ ਹੀ ਇਨ੍ਹਾਂ ਢੋਲਾਂ ਵਿਚ ਇੰਨਾ ਨਵਾਂ ਕੂੜਾ ਉਗ ਆਉਂਦਾ ਹੈ - ਜਿੰਨੀਆਂ ਕਦੀ ਸਾਡੀਆਂ ਫਸਲਾਂ ਵੀ ਨਹੀਂ ਸੀ ਹੋਈਆਂ। ਅਜੀਬ ਦੇਸ਼ ਹੈ ਇਹ - ਜਿਥੇ ਇੰਝ ਕੂੜੇ ਦੀਆਂ ਫਸਲਾਂ ਉਗਦੀਆਂ ਹਨ। ਮੈਂ ਤੇ ਮੇਰਾ ਸ਼ੀਸ਼ਾ ਕਦੀ ਕਦੀ ਬੜੇ ਹੱਸਦੇ ਹਾਂ ਇਸਤੇ। ਮੈਂ ਸ਼ੀਸ਼ੇ ਨੂੰ ਦੱਸਦੀ ਹਾਂ: ਸਾਰੀ ਉਮਰ ਖੇਤਾਂ ਵਿਚ ਲੰਘੀ ਹੈ ਮੇਰੀ - ਮੈਂ ਬੀਜ ਬੀਜੇ ਹਨ - ਉਨ੍ਹਾਂ ਨੂੰ ਵਧਦਿਆਂ ਦੇਖਿਆ ਹੈ - ਅਨਾਜ ਬਣਦਿਆਂ ਦੇਖਿਆ ਹੈ - ਉਹ ਕੰਮ ਸੀ ਜਿਹਦੇ ਨਾਲ ਮਨ ਨੂੰ ਖੁਸ਼ੀ ਹੁੰਦੀ ਸੀ - ਇਥੇ ਮੈਂ ਉਨ੍ਹਾਂ ਢੋਲਾਂ ਨਾਲ ਕੰਮ ਕਰਦੀ ਹਾਂ - ਜਿਹੜੇ ਕੂੜਾ ਉਗਾਉਂਦੇ ਹਨ। ਉਦਾਸ ਮੈਂ ਆਪਣੇ ਸ਼ੀਸ਼ੇ ਤੋਂ ਪੁੱਛਦੀ ਹਾਂ - ਉਮਰ ਦੇ ਆਖਰੀ ਵਰ੍ਹੇ ਕੀ ਇਸ ਤਰ੍ਹਾਂ ਬਿਤਾਏ ਜਾਂਦੇ ਹਨ?

ਤੇ ਜਵਾਬ ਵਿਚ ਮੇਰਾ ਸ਼ੀਸ਼ਾ ਬੱਸ ਉਦਾਸ ਨਜ਼ਰ ਆਉਂਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮੈਂ ਅੰਦਰੋਂ ਮਹਿਸੂਸ ਕਰਦੀ ਹਾਂ।

ਕਦੀ ਕਦੀ ਮੈਂ ਇਸ ਸ਼ੀਸ਼ੇ ਨੂੰ ਬੜੀ ਮੁਹੱਬਤ ਕਰਨ ਲੱਗਦੀ ਹਾਂ - ਤੇ ਭੁੱਲ ਜਾਂਦੀ ਹਾਂ - ਅਕਸਰ ਨੂੰ ਬੰਦੇ ਦਾ ਅਕਸ ਹੀ ਤਾਂ ਹੈ ਸ਼ੀਸ਼ਾ - ਇਹ ਕਿਉਂ ਕਿਸੇ ਦਾ ਹੋ ਜਾਵੇਗਾ? ਤੇ ਉਦਾਸ ਹੋ ਜਾਂਦੀ ਹਾਂ ਕਿ ਇਹ ਸ਼ੀਸ਼ਾ ਮੇਰਾ ਨਹੀਂ ਹੈ।

# ਪਾਬਲੋ ਨੇਰੂਦਾ ਦਾ ਪ੍ਰਿਥਵੀ 'ਤੇ ਆਵਾਸ

ਜਦੋਂ ਪਾਬਲੋ ਨੇਰੂਦਾ ਨੂੰ ਨੋਬਲ ਪੁਰਸਕਾਰ ਨਹੀਂ ਮਿਲਿਆ ਸੀ, ਉਨ੍ਹਾਂ ਦੀ ਅੰਗਰੇਜ਼ੀ ਤੋਂ ਅਨੁਵਾਦਤ ਇਕ ਮੁਲਾਕਾਤ ਡਾ. ਨਾਮਵਰ ਸਿੰਘ ਦੁਆਰਾ ਸੰਪਾਦਤ 'ਆਲੋਚਨਾ' ਵਿਚ ਕਈ ਦਹਾਕੇ ਪਹਿਲਾਂ ਛਪੀ ਸੀ। ਇਹ ਮੁਲਾਕਾਤ ਬੇਹੱਦ ਦਿਲਚਸਪ ਸੀ। ਇਸ ਪ੍ਰਸ਼ਨ ਦੇ ਉੱਤਰ ਵਿਚ ਕਿ ਜੇਕਰ ਤੁਹਾਡੇ ਘਰ ਵਿਚ ਅੱਗ ਲਗ ਜਾਵੇ, ਤਾਂ ਤੁਸੀਂ ਕੀ ਬਚਾਉਣਾ ਚਾਹੋਗੇ? ਨੇਰੂਦਾ ਨੇ ਕਿਹਾ ਸੀ, "ਬਸ ਕੁਝ ਡਿਟੈਕਟਿਵ (ਜਾਸੂਸੀ) ਉਪਨਿਆਸ।" ਦੂਸਰਾ ਪ੍ਰਸ਼ਨ ਸੀ, 'ਜੇਕਰ ਤੁਹਾਨੂੰ ਨੋਬਲ ਪੁਰਸਕਾਰ ਮਿਲੇ ਤਾਂ ਤੁਸੀਂ ਕਿਵੇਂ ਮਹਿਸੂਸ ਕਰੋਗੇ?' ਨੇਰੂਦਾ ਨੇ ਕਿਹਾ ਸੀ, "ਜੋ ਸਾਡੇ ਸਾਹਮਣੇ ਨਹੀਂ ਹੈ, ਉਸ ਉਪਰ ਕਾਹਦੀ ਪ੍ਰਤੀਕਿਰਿਆ?" ਪਰ ਪ੍ਰਸ਼ਨਕਰਤਾ ਢੀਠ ਸੀ, ਪਲਟ ਕੇ ਫਿਰ ਉਸ ਨੇ ਪੁੱਛਿਆ, 'ਮੰਨ ਲਓ, ਇਸ ਮੇਜ਼ ਉਪਰ ਪੁਰਸਕਾਰ ਰੱਖਿਆ ਹੋਇਆ ਹੈ, ਤਾਂ ਤੁਸੀਂ ਕੀ ਕਰੋਗੇ?' ਨੇਰੂਦਾ ਦਾ ਉਤਰ ਸੀ, 'ਤਦ ਮੈਂ ਮੇਜ਼ ਬਦਲ ਦੇਵਾਂਗਾ।' ਵਿਡੰਬਨਾ ਇਹ ਹੈ ਕਿ 1917 ਵਿਚ ਜਦ ਉਨ੍ਹਾਂ ਨੂੰ ਨੋਬਲ ਪੁਰਸਕਾਰ ਮਿਲਿਆ, ਨਾ ਕੇਵਲ ਇਸ ਨੂੰ ਉਨ੍ਹਾਂ ਨੇ ਸਵੀਕਾਰ ਹੀ ਕੀਤਾ, ਬਲਕਿ ਇਸ ਮੌਕੇ 'ਤੇ ਵਿਚਾਰ ਉਤੇਜਕ ਭਾਸ਼ਣ ਵੀ ਦਿਤਾ। ਅਜਿਹੇ ਸਨ ਸਾਡੇ ਪਾਬਲੋ ਨੇਰੂਦਾ।

ਮੱਧ ਚਿੱਲੀ ਦੇ ਇਕ ਛੋਟੇ ਜਿਹੇ ਸ਼ਹਿਰ ਪਰਾਲ ਵਿਚ 12 ਜੁਲਾਈ 1904 ਨੂੰ ਜਨਮੇ ਪਾਬਲੋ ਨੇਰੂਦਾ ਦਾ ਮੂਲ ਨਾਮ ਸੀ, ਨੇਫਤਾਲੀ ਰਿਕਾਰਡੋ ਰੇਡਸ ਬਾਸੋਲਤਾ। ਉਨ੍ਹਾਂ ਦੇ ਪਿਤਾ ਰੇਲਵੇ ਰਨਿੰਗ ਸਟਾਫ ਤਿਹੀ ਦੀ ਟਰੇਨ ਵਿਚ ਕੰਡਕਟਰ ਸਨ ਅਤੇ ਮਾਂ ਸਕੂਲ ਅਧਿਆਪਕਾ। 10 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ। ਆਪਣੇ ਪ੍ਰਥਮ ਸਾਹਿਤਕ ਲੇਖਨ ਬਾਰੇ ਨੇਰੂਦਾ ਨੇ ਲਿਖਿਆ ਹੈ,- ਉਹ ਸ਼ਾਇਦ ਪ੍ਰੇਮ ਪੱਤਰ ਸਨ, ਜੋ ਉਨ੍ਹਾਂ ਨੇ ਸਕੂਲ ਦੇ ਇਕ ਲੜਕੇ ਦੇ ਕਹਿਣ 'ਤੇ ਇਕ ਲੁਹਾਰ ਦੀ ਧੀ ਬਲਾਂਕਾ ਵਿਲਸਨ ਨੂੰ ਲਿਖੇ ਸਨ।- ਬਾਰਾਂ ਸਾਲ ਦੀ ਉਮਰ ਵਿਚ ਨੇਰੂਦਾ ਦੀ ਮੁਲਾਕਾਤ ਚਿਲੀ ਦੀ ਕਵਿਤਰੀ ਗੈਬਰੀਲਾ ਮਿਸਤਰਿਆਲ ਨਾਲ ਹੋਈ, ਜਿਸ ਨੂੰ ਬਾਅਦ ਵਿਚ ਨੋਬਲ ਪੁਰਸਕਾਰ ਵੀ ਮਿਲਿਆ ਸੀ। ਨੇਰੂਦਾ ਦੀ ਸਾਹਿਤਕ ਪਿੱਠਭੂਮੀ ਦੇ ਨਿਰਮਾਣ ਵਿਚ ਮਿਸਤਰਿਆਲ ਦੀ ਵੱਡੀ ਭੂਮਿਕਾ ਹੈ, ਕਿਉਂਕਿ ਉਨ੍ਹਾਂ ਦੁਆਰਾ ਤਾਲਸਤਾਏ, ਦੋਸਤੋਵਸਕੀ ਅਤੇ ਚੈਖਵ ਦੀਆਂ ਦਿੱਤੀਆਂ ਗਈਆਂ ਪੁਸਤਕਾਂ ਨੇ ਉਨ੍ਹਾਂ (ਨੇਰੂਦਾ) ਨੂੰ ਸਾਹਿਤਕ ਸੰਸਕਾਰ ਦਿਤੇ। ਨੇਰੂਦਾ ਦੀ ਪਹਿਲੀ ਸਾਹਿਤਕ ਰਚਨਾ 18 ਜੁਲਾਈ, 1917 ਦੇ 'ਲਾ ਮਨਾਨਾ' ਨਾਮ ਦੇ ਪੱਤਰ ਵਿਚ ਪ੍ਰਕਾਸ਼ਿਤ ਹੋਈ। ਨੇਰੂਦਾ ਦੀਆਂ ਕਵਿਤਾਵਾਂ ਦਾ ਪਹਿਲਾ ਸੰਕਲਨ ਛਰਏਪੁਸਚੁਲਅਰੀਂ ਨਾਂ ਹੇਠ ਪ੍ਰਕਾਸ਼ਿਤ ਹੋਇਆ। ਆਪਣੀ ਇਸ ਕਿਤਾਬ ਨੂੰ ਪ੍ਰਕਾਸ਼ਿਤ ਕਰਾਉਣ ਲਈ ਉਨ੍ਹਾਂ ਨੂੰ ਆਪਣਾ ਕੁਝ ਫਰਨੀਚਰ ਵੀ ਵੇਚਣਾ ਪਿਆ। ਨੇਰੂਦਾ ਦਾ ਦੂਜਾ ਸੰਕਲਨ, 'ਪ੍ਰੇਮ ਦੀਆਂ ਵੀਹ ਕਵਿਤਾਵਾਂ ਅਤੇ ਵਿਸ਼ਾਦ ਦਾ ਇਕ ਗੀਤ' 1927 ਵਿਚ ਪ੍ਰਕਾਸ਼ਿਤ ਹੋਇਆ, ਜਿਸ ਨਾਲ ਸਪੈਨਿਸ਼ ਕਵਿਤਾ ਦੀ ਦੁਨੀਆ ਵਿਚ ਉਹ ਇਕ ਵਿਸ਼ਵ ਪ੍ਰਸਿੱਧ ਕਵੀ ਮੰਨੇ ਜਾਣ ਲੱਗੇ।

1933 ਵਿਚ ਜਦ ਅਰਜਨਟਾਈਨਾ ਵਿਚ ਚਿਲੀ ਕੌਂਸਲ ਪਦ ਉਪਰ ਉਨ੍ਹਾਂ ਦੀ ਨਿਯੁਕਤੀ ਹੋਈ ਤਾਂ ਉਸ ਦੀ ਰਾਜਧਾਨੀ ਬਿਊਨੋਸ ਆਈਸਰ ਵਿਚ ਉਨ੍ਹਾਂ ਦੀ ਮੁਲਾਕਾਤ ਪ੍ਰਸਿੱਧ ਸਪੇਨਿਸ਼ ਕਵੀ ਫੇਡਰਿਕੋ ਗਾਰਸੀਆ ਲੋਰਕਾ ਨਾਲ ਹੋਈ ਸੀ। ਬਲਕਿ 19 ਜੁਲਾਈ 1936 ਨੂੰ ਕਵੀ ਲੋਰਕਾ ਦੀ ਹੱਤਿਆ ਕਰ ਦਿਤੀ ਗਈ ਸੀ।

ਨੇਰੂਦਾ ਨੂੰ ਫਰਾਂਸ ਮਿਸ਼ਨ 'ਤੇ ਭੇਜਦੇ ਹੋਏ ਇਹ ਜ਼ਿੰਮਾ ਦਿਤਾ ਗਿਆ ਸੀ ਕਿ ਉਹ ਫਰਾਂਸ ਦੀ ਜੇਲ੍ਹ ਵਿਚ ਬੰਦ ਸਪੇਨਵਾਸੀਆਂ ਨੂੰ ਛੁਡਾ ਕੇ ਉਨ੍ਹਾਂ ਨੂੰ ਚਿਲੀ ਲਈ ਰਵਾਨਾ ਕਰਨ। ਸਪੇਨੀ ਪ੍ਰਵਾਸੀਆਂ ਦੇ ਨਿਗਰਾਨ ਕੌਂਸਲ ਦੇ ਪਦ ਉਪਰ ਨਿਯੁਕਤੀ ਦੇ ਬਾਅਦ ਨੇਰੂਦਾ ਇਕ ਵਾਰ ਫਿਰ ਪੈਰਿਸ ਪਹੁੰਚ ਗਏ। ਬਾਅਦ ਵਿਚ ਉਹ ਮੈਕਸੀਕੋ ਵਿਚ ਕੌਂਸਲਰ ਪਦ ਉਪਰ ਵੀ ਨਿਯੁਕਤ ਰਹੇ। ਚਿਲੀ ਦੀ ਵਿਆਪਕ ਯਾਤਰਾ ਨੇ ਨਾ ਕੇਵਲ ਆਪਣੇ ਦੇਸ਼ ਨੂੰ ਜਾਣਨ ਦਾ ਅਵਸਰ ਦਿਤਾ, ਬਲਕਿ ਇਹ ਨੇਰੂਦਾ ਦੇ ਲਈ ਖੁਦ ਆਪਣੇ ਦੇਸ਼ ਦੀ ਫਿਰ ਤੋਂ ਖੋਜ ਕਰਨ ਵਰਗਾ ਅਨੁਭਵ ਸੀ। 'ਮਾਚੂ ਪਿਚੂ ਦੇ ਸਿਖਰ' ਵਰਗੀ ਕਵਿਤਾ ਇਸ ਅਨੁਭਵ ਦੀ ਸਿਖਰ ਹੈ।

ਕਿਉਂਕਿ ਨੇਰੂਦਾ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਬਲ ਸਮਰਥਕ ਸਨ ਅਤੇ ਵਿਸ਼ਵ ਦੇ ਸਮਾਜਵਾਦੀ ਦੇਸ਼ਾਂ ਨਾਲ ਉਨ੍ਹਾਂ ਦਾ ਜੀਵੰਤ ਸੰਪਰਕ ਸੀ, ਇਸ ਲਈ ਵੀ ਚਿਲੀ ਵਿਚ ਸੱਜੇਪੱਖੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਸਰਕਾਰੀ ਦਮਨ ਵਧਿਆ ਅਤੇ ਉਸੇ ਅਨੁਪਾਤ ਵਿਚ ਨੇਰੂਦਾ ਦੇ ਭਾਸ਼ਣਾਂ ਦਾ ਹਮਲਾਵਰ ਰੁੱਖ ਵੀ। ਦੇਸ਼ ਤੋਂ ਜਲਾਵਤਨ ਨੇਰੂਦਾ ਹੁਣ ਵਿਸ਼ਵ ਨਾਗਰਿਕ ਸਨ। ਪੈਰਿਸ ਵਿਚ ਉਹ ਗੁਪਤਵਾਸ ਸਨ, ਲੇਕਿਨ ਹੁਣ ਉਨ੍ਹਾਂ ਸਾਹਮਣੇ ਅਸਲੀ ਮਸੱਸਿਆ ਆਪਣੀ ਪਛਾਣ ਨੂੰ ਛੁਪਾਉਣ ਦੀ ਨਹੀਂ, ਬਲਕਿ ਉਸ ਨੂੰ ਫਿਰ ਤੋਂ ਪਾਉਣ ਦੀ ਹੋ ਗਈ ਸੀ। ਇਥੇ ਵਿਸ਼ਵ ਪ੍ਰਸਿੱਧ ਚਿੱਤਰਕਾਰ ਪਿਕਾਸੋ ਉਨ੍ਹਾਂ ਦੀ ਮਦਦ ਲਈ ਆਏ। ਮਾਸਕੋ ਦੀ ਯਾਤਰਾ ਦੌਰਾਨ ਉਨ੍ਹਾਂ ਦੀ ਮੁਲਾਕਾਤ ਤੁਰਕੀ ਕਵੀ ਨਾਜ਼ਿਮ ਹਿਕਮਤ ਨਾਲ ਹੋਈ।

ਜੇਕਰ ਨੇਰੂਦਾ ਦੀਆਂ ਕਵਿਤਾਵਾਂ ਵਿਚ ਇੰਦਰ ਧਨੁੱਖ ਦੀ ਤਰ੍ਹਾਂ ਵੱਖ ਵੱਖ ਰੰਗ ਹਨ ਤਾਂ ਇਸ ਦੇ ਪਿੱਛੇ ਉਨ੍ਹਾਂ ਦੀ ਜਲਾਵਤਨੀ ਅਤੇ ਦੇਸ਼ ਵਿਦੇਸ਼ ਦੀਆਂ ਯਾਤਰਾਵਾਂ ਦੇ ਅਨੁਭਵ ਹਨ। ਨੇਰੂਦਾ ਲਈ ਕਵਿਤਾ ਕੋਈ ਸ਼ੌਕ ਦੀ ਚੀਜ਼ ਨਹੀਂ ਸੀ ਬਲਕਿ ਕਵਿਤਾ ਉਨ੍ਹਾਂ ਲਈ ਜ਼ਿੰਦਗੀ ਦਾ ਹੀ ਦੂਜਾ ਨਾਂ ਸੀ। ਉਨ੍ਹਾਂ ਦੀਆਂ ਯਾਦਾਂ 'ਕਵਿਤਾ ਇਕ ਪੇਸ਼ਾ ਹੈ' ਵਿਚ ਅੰਕਿਤ ਹਨ। 1971 ਵਿਚ ਨੇਰੂਦਾ ਨੂੰ ਸਾਹਿਤ ਦਾ ਨੋਬਲ ਇਨਾਮ ਦਿਤੇ ਜਾਣ ਮੌਕੇ ਪੱਤਰਕਾਰਾਂ ਦੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ, 'ਮੇਰੀ ਹਾਬੀ ਸੰਖ ਅਤੇ ਸਿੱਪੀਆਂ, ਪੁਰਾਣੀਆਂ ਕਿਤਾਬਾਂ, ਪੁਰਾਣੀਆਂ ਜੁੱਤੀਆਂ ਹਨ। ਪੈਰਿਸ ਵਿਚ ਮੈਨੂੰ ਕੂਟਨੀਤਕ, ਕਵੀ ਅਤੇ ਸਮਾਜਵਾਦ ਦੇ ਕਾਕਟੇਲ ਵਰਗਾ ਅਨੁਭਵ ਹੁੰਦਾ ਹੈ।' ਕਿਸੇ ਨੇ ਉਨ੍ਹਾਂ ਨੂੰ ਪੁੱਛਿਆ ਸਭ ਤੋਂ ਸੁੰਦਰ ਕਿਹੜਾ ਸ਼ਬਦ? ਉਨ੍ਹਾਂ ਨੇ ਕਿਹਾ, 'ਉਹ ਸ਼ਬਦ ਹੈ ਪ੍ਰੇਮ।' ਨੇਰੂਦਾ ਦੀ ਕਵਿਤਾ ਦੀ ਉਚਾਈ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਹ ਅੱਜ ਦੇ ਸਮੇਂ ਵਿਚ ਵਿਸ਼ਵ ਦੇ ਸਭ ਤੋਂ ਹਰਮਨ ਪਿਆਰੇ ਅਤੇ ਸਭ ਤੋਂ ਜ਼ਿਆਦਾ ਪੜ੍ਹੇ ਜਾਣ ਵਾਲੇ ਕਵੀ ਹਨ। 23 ਸਤੰਬਰ, 1973 ਦੀ ਰਾਤ ਦੇ ਸਾਢੇ 10 ਵਜੇ ਜਦੋਂ ਉਨ੍ਹਾਂ ਦੀ ਮੌਤ ਹੋਈ ਤਾਂ ਕਰਫਿਊ ਦੇ ਬਾਵਜੂਦ ਪੂਰਾ ਦੇਸ਼ ਸੜਕ ਉਪਰ ਆ ਗਿਆ ਸੀ।

(ਨਵੀਂ ਦੁਨੀਆ ਬਿਊਰੋ)

# ਸੰਵੇਦਨਾ ਦੇ ਪਰਾਂ ਨੂੰ ਬਚਾਉਣ ਦੀ ਲੋੜ

ਕਮਲ ਦੁਸਾਂਝ
ਮੋਬਾ : +91-97813-60020



ਦੁਨੀਆ ਦੀ ਇਸ ਮੰਡੀ ਵਿਚ ਰਿਸ਼ਤੇ ਵੀ ਹੌਲੇ ਹੁੰਦੇ ਜਾ ਰਹੇ ਹਨ। ਬਾਜ਼ਾਰੀਕਰਨ ਨੇ ਮਨੁੱਖੀ ਸੰਵੇਦਨਾਵਾਂ ਦਾ ਇਕ ਤਰ੍ਹਾਂ ਨਾਲ ਕਤਲ ਹੀ ਕਰ ਦਿੱਤਾ ਹੈ। ਅਸੀਂ ਆਪਣੇ ਆਲੇ-ਦੁਆਲੇ ਵਿਚ ਹੋ ਵਾਪਰ ਰਹੇ ਨੂੰ ਮੂਕ ਦਰਸ਼ਕ ਬਣ ਕੇ ਦੇਖ ਰਹੇ ਹਾਂ ਜਾਂ ਨਜ਼ਰਅੰਦਾਜ਼ ਕਰ ਰਹੇ ਹਾਂ। ਬੱਚਿਆਂ ਨੂੰ ਹਰ ਚੀਜ਼ ਮੁਹੱਈਆ ਕਰਾਉਣੀ ਹੀ ਮਾਪਿਆਂ ਦੀ ਜ਼ਿੰਮੇਵਾਰੀ ਨਹੀਂ ਹੁੰਦੀ ਬਲਕਿ ਉਨ੍ਹਾਂ ਵਿਚ ਸੰਸਕਾਰਾਂ ਦਾ ਪਸਾਰ ਕਰਨਾ ਹੁੰਦਾ ਹੈ ਤੇ ਅੱਜ ਦੇ ਸਮੇਂ ਵਿਚ ਇਹ ਹੋਰ ਵੀ ਲਾਜ਼ਮੀ ਬਣ ਗਿਆ ਹੈ।

ਕੁਝ ਦਿਨ ਪਹਿਲਾਂ ਹੀ 'ਸਿਟੀ ਬਿਊਟੀਫੁੱਲ' ਚੰਡੀਗੜ੍ਹ ਦੇ ਸੈਕਟਰ-41 ਵਿਚ ਦਿਨ-ਦਿਹਾੜੇ ਭੈਣ-ਭਰਾ ਕਵਿਤਾ ਤੇ ਗੋਰਾਂਗ ਦੇ ਹੋਏ ਕਤਲ ਨੇ ਸਾਰਿਆਂ ਨੂੰ ਸੁੰਨ ਕਰ ਕੇ ਰੱਖ ਦਿੱਤਾ। ਸੁਰੱਖਿਆ ਪੱਖੋਂ ਬੇਹਤਰ ਸ਼ਹਿਰ ਮੰਨੇ ਜਾਂਦੇ ਚੰਡੀਗੜ੍ਹ ਵਿਚ ਵੀ ਲੁੱਟ-ਖੋਹ, ਬਲਾਤਕਾਰ ਵਰਗੀਆਂ ਘਟਨਾਵਾਂ ਵਿਚ ਲਗਾਤਾਰ ਇਜਾਫ਼ਾ ਹੁੰਦਾ ਜਾ ਰਿਹਾ ਹੈ। ਇਸ ਮਾਮਲੇ ਵਿਚ ਉਦੋਂ ਹੋਰ ਵੀ ਦੁਖ ਭਰੀ ਹੈਰਾਨੀ ਹੋਈ ਜਦੋਂ ਇਸ ਦੋਹਰੇ ਕਤਲ ਪਿੱਛੇ ਉਨ੍ਹਾਂ ਦਾ ਹੀ ਰਿਸ਼ਤੇ ਵਿਚੋਂ ਮਾਮਾ ਲੱਗਦਾ ਰਾਹੁਲ ਨਾਂ ਦਾ ਲੜਕਾ ਨਿਕਲਿਆ। ਇਹ 26 ਵਰ੍ਹਿਆਂ ਦਾ ਨੌਜਵਾਨ ਨਸ਼ੇ ਦਾ ਆਦੀ ਹੈ। ਉਹ ਗੁੱਸੈਲੇ ਸੁਭਾਅ ਦਾ ਹੈ ਤੇ ਉਸ ਦੀਆਂ ਆਦਤਾਂ ਇਸ ਕਦਰ ਵਿਗੜ ਚੁੱਕੀਆਂ ਹਨ ਕਿ ਉਹ ਮਾਪਿਆਂ ਦੇ ਵੀ ਕਹਿਣੇ ਵਿਚ ਨਹੀਂ ਹੈ।

ਉਹ ਰਿਸ਼ਤੇ ਵਿਚ ਲੱਗਦੀ ਆਪਣੀ ਭਾਣਜੀ ਕਵਿਤਾ ਨੂੰ ਜਬਰੀ ਹਾਸਲ ਕਰਨਾ ਚਾਹੁੰਦਾ ਸੀ। ਘਰਦਿਆਂ ਨੂੰ ਥੋੜ੍ਹੀ-ਬਹੁਤ ਜਾਣਕਾਰੀ ਵੀ ਸੀ ਪਰ ਸ਼ਾਇਦ ਉਨ੍ਹਾਂ ਏਨਾ ਗੌਰ ਨਹੀਂ ਕੀਤਾ। ਆਪਣੇ ਘਿਨੌਣੇ ਮਕਸਦ ਤਹਿਤ ਹੀ ਉਹ ਉਸ ਦਿਨ ਕਵਿਤਾ ਦੇ ਘਰ ਗਿਆ। ਜਦੋਂ ਕਵਿਤਾ ਤੇ ਗੋਰਾਂਗ ਨੇ ਇਸ ਦਾ ਵਿਰੋਧ ਕੀਤਾ ਤਾਂ ਗੁੱਸੇ ਵਿਚ ਆ ਕੇ ਉਸ ਨੇ ਦੋਵਾਂ ਦਾ ਕਤਲ ਕਰ ਦਿੱਤਾ। ਪਲਾਂ ਵਿਚ ਹੀ ਇਕ ਪਰਿਵਾਰ ਦੇ ਦੋ ਚਿਰਾਗ਼ ਬੁੱਝ ਗਏ।

ਇਸ ਘਟਨਾ ਲਈ ਸ਼ਾਇਦ ਕਿਸੇ ਹੱਦ ਤਕ ਰਾਹੁਲ ਦੇ ਮਾਪਿਆਂ ਦੀ ਵੀ ਕੁਤਾਹੀ ਰਹੀ ਹੋਵੇਗੀ, ਜਿਨ੍ਹਾਂ ਨੇ ਆਪਣੇ ਬੱਚੇ ਨੂੰ ਵਿਰਾਸਤ ਵਿਚ ਸੁੱਖ-ਸਹੂਲਤਾਂ ਤਾਂ ਦਿੱਤੀਆਂ ਪਰ ਸੰਸਕਾਰ ਨਹੀਂ। ਇਹ ਉਨ੍ਹਾਂ ਦਾ ਲੋੜੋਂ ਵੱਧ ਲਾਡ-ਦੁਲਾਰ ਹੀ ਰਿਹਾ ਹੋਵੇਗਾ ਜੋ ਬੱਸ ਉਸ ਨੂੰ ਸਭ ਕੁਝ ਜਬਰੀ ਹਾਸਲ ਕਰਨ ਲਈ ਉਕਸਾਉਂਦਾ ਹੋਵੇਗਾ। ਇਹ ਸਿਰਫ਼ ਇਕ ਪਰਿਵਾਰ ਦੀ ਸਮੱਸਿਆ ਨਹੀਂ, ਅੱਜ ਬਾਜ਼ਾਰ ਦੀ ਚਕਾਚੌਂਧ ਨੇ ਮਾਪਿਆਂ ਨੂੰ ਵੀ ਅੰਧਰਾਤਾ ਕਰ ਦਿੱਤਾ ਹੈ। ਉਹ ਦੂਹਰੇ-ਤੀਹਰੇ ਹੋ ਕੇ ਬੱਚਿਆਂ ਦੀਆਂ ਸਭ ਖਵਾਹਿਸ਼ਾਂ ਤਾਂ ਪੂਰੀਆਂ ਕਰ ਰਹੇ ਹਨ ਪਰ ਨੈਤਿਕ ਕਦਰਾਂ ਕੀਮਤਾਂ ਮਿੱਟੀ ਘੱਟੇ ਰੋਲ ਰਹੇ ਹਨ। ਜੇ ਸੁਪਨਿਆਂ ਦਾ ਬਾਜ਼ਾਰੀਕਰਨ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਲਾਜ਼ਮੀ ਸੰਵੇਦਨਸ਼ੀਲਤਾ ਦੇ ਪਰ ਕੁਤਰੇ ਹੀ ਜਾਣਗੇ। ਅੱਜ ਵਕਤ ਦੀ ਸਭ ਤੋਂ ਵੱਡੀ ਲੋੜ ਇਨ੍ਹਾਂ ਪਰਾਂ ਨੂੰ ਬਚਾ ਲੈਣ ਦੀ ਹੈ ਤਾਂ ਜੋ ਇਹ ਅੰਬਰ ਭਰਿਆ ਭਰਿਆ ਰਹੇ, ਸਦਾ ਹੀ।

# ਸਾਹਿਤ-ਮਾਰਗ ਉੱਤੇ ਤੁਰਨ ਤੋਂ ਪਹਿਲਾਂ

ਗੁਰਬਚਨ ਸਿੰਘ ਭੁੱਲਰ

ਲੇਖਕਾਂ ਨੂੰ ਮੁਲਾਕਾਤੀ ਅਕਸਰ ਹੀ ਪੁਛਦੇ ਹਨ, ਤੁਸੀਂ ਸਾਹਿਤ ਨਾਲ ਕਦੋਂ ਜੁੜੇ, ਕਿਵੇਂ ਜੁੜੇ। ਲੇਖਕ ਆਪ ਵੀ ਆਪਣੇ ਸਾਹਿਤਕ ਪੰਧ ਉੱਤੇ ਝਾਤ ਪਾਉਂਦਾ ਹੈ ਤਾਂ ਉਸ ਸੋਮੇ ਨੂੰ ਪਛਾਨਣਾ ਚਾਹੁੰਦਾ ਹੈ ਜਿਸ ਵਿਚੋਂ ਫੁੱਟਿਆ ਪਾਣੀ ਹੋਰ ਸੋਮਿਆਂ ਦੇ ਪਾਣੀ ਨਾਲ ਰਲ ਰਲ ਕੇ ਉਹਦੇ ਅਜੋਕੇ ਸਾਹਿਤਕ ਵਹਿਣ ਦਾ ਮੁੱਢ ਬਣਿਆ। ਮੈਂ ਵੀ ਅਜਿਹੀ ਪਰਤਵੀਂ ਝਾਤ ਮਾਰਦਾ ਹਾਂ ਤਾਂ ਬਹੁਤ ਕੁਛ ਚੇਤੇ ਦੀ ਪੱਟੀ ਉੱਤੇ ਸਾਕਾਰ ਹੋ ਜਾਂਦਾ ਹੈ। ਸਾਹਿਤ ਨਾਲ ਜੁੜਨ, ਸ਼ਬਦ 'ਸਾਹਿਤ' ਦਾ ਭਾਵ ਸਮਝਣ, ਸਾਹਿਤ ਦਾ ਪਾਠਕ ਬਣਨ ਤੇ ਆਖ਼ਰ ਰਚਨਾ-ਕਾਰਜ ਨੂੰ ਸਮਰਪਿਤ ਹੋਣ ਦੀ ਸਮਝ ਦੇ ਉਦੈ ਦੇ ਸਮੇਂ ਤੇ ਸਬੱਬ ਕਿਹੜੇ ਕਿਹੜੇ ਸਨ?

ਸਾਹਿਤ ਨਾਲ ਵਾਹ-ਵਾਸਤੇ ਦੀ ਗੱਲ ਤਾਂ ਅੱਗੇ ਚੱਲ ਕੇ ਆਉਂਦੀ ਹੈ, ਪਹਿਲਾਂ ਸਾਲ ਦੋ ਸਾਲ ਦੀ ਉਮਰ ਵਿਚ ਬਾਲ ਦਾ ਨਾਤਾ ਭਾਸ਼ਾ ਨਾਲ, ਭਾਵ ਸਾਹਿਤ ਦੇ ਮਾਧਿਅਮ ਨਾਲ ਜੁੜਨ ਲਗਦਾ ਹੈ। ਉਹ ਮਾ ਮਾ ਮਾ ਬਾ ਬਾ ਬਾ ਤਾ ਤਾ ਤਾ ਵਰਗੀਆਂ ਧੁਨੀਆਂ ਤੋਂ ਸ਼ਬਦਾਂ ਵਿਚੋਂ ਦੀ ਹੁੰਦਾ ਹੋਇਆ ਵਾਕਾਂ ਤੱਕ ਪੁੱਜ ਕੇ ਭਾਸ਼ਾ ਦੇ ਮਹਾਂ-ਮਾਰਗ ਉੱਤੇ ਤੁਰ ਪੈਂਦਾ ਹੈ। ਭਾਸ਼ਾ ਹੀ ਬੱਚੇ ਦੀ ਬੁੱਧੀ ਦਾ ਤੇ ਭਵਿੱਖੀ ਪ੍ਰਤਿਭਾ ਦਾ ਅਗੇਤਾ ਸੰਕੇਤ ਬਣਦੀ ਹੈ। ਜੇ ਉਹ ਠੀਕ ਬੋਲਣ ਨਾ ਲੱਗੇ, ਮਾਪਿਆਂ ਤੇ ਡਾਕਟਰਾਂ ਨੂੰ ਉਹਦੇ ਘੱਟ-ਵੱਧ ਸਿੱਧਰਾ ਹੋਣ ਦਾ ਡਰ ਖਾਣ ਲਗਦਾ ਹੈ। ਧਾਰਨਾ ਹੈ ਕਿ ਬਾਲ ਦਾ ਭਾਸ਼ਾ ਨਾਲ ਪਹਿਲਾ ਵਾਹ ਮਾਂ ਦੀਆਂ ਲੋਰੀਆਂ ਅਤੇ ਪਿਆਰ ਨਾਲ ਬੋਲੀਆਂ ਗਈਆਂ ਤੋਤਲੀਆਂ-ਮੋਤਲੀਆਂ ਗੱਲਾਂ ਦੇ ਰੂਪ ਵਿਚ ਪੈਂਦਾ ਹੈ। ਪਰ ਹੁਣ ਤਾਂ ਸੱਜਰੀ ਖੋਜ ਇਹ ਦਸਦੀ ਹੈ ਕਿ ਬੱਚਾ ਇਸਤੋਂ ਬਹੁਤ ਪਹਿਲਾਂ, ਮਾਂ ਦੇ ਪੇਟ ਵਿਚਲੇ ਆਖ਼ਰੀ ਤਿੰਨ ਮਹੀਨਿਆਂ ਵਿਚ ਹੀ ਬਾਹਰਲੀ ਦੁਨੀਆ ਦੇ ਬੋਲ ਸੁਣਨ ਤੇ ਉਹਨਾਂ ਦੇ ਭਾਸ਼ਾਈ ਪ੍ਰਭਾਵ ਕਬੂਲਣ ਲੱਗ ਪੈਂਦਾ ਹੈ। ਜਰਮਨ ਖੋਜਕਾਰਾਂ ਦਾ ਕਹਿਣਾ ਹੈ ਕਿ ਇਸੇ ਕਰਕੇ ਜਨਮ ਤੋਂ ਮਗਰੋਂ ਬਾਲ ਦਾ ਰੋਣਾ ਉਹਦੀ ਮਾਤਭਾਸ਼ਾ ਦੇ ਧੁਨੀ-ਪ੍ਰਬੰਧ ਦੇ ਅਨੁਸਾਰ ਹੁੰਦਾ ਹੈ। ਉਹਨਾਂ ਨੇ ਇਹ ਸਿੱਟਾ ਤਿੰਨ ਤੋਂ ਪੰਜ ਦਿਨਾਂ ਦੀ ਉਮਰ ਦੇ ਸੱਠ ਅਜਿਹੇ ਬੱਚਿਆਂ ਦਾ ਰੋਣਾ ਰਿਕਾਰਡ ਕਰ ਕੇ ਤੇ ਉਹਦੀ ਧੁਨੀਮੁਖੀ ਨਿਰਖ-ਪਰਖ ਕਰ ਕੇ ਕੱਢਿਆ ਹੈ ਜਿਨ੍ਹਾਂ ਵਿਚੋਂ ਤੀਹ ਫ਼ਰਾਂਸੀਸੀ-ਭਾਸ਼ੀ ਪਰਿਵਾਰਾਂ ਦੇ ਸਨ ਤੇ ਤੀਹ ਜਰਮਨ-ਭਾਸ਼ੀ ਪਰਿਵਾਰਾਂ ਦੇ। ਘੋਖ ਨੇ ਦਰਸਾਇਆ ਕਿ ਫ਼ਰਾਂਸੀਸੀ ਬਾਲਾਂ ਦੇ ਰੋਣ ਦੀ ਸੁਰ ਉਹਨਾਂ ਦੀ ਭਾਸ਼ਾ ਦੇ ਉਚਾਰ ਦੀ ਲਚਕ ਦੇ ਬਿਲਕੁਲ ਅਨੁਸਾਰ ਨੀਵੀਂ ਤੋਂ ਉੱਚੀ ਹੁੰਦੀ ਜਾਂਦੀ ਸੀ ਅਤੇ ਇਹਦੇ ਉਲਟ ਜਰਮਨ ਬਾਲਾਂ ਦੇ ਰੋਣ ਦੀ ਸੁਰ ਉਹਨਾਂ ਦੀ ਭਾਸ਼ਾ ਦੇ ਉਚਾਰ ਦੀ ਲਚਕ ਦੇ ਐਨ ਅਨੁਸਾਰ ਉੱਚੀ ਤੋਂ ਨੀਵੀਂ ਵੱਲ ਢਲਦੀ ਜਾਂਦੀ ਸੀ।

ਭਾਸ਼ਾ ਦੇ ਮਹਾਂਮਾਰਗ ਉੱਤੇ ਤੁਰ ਰਹੀ ਅਣਗਿਣਤ ਖ਼ਲਕਤ ਵਿਚੋਂ ਕੁਛ ਪਾਂਧੀ ਅਜਿਹੇ ਭਾਗਾਂ ਵਾਲੇ ਹੁੰਦੇ ਹਨ, ਸਾਹਿਤ ਅਛੋਪਲੇ ਜਿਹੇ ਆ ਕੇ ਜਿਨ੍ਹਾਂ ਦਾ ਹੱਥ ਫੜ ਲੈਂਦਾ ਹੈ ਅਤੇ ਸੰਗੀ ਬਣਾ ਕੇ ਨਾਲ ਨਾਲ ਤੋਰਨ ਲਗਦਾ ਹੈ। ਇਹ ਸਾਥ ਕਦੋਂ ਮਿਲਦਾ ਹੈ, ਇਹਦਾ ਕੋਈ ਪੱਕਾ ਨੇਮ ਨਹੀਂ। ਮੇਰੇ ਮਿੱਤਰ ਦਰਸ਼ਨ ਸਿੰਘ ਨੇ ਸੱਠਾਂ ਤੋਂ ਟੱਪ ਕੇ ਪਹਿਲਾ ਨਾਵਲ ਲਿਖਿਆ ਅਤੇ ਉਹ ਹਰ ਰਚਨਾ ਵਿਚ ਦੁਹਰਾਉ-ਰਹਿਤ ਨਵਾਂ-ਨਕੋਰ ਵਿਸ਼ਾ ਲੈ ਕੇ ਬੜੀ ਹੀ ਖ਼ੂਬਸੂਰਤ ਭਾਸ਼ਾ ਵਿਚ ਇਕ ਤੋਂ ਮਗਰੋਂ ਇਕ ਨਾਵਲ ਲਿਖਦਿਆਂ ਕੁਛ ਹੀ ਸਾਲਾ ਅੰਦਰ ਪੰਜਾਬੀ ਸਾਹਿਤ ਦਾ ਇਕ ਮਹੱਤਵਪੂਰਨ ਨਾਂ ਬਣ ਗਿਆ ਹੈ। ਇਹਦੇ ਉਲਟ ਸੰਤ ਸਿੰਘ ਸੇਖੋਂ ਆਖਿਆ ਕਰਦੇ ਸਨ ਕਿ ਸਾਹਿਤ ਦੇ ਪੱਖੋਂ ਉਹ ਪੰਜਵੀਂ ਜਮਾਤ ਵਿਚ ਹੀ ਬਹੁਤ ਸਿਆਣੇ ਹੋ ਗਏ ਸਨ। ਇਕ ਵਾਰ ਪੰਜਾਬੀ ਯੂਨੀਵਰਸਿਟੀ ਦੀ ਇਕ ਵਿਸ਼ਵ ਕਾਨਫ਼ਰੰਸ ਦੇ ਮੰਚ ਤੋਂ ਮੈਂ ਆਪਣੀ ਗੱਲ ਕਹਿ ਕੇ ਉੱਤਰ ਰਿਹਾ ਸੀ ਤਾਂ ਸਾਹਮਣੇ ਪਹਿਲੀ ਕਤਾਰ ਵਿਚ ਬੈਠੇ ਸੇਖੋਂ ਜੀ ਆਪਣੇ ਟਿੱਪਣੀਬਾਜ਼ ਸੁਭਾਅ ਅਨੁਸਾਰ ਮੁਸਕਰਾ ਕੇ ਬੋਲੇ,"ਭੁੱਲਰ, ਤੂੰ ਤਾਂ ਖਾਸਾ ਸਿਆਣਾ ਹੋ ਗਿਆ ਹੈਂ ਬਈ!" ਮੈਂ ਹੱਸ ਕੇ ਕਿਹਾ,"ਮੈਂ ਵੀ ਤੁਹਾਡੇ ਵਾਂਗ ਪੰਜਵੀਂ ਵਿਚ ਹੀ ਸਿਆਣਾ ਹੋ ਗਿਆ ਸੀ।" ਹੋਰ ਲੋਕ ਵੀ ਹੱਸ ਪਏ। ਹਾਸੇ ਵਿਚ ਕਹੀ ਇਹ ਗੱਲ ਇਕ ਪਾਸੇ, ਮੈਂ ਸਾਹਿਤਕ ਪੱਖੋਂ ਪੰਜਵੀਂ ਵਿਚ ਸਿਆਣਾ ਨਹੀਂ ਸੀ ਹੋਇਆ। ਸੱਚ ਦੱਸਾਂ, ਜਿਹੜੇ ਲੋਕ ਪ੍ਰਾਇਮਰੀ ਜਾਂ ਮਿਡਲ ਜਮਾਤਾਂ ਵਿਚ ਨਾਮੀ ਸਾਹਿਤਕਾਰਾਂ ਨੂੰ ਪੜ੍ਹ ਕੇ ਕੰਮ ਮੁਕਾ ਲਿਆ ਹੋਣ ਬਾਰੇ ਦਸਦੇ ਹਨ, ਉਹਨਾਂ ਉੱਤੇ ਹੋਣਾ ਤਾਂ ਰਸ਼ਕ ਚਾਹੀਦਾ ਹੈ ਪਰ ਹੁੰਦੀ ਹੈਰਾਨੀ ਹੈ। ਖ਼ੈਰ ਇਹ ਨੁਕਤਾ ਬੜਾ ਦਿਲਚਸਪ ਵੀ ਹੈ ਤੇ ਕੁਝ ਵਿਸਤਾਰ ਵੀ ਮੰਗਦਾ ਹੈ, ਇਹਨੂੰ ਕਿਸੇ ਅਗਲੇ-ਅਗਲੇਰੇ ਪ੍ਰਸੰਗ ਲਈ ਛੱਡ ਦਿੰਦੇ ਹਾਂ।

ਸਾਹਿਤ ਨਾਲ ਜੁੜਨ ਦੇ ਵੱਖ ਵੱਖ ਸਮਿਆਂ ਵਾਂਗ ਸਾਧਨ ਅਤੇ ਸਬੱਬ ਵੀ ਵੱਖ ਵੱਖ ਹੁੰਦੇ ਹਨ। ਬਹੁਤੇ ਲੇਖਕ ਆਪਣੇ ਆਪ ਨੂੰ ਪੂਰੀ ਤਰ੍ਹਾਂ ਆਪਣੀ ਭਾਸ਼ਾ ਦੀ ਸਦੀਆਂ ਲੰਮੀ ਸਾਹਿਤਕ ਪ੍ਰਾਪਤੀ ਦੀ ਉਪਜ ਮੰਨਦੇ ਹਨ। ਪਰ ਕੁਛ ਲੇਖਕ ਅਜਿਹੇ ਵੀ ਹੁੰਦੇ ਹਨ ਜੋ ਆਪਣੇ ਆਪ ਨੂੰ ਇਸ ਪ੍ਰਭਾਵ ਤੋਂ ਨਿਰਲੇਪ ਦਸਦੇ ਹਨ। ਉਹ ਸਾਡੇ ਮਿਥਿਹਾਸ ਦੀਆਂ ਉਹਨਾਂ ਮਹਾਨ ਹਸਤੀਆਂ ਵਰਗੇ ਹੁੰਦੇ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਾਡੇ ਵਾਂਗ ਨਹੀਂ ਸਨ ਜਨਮੇ ਸਗੋਂ ਸਿੱਧੇ ਉੱਤੋਂ ਉੱਤਰੇ ਸਨ। ਇਕ ਆਦਮੀ ਨੇ ਬੁਝਾਰਤ ਪਾਈ, ਚੁਰਚੁਰ ਕਰਦੀ, ਮੁਰਮੁਰ ਕਰਦੀ, ਪੂਛ ਹਿਲਾ ਕੇ ਪਿੱਪਲ ਚੜ੍ਹਦੀ! ਦੂਜੇ ਨੇ ਬੁੱਝੀ, ਮ੍ਹੈਂਸ। ਪਹਿਲੇ ਨੇ ਉਹਦੀ ਅਕਲ ਦਾ ਸਿੱਕਾ ਮੰਨ ਕੇ ਪੁੱਛਿਆ, ਭਾਈ ਸਾਹਿਬ, ਤੁਹਾਡਾ ਉਸਤਾਦ ਕੌਣ ਹੈ? ਉਹ ਮਾਣ ਨਾਲ ਬੋਲਿਆ, ਉਸਤਾਦ ਦੀ ਐਸੀ-ਤੈਸੀ, ਅੰਦਰੋਂ ਹੀ ਔੜਦੀਆਂ ਨੇ!

ਮੈਨੂੰ ਇਹ ਮੰਨਣ ਵਿਚ ਬਿਲਕੁਲ ਕੋਈ ਝਿਜਕ ਨਹੀਂ ਕਿ ਮੈਂ ਪਹਿਲਾਂ ਤੋਂ ਹੀ ਅਜਿਹੇ ਬੁਝਾਰਤ-ਬੁੱਝਾਂ ਵਰਗਾ 'ਪ੍ਰਤਿਭਾਸ਼ਾਲੀ' ਨਹੀਂ ਰਿਹਾ। ਮੈਂ ਮੋਹਨ ਸਿੰਘ, ਅੰਮ੍ਰਿਤਾ, ਆਦਿ ਕਵੀਆਂ ਨੂੰ ਅਤੇ ਨਾਨਕ ਸਿੰਘ, ਸੁਜਾਨ ਸਿੰਘ, ਦੁੱਗਲ, ਸੇਖੋਂ, ਸਤਿਆਰਥੀ, ਵਿਰਕ ਆਦਿ ਗਲਪਕਾਰਾਂ ਨੂੰ ਅਣਹੋਏ ਜਾਣ-ਮੰਨ ਕੇ ਉਹਨਾਂ ਦੇ ਬਿਨਾਂ ਜਾਂ ਉਹਨਾਂ ਦੇ ਬਾਵਜੂਦ ਲੇਖਕ ਨਹੀਂ ਬਣਿਆ। ਜੇ ਉਹ ਨਾ ਹੁੰਦੇ, ਮੈਂ ਨਾ ਹੁੰਦਾ! ਮੈਂ ਤਾਂ ਸਾਹਿਤਕ ਮਟਕੇ ਵਿਚ ਬੂੰਦ ਬੂੰਦ ਜੋੜੀ ਹੈ। ਮਟਕਾ ਛੋਟਾ ਹੈ ਕਿ ਵੱਡਾ, ਕਿੰਨਾ ਕੁ ਭਰਿਆ ਹੈ ਜਾਂ ਕਿੰਨਾ ਕੁ ਊਣਾ, ਇਹ ਨਿਰਣਾ ਕਰਨਾ ਮੇਰਾ ਅਧਿਕਾਰ ਨਹੀਂ, ਸਿਰਫ਼ ਤੇ ਸਿਰਫ਼ ਮੇਰੇ ਸਾਥੀ ਲੇਖਕਾਂ ਅਤੇ ਰਸੀਏ ਪਾਠਕਾਂ ਦਾ ਹੈ। ਮੇਰਾ ਤਾਂ ਸੁਭਾਗ ਇਹ ਰਿਹਾ ਕਿ ਛੋਟੇ ਹੁੰਦਿਆਂ ਜਿਨ੍ਹਾਂ ਲੇਖਕਾਂ ਦੇ ਦਰਸ਼ਨਾਂ ਦੀ ਲੋਚਾ ਰਹਿੰਦੀ ਸੀ ਜਾਂ ਉਸ ਸਮੇਂ ਕਦੀ ਅੱਗੇ ਚੱਲ ਕੇ ਜਿਨ੍ਹਾਂ ਦੇ ਪਿੱਛੇ ਪਿੱਛੇ ਤੁਰਨ ਦਾ ਸੁਫ਼ਨਾ ਲਿਆ ਸੀ, ਉਹਨਾਂ ਨੇ ਉਂਗਲ ਫੜਾ ਕੇ ਆਪਣੇ ਨਾਲ ਤੋਰਿਆ। ਸ਼ਬਦ ਦੇ ਉਹਨਾਂ ਉੱਚ-ਦੁਮਾਲੜੇ ਧਨੀਆਂ ਤੋਂ ਮਿਲੇ ਮੋਹ-ਪਿਆਰ ਦਾ ਮੈਂ ਸਦੀਵੀ ਰਿਣੀ ਹਾਂ। ਹਾਣੀਆਂ ਦੇ ਆਪਸੀ ਆਦਰ ਦਾ ਵੀ ਕੋਈ ਅੰਤ ਨਹੀਂ ਰਿਹਾ ਤੇ ਆਪਣੇ ਨਾਲੋਂ ਨਿੱਕਿਆਂ ਤੋਂ ਮਿਲਦੇ ਸਤਿਕਾਰ ਦਾ ਵੀ ਕੋਈ ਪਾਰਾਵਾਰ ਨਹੀਂ।

ਸਾਹਿਤ ਨਾਲ ਜੁੜਨ ਦੇ ਵੱਖ ਵੱਖ ਸਮਿਆਂ ਵਾਂਗ ਸਾਧਨ ਅਤੇ ਸਬੱਬ ਵੀ ਵੱਖ ਵੱਖ ਹੁੰਦੇ ਹਨ। ਬਹੁਤੇ ਲੇਖਕ ਆਪਣੇ ਆਪ ਨੂੰ ਪੂਰੀ ਤਰ੍ਹਾਂ ਆਪਣੀ ਭਾਸ਼ਾ ਦੀ ਸਦੀਆਂ ਲੰਮੀ ਸਾਹਿਤਕ ਪ੍ਰਾਪਤੀ ਦੀ ਉਪਜ ਮੰਨਦੇ ਹਨ। ਪਰ ਕੁਛ ਲੇਖਕ ਅਜਿਹੇ ਵੀ ਹੁੰਦੇ ਹਨ ਜੋ ਆਪਣੇ ਆਪ ਨੂੰ ਇਸ ਪ੍ਰਭਾਵ ਤੋਂ ਨਿਰਲੇਪ ਦਸਦੇ ਹਨ। ਉਹ ਸਾਡੇ ਮਿਥਿਹਾਸ ਦੀਆਂ ਉਹਨਾਂ ਮਹਾਨ ਹਸਤੀਆਂ ਵਰਗੇ ਹੁੰਦੇ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਾਡੇ ਵਾਂਗ ਨਹੀਂ ਸਨ ਜਨਮੇ ਸਗੋਂ ਸਿੱਧੇ ਉੱਤੋਂ ਉੱਤਰੇ ਸਨ। ਇਕ ਆਦਮੀ ਨੇ ਬੁਝਾਰਤ ਪਾਈ, ਚੁਰਚੁਰ ਕਰਦੀ, ਮੁਰਮੁਰ ਕਰਦੀ, ਪੂਛ ਹਿਲਾ ਕੇ ਪਿੱਪਲ ਚੜ੍ਹਦੀ! ਦੂਜੇ ਨੇ ਬੁੱਝੀ, ਮ੍ਹੈਂਸ। ਪਹਿਲੇ ਨੇ ਉਹਦੀ ਅਕਲ ਦਾ ਸਿੱਕਾ ਮੰਨ ਕੇ ਪੁੱਛਿਆ, ਭਾਈ ਸਾਹਿਬ, ਤੁਹਾਡਾ ਉਸਤਾਦ ਕੌਣ ਹੈ? ਉਹ ਮਾਣ ਨਾਲ ਬੋਲਿਆ, ਉਸਤਾਦ ਦੀ ਐਸੀ-ਤੈਸੀ, ਅੰਦਰੋਂ ਹੀ ਔੜਦੀਆਂ ਨੇ!







# ਉੱਚ ਹਲਕਿਆਂ 'ਚ ਫੈਲੀ ਕੁਰੱਪਸ਼ਨ ਮੇਰੇ ਅਗਲੇ ਨਾਵਲ ਦਾ ਥੀਮ ਹੋਵੇਗਾ : ਮਿੱਤਰ ਸੈਨ ਮੀਤ

ਮਿੱਤਰ ਸੈਨ ਮੀਤ ਤਿੰਨ ਦਹਾਕੇ ਤੋਂ ਵੀ ਜਿਆਦਾ ਪੰਜਾਬੀ ਗਲਪ ਦੇ ਖੇਤਰ 'ਚ ਕਿਰਿਆਸ਼ੀਲ ਹੈ। ਹੁਣ ਤੱਕ ਉਹ ਪੰਜਾਬੀ ਸਾਹਿਤ ਦੀ ਝੋਲੀ ਛੇ ਨਾਵਲ 'ਅੱਗ ਦੇ ਬੀਜ' (1971), 'ਕਾਫਲਾ' (1986), 'ਤਫਤੀਸ਼' (1990), 'ਕਟਿਹਰਾ' (1993), 'ਕੌਰਵ ਸਭਾ' (2003), 'ਸੁਧਾਰ ਘਰ' (2006), ਤਿੰਨ ਕਹਾਣੀ ਸੰਗ੍ਰਹਿ 'ਪੁਨਰਵਾਸ' (1987), 'ਲਾਮ' (1988), 'ਠੋਸ ਸਬੂਤ' (1992), ਪਾ ਚੁੱਕਾ ਹੈ। ਉਸਦੇ ਨਾਵਲ 'ਸੁਧਾਰ ਘਰ' 'ਤੇ ਉਸਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਹੈ। ਮਿੱਤਰ ਸੈਨ ਮੀਤ ਪੇਸ਼ੇ ਵਜੋਂ ਸਰਕਾਰੀ ਵਕੀਲ ਹੈ। ਇਸ ਲਈ ਉਸਦੀਆਂ ਕਿਰਤਾਂ ਕਚਹਿਰੀਆਂ, ਜੇਲ੍ਹਾਂ, ਪੁਲਿਸ ਥਾਣਿਆਂ ਤੇ ਹੋਰ ਕਾਨੂੰਨੀ ਅਦਾਰਿਆਂ ਦੇ ਯਥਾਰਥ ਨੂੰ ਗਲਪੀ ਰੂਪ 'ਚ ਸਮਾਉਂਦੀਆਂ ਹਨ। ਉਸਨੇ ਆਪਣੇ ਨਾਵਲਾਂ 'ਚ ਨਿਆ-ਕਾਨੂੰਨ ਦੀ ਭ੍ਰਿਸ਼ਟ ਸਥਿਤੀ ਨੂੰ ਉਜਾਗਰ ਕੀਤਾ ਹੈ। ਡਾ: ਭੀਮ ਇੰਦਰ ਸਿੰਘ ਦੇ ਸ਼ਬਦਾਂ ''ਪੰਜਾਬੀ ਵਿਚ ਪਹਿਲੀ ਵਾਰ ਮਹਾਂਕਾਵਿਕ ਨਾਵਲ ਦੀ ਦ੍ਰਿਸ਼ਟੀ ਤੋਂ ਰਚੀ ਗਈ, ਇਸ ਨਾਵਲ-ਲੜੀ ਦੀ ਵਿਲੱਖਣਤਾ ਇਹ ਹੈ ਕਿ ਇਹ ਆਪਣੇ ਵਿਸ਼ਾਲ ਗਲਪੀ ਬਿਰਤਾਂਤ, ਮਹਾਨ ਚਰਿੱਤਰਾਂ, ਨਾਟਕੀ ਗੁਣਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ, ਨਿੱਗਰ ਤੇ ਕਠੋਰ ਰੂਪ ਵਿਚ ਪੇਸ਼ ਕਰਦੀ ਹੈ।'' ਅਸਲ 'ਚ ਉਸਦੀ ਸਮੁੱਚੀ ਰਚਨਾ ਸਟੇਟ ਦੇ ਭ੍ਰਿਸ਼ਟ ਕਿਰਦਾਰ ਨੂੰ ਪੇਸ਼ ਕਰਦੀ ਹੈ।

ਮੁਲਾਕਾਤੀ
ਸ਼ਿਵ ਇੰਦਰ ਸਿੰਘ



? : ਮੀਤ ਸਾਹਿਬ ਸਾਹਿਤ ਅਕਾਦਮੀ ਪੁਰਸਕਾਰ ਮਿਲਣ 'ਤੇ ਵਧਾਈ ਹੋਵੇ! ਕਿਵੇਂ ਮਹਿਸੂਸ ਕਰਦੇ ਹੋ?

– ਧੰਨਵਾਦ ਜੀ! ਮੈਂ ਸਮਝਦਾ ਹਾਂ ਕਿ ਮੈਨੂੰ ਇਹ ਪੁਰਸਕਾਰ ਮਿਲਣ ਨਾਲ ਲੋਕ-ਪੱਖੀ ਸੋਚ ਨੂੰ ਮਾਨਤਾ ਮਿਲੀ ਹੈ।

? : ਕਿਉਂ ਨਾ ਆਪਾਂ ਗੱਲ ਤੁਹਾਡੇ ਜਨਮ, ਪਰਿਵਾਰਕ ਪਿਛੋਕੜ ਤੇ ਪੜਾਈ ਤੋਂ ਸ਼ੁਰੂ ਕਰੀਏ?

– ਮੇਰਾ ਜਨਮ 20 ਅਕਤੂਬਰ 1952 ਨੂੰ ਇੱਕ ਨਿਮਨ ਮੱਧਵਰਗੀ ਮਹਾਜਨ ਪਰਿਵਾਰ 'ਚ ਹੋਇਆ। ਮੇਰੇ ਪਿਤਾ ਜੀ ਪਟਵਾਰੀ ਸਨ। ਉਨਾਂ ਦੀ ਬਦਲੀ ਇਕ ਥਾਂ ਤੋਂ ਦੂਜੀ ਥਾਂ ਹੁੰਦੀ ਰਹਿੰਦੀ ਸੀ। ਪਰਿਵਾਰ ਉਨਾਂ ਦੇ ਨਾਲ-ਨਾਲ ਹੀ ਰਿਹਾ। ਜੀਵਨ ਦੇ ਪਹਿਲੇ ਅੱਠ-ਨੌਂ ਸਾਲ ਪਿੰਡਾਂ ਵਿਚ ਗੁਜ਼ਾਰੇ। ਪਟਵਾਰੀ ਹੋਣ ਕਾਰਨ ਪਿਤਾ ਜੀ ਦਾ ਵਾਹ ਕਿਰਸਾਨਾਂ ਨਾਲ ਪੈਂਦਾ ਸੀ। ਅਨਭੋਲ ਮਨ ਨੇ ਜਿੱਥੇ ਪੇਂਡੂ ਜੀਵਨ ਆਪਣੇ ਅੰਦਰ ਸਮੋ ਲਿਆ। ਉਥੇ ਕਿਰਸਾਨੀ ਦੇ ਦੁੱਖ-ਦਰਦ ਵੀ ਅਚੇਤ ਤੌਰ 'ਤੇ ਜ਼ਿਹਨ ਵਿਚ ਉੱਕਰੇ ਗਏ। 1962 'ਚ ਅਸੀਂ ਬਰਨਾਲੇ ਆ ਗਏ। ਪੈਸੇ ਦੀ ਘਾਟ ਕਾਰਨ ਜਾਂ ਸਮਝੋ ਨਾ-ਸਮਝੀ ਕਰਕੇ ਪਿਤਾ ਜੀ ਨੇ ਜਿਹੜਾ ਘਰ ਖਰੀਦਿਆ, ਉਥੇ ਦਲਿਤਾਂ ਤੋਂ ਵੀ ਨੀਵੇਂ ਸਮਝੇ ਜਾਂਦੇ 'ਧਾਨਕੇ' ਰਹਿੰਦੇ ਸਨ (ਬਰਨਾਲੇ ਵਿੱਚ 'ਧਾਨਕੇ' ਉਸ ਜਾਤ ਨੂੰ ਕਹਿੰਦੇ ਹਨ ਜੋ ਲੋਕਾਂ ਦਾ ਮਲ-ਮੂਤਰ ਚੁੱਕਦੀ ਤੇ ਨਾਲੇ-ਨਾਲੀਆਂ ਸਾਫ਼ ਕਰਦੀ ਹੈ।) ਮੁਹੱਲੇ 'ਚ ਕੁਝ ਘਰ ਚੂਹੜਿਆਂ ਦੇ ਸਨ। ਘਰ ਤੋਂ ਕੁਝ ਦੂਰ ਸਿਵੇ ਸਨ। ਜਿਥੇ ਹਰ ਰੋਜ਼ ਲੋਕ ਮਰਦੇ ਸੜਦੇ ਰਹਿੰਦੇ ਸਨ।

ਸਿਵਿਆਂ ਦੇ ਨਾਲ ਸੈਂਸੀਆਂ ਦੀਆਂ ਕੁੱਲੀਆਂ ਸਨ। ਇਸ ਤਰ੍ਹਾਂ ਮੇਰਾ ਲੜਕਪਨ ਦਲਿਤਾਂ ਸਾਥੀਆਂ ਦੀਆਂ ਕੁੱਲੀਆਂ ਵਿਚਕਾਰ ਉਨਾਂ ਦੇ ਦੁਖਾਂ-ਦਰਦਾਂ ਨਾਲ ਬਾਤਾਂ ਪਾਉਂਦੇ ਬੀਤਿਆ। ਇਸ ਆਲੇ-ਦੁਆਲੇ ਨੇ ਮੈਨੂੰ ਦਲਿਤ ਵਰਗ ਦੀਆਂ ਸਮੱਸਿਆਵਾਂ ਦਾ ਗਿਆਨ ਕਰਵਾਇਆ ਜਿਹੜਾ ਹੁਣ ਤੱਕ ਮੇਰਾ ਸਹਾਈ ਹੈ ਤੇ ਮੇਰੀਆਂ ਰਚਨਾਵਾਂ ਵਿਚ ਸਹਿਜੇ ਹੀ ਪ੍ਰਗਟ ਹੁੰਦਾ ਹੈ। ਇਹ ਲੋਕ ਮੇਰੀ ਲਿਖਣ ਸਮੱਗਰੀ ਦਾ ਸੋਮਾ ਹਨ।

ਉਨ੍ਹਾਂ ਦਿਨਾਂ 'ਚ ਨਕਸਲੀ ਲਹਿਰ ਜੋਰਾਂ 'ਤੇ ਸੀ। 1968 'ਚ ਦਸਵੀਂ ਪਾਸ ਕਰਨ ਤੋਂ ਬਾਅਦ ਜਦੋਂ ਕਾਲਜ ਵਿਚ ਪ੍ਰਵੇਸ਼ ਕੀਤਾ ਤਾਂ ਨਕਸਲੀ ਦੋਸਤਾਂ ਨਾਲ ਵਾਹ ਪਿਆ। ਦਲਿਤ ਦੋਸਤਾਂ ਦੀ ਭੈੜੀ ਹਾਲਤ ਦੇਖ ਕੇ ਮਨ 'ਚ ਪ੍ਰਸ਼ਨ ਪੈਦਾ ਹੁੰਦਾ ਸੀ ਕਿ ਇਹ ਲੋਕ ਨਰਕ ਕਿਉਂ ਭੋਗ ਰਹੇ ਹਨ? ਨਕਸਲੀਆਂ ਦੇ ਸਾਥ ਨੇ ਇਸ ਭੈੜੀ ਦਸ਼ਾ ਦੇ ਕਾਰਨਾਂ ਦਾ ਪਤਾ ਲਗਾਉਣ 'ਚ ਮਦਦ ਕੀਤੀ। ਮੇਰੀ ਸੋਚ 'ਚ ਨਿਖਾਰ ਆਉਣ ਲੱਗਾ।

ਹਾਂ, ਇੱਕ ਗੱਲ ਹੋਰ ਵੀ ਹੈ ਕਿ ਸਾਡੇ ਪਰਿਵਾਰ 'ਚ ਨਿਰੋਲ ਪੰਜਾਬੀ ਸੱਭਿਆਚਾਰ ਭਾਰੂ ਸੀ। ਘਰ 'ਚ ਪੂਜਾ-ਪਾਠ ਨਹੀਂ ਸੀ ਹੁੰਦਾ, ਕੋਈ ਵਹਿਮ-ਭਰਮ ਨਹੀਂ ਸੀ ਪਾਲਿਆ ਜਾਂਦਾ, ਨਾ ਹੀ ਕੋਈ ਅਡੰਬਰ ਰਚਿਆ ਜਾਂਦਾ ਸੀ। ਸਾਰੇ ਧਰਮਾਂ ਦਾ ਸਤਿਕਾਰ ਸੀ। ਮੇਰਾ ਬਚਪਨ ਧਾਰਮਿਕ ਕੱਟੜਤਾ ਤੋਂ ਮੁਕਤ ਸੀ ਤੇ ਅੱਗੋਂ ਚੱਲ ਕੇ ਵਿਗਿਆਨਕ ਸੋਚ ਅਪਨਾਉਣ 'ਚ ਸੌਖ ਰਹੀ।

ਬੀ.ਏ. ਮੈਂ 1972 'ਚ ਆਨਰਜ਼-ਇਨ-ਮੈਥ 'ਚ ਕੀਤੀ। ਇਸ ਇਮਤਿਹਾਨ 'ਚ ਮੈਂ ਪੰਜਾਬੀ ਯੂਨੀਵਰਸਿਟੀ 'ਚੋਂ ਪਹਿਲੇ ਸਥਾਨ 'ਤੇ ਰਿਹਾ ਤੇ ਗੋਲਡ-ਮੈਡਲ ਪ੍ਰਾਪਤ ਕੀਤਾ। ਐੱਲ.ਐੱਲ.ਬੀ. 1976 'ਚ ਪੰਜਾਬ ਯੂਨੀਵਰਸਿਟੀ ਕੈਂਪਸ ਚੰਡੀਗੜ ਤੋਂ ਸ਼ਾਮ ਦੀਆਂ ਜਮਾਤਾਂ 'ਚ ਕੀਤੀ। ਗੁਜ਼ਾਰੇ ਲਈ ਨੌਕਰੀ ਕਰਦਾ ਸੀ। ਐੱਲ.ਐੱਲ.ਬੀ. 'ਚੋਂ ਵੀ ਮੈਂ ਦੂਜਾ ਸਥਾਨ ਹਾਸਲ ਕੀਤਾ। ਵਿਚਕਾਰਦੀ ਗਿਆਨੀ ਤੇ ਬੀ.ਐੱਡ. ਵੀ ਕਰ ਲਈ। ਇਨਾਂ ਵਾਧੂ ਡਿਗਰੀਆਂ ਨਾਲ ਮੈਨੂੰ ਪੰਜਾਬੀ, ਸਿੱਖਿਆ ਤੇ ਮਨੋਵਿਗਿਆਨਕ ਵਿਸ਼ਿਆਂ ਦੀ ਸਮਝ ਵੀ ਆ ਗਈ। ਜਨਵਰੀ 1979 'ਚ ਮੈਨੂੰ ਸਰਕਾਰੀ ਵਕੀਲ ਦੀ ਨੌਕਰੀ ਮਿਲੀ।

? : ਸਾਹਿਤਕ ਸਫ਼ਰ ਦਾ ਆਗਾਜ਼ ਕਦੋਂ ਤੇ ਕਿਵੇਂ ਹੋਇਆ?

– ਬਰਨਾਲੇ ਦੀ ਮਿੱਟੀ ਵਿੱਚ ਲੇਖਕ ਪੈਦਾ ਕਰਨ ਦਾ ਕੋਈ ਖਾਸ ਗੁਣ ਹੈ ਜਾਂ ਉਥੋਂ ਦਾ ਵਾਤਾਵਰਨ ਲੋਕਾਂ ਨੂੰ ਲੇਖਕ ਬਣਨ ਨੂੰ ਪ੍ਰੇਰਦਾ ਹੈ। ਸੱਠਵਿਆਂ ਦੇ ਅਖੀਰ ਤੇ ਸੱਤਰਵਿਆਂ ਦੇ ਸ਼ੁਰੂ 'ਚ ਬਰਨਾਲੇ ਦੀ ਮੁੰਡੀਰ ਦਾ ਰੁਝਾਨ ਕੁੜੀਆਂ ਪਿੱਛੇ ਖਾਕ ਛਾਨਣ ਵੱਲ ਘੱਟ, ਅੰਮ੍ਰਿਤਾ ਅਤੇ ਪਾਸ਼ ਦੀਆਂ ਕਵਿਤਾਵਾਂ, ਕੰਵਲ ਤੇ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਬਹਿਸਾਂ ਕਰਨ ਵੱਲ ਵਧੇਰੇ ਹੁੰਦਾ ਸੀ। ਉਨ੍ਹੀਂ ਦਿਨੀਂ ਬਰਨਾਲੇ ਵਿਚ ਦੋ ਸਾਹਿਤਕ ਪੱਤਰਕਾਵਾਂ 'ਪ੍ਰਤੀਕ' ਅਤੇ 'ਮੁਹਾਂਦਰਾ' ਜ਼ੋਰ ਸ਼ੋਰ ਨਾਲ ਨਿੱਕਲ ਰਹੀਆਂ ਸਨ। ਬਰਨਾਲਾ ਤੇ ਇਸ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਸਕੂਲਾਂ 'ਚ ਰਾਮ ਸਰੂਪ ਅਣਖੀ, ਇੰਦਰ ਸਿੰਘ ਖਾਮੋਸ਼, ਓਮ ਪ੍ਰਕਾਸ਼ ਗਾਸੋ ਤੇ ਬਸੰਤ ਕੁਮਾਰ ਰਤਨ ਵਰਗੇ ਨਾਵਲਕਾਰ ਬਾਲ ਮਨਾਂ ਵਿੱਚ ਸਾਹਿਤਕ ਰੁਚੀਆਂ ਦੇ ਬੀਜ ਬੋ ਰਹੇ ਸਨ। ਐੱਸ.ਡੀ. ਕਾਲਜ ਬਰਨਾਲਾਂ ਪ੍ਰੋ. ਜੋਗਾ ਸਿੰਘ, ਰਵਿੰਦਰ ਭੱਠਲ ਤੇ ਪ੍ਰੀਤਮ ਸਿੰਘ ਰਾਹੀ ਵਰਗੇ ਸ਼ਾਇਰ ਲੇਖਕਾਂ ਦੀ ਨਵੀਂ ਪੁਨੀਰੀ ਪੈਦਾ ਕਰਨ 'ਚ ਜੁਟੇ ਹੋਏ ਸਨ। ਕਾਲਜ ਦੇ ਮੈਗਜ਼ੀਨ ਤੇ ਸਾਹਿਤ ਸਭਾ ਨੂੰ ਜੋਗਿੰਦਰ ਸਿੰਘ ਨਿਰਾਲਾ, ਵਰਿਆਮ ਮਸਤ ਤੇ ਸੁਖਜੀਤ ਭੱਠਲ ਵਰਗੇ ਹੋਣਹਾਰ ਸਾਹਿਤਕਾਰ ਵਿਦਿਆਰਥੀ ਚਾਰ ਚੰਨ ਲਾ ਰਹੇ ਸਨ।

ਆਲੇ-ਦੁਆਲੇ ਇਨਕਲਾਬੀ ਲਹਿਰ ਜੋਬਨ 'ਤੇ ਸੀ।

ਸੰਤ ਰਾਮ ਉਦਾਸੀ ਦੇ ਗੀਤਾਂ, ਪਾਸ਼ ਦੀਆਂ ਕਵਿਤਾਵਾਂ ਤੇ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਗੂੰਜ ਕਾਲਜ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਸੁਣਾਈ ਦਿੰਦੀ ਸੀ। 'ਸਰਦਲ' 'ਹੇਮ ਜਯੋਤੀ' ਤੇ 'ਸਿਆੜ' ਵਰਗੇ ਸਾਹਿਤਕ ਪੱਤਰ ਅਗਾਂਹਵਧੂ ਲੇਖਕਾਂ ਦੀਆਂ ਕੱਚ-ਘਰੜ ਰਚਨਾਵਾਂ ਵੀ ਖੁਸ਼ ਹੋ ਕੇ ਛਾਪਦੇ ਸਨ। ਇਹੋ ਜਿਹੇ ਖੁਸ਼ਗਵਾਰ ਸਾਹਿਤਕ ਮਾਹੌਲ ਵਿੱਚ ਮੈਂ ਮਿੱਤਰ ਸੈਨ ਗੋਇਲ ਤੋਂ ਮਿੱਤਰ ਸੈਨ ਮੀਤ ਬਣ ਗਿਆ।

ਪ੍ਰਗਟ ਸਿੰਘ ਖਹਿਰਾ ਦਸਵੀਂ ਜਮਾਤ ਦਾ ਜਮਾਤੀ ਸੀ। ਉਨ੍ਹੀਂ ਦਿਨੀਂ ਉਸ ਦੀ ਇੱਕ ਕਹਾਣੀ 'ਬਾਲ ਸੰਦੇਸ਼' (ਪ੍ਰੀਤ ਨਗਰ) ਵਿੱਚ ਛਪੀ। ਸ਼ੁਰੂ ਤੋਂ ਹੀ ਮੇਰੇ ਮਨ ਵਿੱਚ ਹਰ ਕੰਮ ਵਿੱਚ ਮੋਹਰੀ ਰਹਿਣ ਦੀ ਪ੍ਰਵਿਰਤੀ ਸੀ। ਮੈਂ ਸੋਚਿਆ ਮੈਨੂੰ ਵੀ ਲਿਖਣਾ ਤੇ ਛਪਣਾ ਚਾਹੀਦਾ ਹੈ। ਖਹਿਰਾ ਦੀ ਰੀਸ ਨਾਲ ਮੈਂ ਇੱਕ ਕਹਾਣੀ ਲਿਖ ਕੇ 'ਬਾਲ ਸੰਦੇਸ਼' 'ਚ ਭੇਜ ਦਿੱਤੀ ਜੋ ਅਗਲੇ ਹੀ ਅੰਕ 'ਚ ਛਪ ਗਈ। ਉਤਸ਼ਾਹਿਤ ਹੋ ਕੇ ਮੈਂ ਇੱਕ ਹੋਰ ਕਹਾਣੀ ਲਿਖੀ। ਦੋ-ਤਿੰਨ ਮਹੀਨਿਆਂ ਬਾਅਦ ਉਹ ਵੀ ਛਪ ਗਈ। ਇਨਾਂ ਦੋ ਕਹਾਣੀਆਂ ਨਾਲ ਮੇਰੇ ਲੇਖਕ ਬਣਨ ਦੀ ਨੀਂਹ ਰੱਖੀ ਗਈ। ਮੁੜ ਕੇ ਭਾਵੇਂ ਮੇਰੀ ਕਹਾਣੀ 'ਬਾਲ ਸੰਦੇਸ਼' 'ਚ ਨਾ ਛਪੀ ਪਰ 'ਹਾਣੀ' ਤੇ 'ਸਮਰਾਟ' ਸਪਤਾਹਿਕਾਂ ਨੇ ਮੈਨੂੰ ਧੜਾ-ਧੜ ਛਾਪਿਆ। ਮੇਰੇ ਲੇਖਕ ਅਖਵਾਉਣ ਦੀ ਹਉਮੈ ਨੂੰ ਪੱਠੇ ਪੈਂਦੇ ਰਹੇ।

ਇਨਕਲਾਬੀ ਦੋਸਤਾਂ ਦੇ ਸਾਥ ਕਾਰਣ ਹੋਰ ਪੁਸਤਕਾਂ ਦੇ ਨਾਲ-ਨਾਲ ਮਾਸਿਕ 'ਸਰਦਲ' ਵੀ ਪੜਨ ਨੂੰ ਮਿਲਣ ਲੱਗੀ। ਮੇਰੀ ਸੋਚ ਨੇ ਪਲਟਾ ਖਾਧਾ ਤੇ ਮੈਂ ਇਨਕਲਾਬੀ ਦ੍ਰਿਸ਼ਟੀਕੋਣ ਤੋਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਗੁਰਸ਼ਰਨ ਭਾਅ ਜੀ ਉਨਾਂ ਦਿਨਾਂ 'ਚ ਸਰਦਲ ਦੇ ਸੰਪਾਦਕ ਸਨ। ਉਨਾਂ ਮੇਰੀਆਂ ਕਹਾਣੀਆਂ ਨੂੰ ਇਸ ਮੈਗਜ਼ੀਨ 'ਚ ਵਿਸ਼ੇਸ਼ ਸਥਾਨ ਦਿੱਤਾ। 1971 ਦੇ ਅਖੀਰ 'ਚ ਮੈਂ ਬੀ.ਏ ਜਮਾਤ ਦਾ ਵਿਦਿਆਰਥੀ ਹੀ ਸੀ ਤਾਂ ਭਾਅ ਜੀ ਨੇ ਮੇਰਾ ਪਹਿਲਾਂ ਨਾਵਲ 'ਅੱਗ ਦੇ ਬੀਜ' ਸਾਹਿਤ ਕਲਾ ਕੇਂਦਰ ਅੰਮ੍ਰਿਤਸਰ ਵੱਲੋਂ ਛਾਪਿਆ। ਬਲਰਾਜ ਸਾਹਨੀ ਪ੍ਰਕਾਸ਼ਨ ਉਸ ਸਮੇਂ ਨਹੀਂ ਸੀ। ਇਸ ਨਾਵਲ ਦੀ ਇਨਕਲਾਬੀ ਸੁਰ ਸੀ। ਇਹ ਨਕਸਲੀ ਦੌਰ ਦਾ ਪੰਜਾਬੀ 'ਚ ਸਭ ਤੋਂ ਪਹਿਲਾ ਨਾਵਲ ਸੀ।

ਲਾਅ ਦੀ ਪੜਾਈ ਲਈ 1972 'ਚ ਮੈਨੂੰ ਚੰਡੀਗੜ ਜਾਣਾ ਪਿਆ। ਬਰਨਾਲੇ ਦਾ ਸਾਹਿਤਕ ਮਾਹੌਲ ਛੁੱਟ ਗਿਆ। ਇਨਕਲਾਬੀ ਲਹਿਰ ਪਤਨ ਵੱਲ ਤੁਰ ਪਈ। ਇੱਕ-ਇੱਕ ਕਰਕੇ ਸਾਹਿਤਕ ਪਰਚੇ ਬੰਦ ਹੋਣ ਲੱਗੇ। ਸਧਾਰਨ ਵਿਚਾਰਧਾਰਾ ਵਾਲੇ ਪਰਚੇ ਸਾਨੂੰ ਛਾਪਣ ਤੋਂ ਡਰਦੇ ਸਨ। ਨਿਰ ਉਤਸ਼ਾਹਤ ਹੋਣ ਕਾਰਨ ਲਿਖਣਾ ਛੱਡ ਦਿੱਤਾ।

ਪਟਿਆਲੇ ਤੇ ਨਾਭੇ ਦਾ ਪਾਣੀ ਪੀਣ ਬਾਅਦ 1983 'ਚ ਮੈਂ ਰਾਮਪੁਰਾ ਫੂਲ ਆ ਗਿਆ। ਉਸ ਸਮੇਂ ਦਰਸ਼ਨ ਗਿੱਲ (ਬਠਿੰਡਾ) ਇਸ ਹਲਕੇ ਵਿੱਚ ਐਕਸਾਈਜ਼ ਇੰਸਪੈਕਟਰ ਸੀ। ਲਾਹਣ ਦੇ ਕੇਸਾਂ 'ਚ ਗਵਾਹੀ ਦੇਣ ਉਹ ਮੇਰੇ ਕੋਲ ਕਚਹਿਰੀ ਆਉਂਦਾ ਹੁੰਦਾ ਸੀ। ਗੱਲੀਂ-ਗੱਲੀਂ ਇੱਕ ਦਿਨ ਪੁਰਾਣੇ ਭੇਤ ਖੁੱਲ ਗਏ। ਉਸਦੀ ਪ੍ਰੇਰਨਾ ਤੋਂ 12 ਸਾਲ ਬਾਅਦ ਫੇਰ ਕਲਮ ਚੁੱਕ ਲਈ।

? : ਭਾਰਤੀ ਫੌਜਦਾਰੀ ਨਿਆਂ ਪ੍ਰਬੰਧ ਨੂੰ ਗਲਪੀ ਰੂਪ ਦੇਣ ਦਾ ਮਨ ਕਿਵੇਂ ਬਣਾਇਆ?

– ਸਰਕਾਰੀ ਵਕੀਲ ਪੁਲਿਸ ਤੇ ਨਿਆਂਪਾਲਿਕਾ ਵਿੱਚ ਇੱਕ ਕੜੀ ਦੇ ਤੌਰ 'ਤੇ ਕੰਮ ਕਰਦਾ ਹੈ। ਸੁਭਾਵਿਕ ਹੀ ਉਸ ਨੂੰ ਦੋਹਾਂ ਸੰਸਥਾਵਾਂ ਦੇ ਕੰਮ-ਕਾਜ ਦਾ ਗਹਿਰਾ ਅਧਿਐਨ ਹੋ ਜਾਂਦਾ ਹੈ। ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਨਵੇਂ ਦੌਰ ਵਿੱਚ ਅਛੂਤੇ ਪਏ ਪੁਲਿਸ ਪ੍ਰਬੰਧ ਬਾਰੇ ਲਿਖਣਾ ਚਾਹੀਦਾ ਹੈ।

ਮੈਂ ਵਿਗਿਆਨਕ ਤੇ ਯੋਜਨਾਬੱਧ ਢੰਗ ਨਾਲ ਪੁਲਿਸ ਸੱਭਿਆਚਾਰ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਉਨਾਂ ਦਿਨਾਂ 'ਚ ਅੱਤਵਾਦ ਵੀ ਜ਼ੋਰਾਂ ਤੇ ਸੀ। ਪੁਲਿਸ ਮਹਿਕਮੇ ਦਾ ਅੰਗ ਹੋਣ ਕਾਰਨ ਮੈਨੂੰ ਅੱਤਵਾਦ ਨਾਲ ਜੁੜੇ ਲੋਕਾਂ ਦੇ ਵਿਚਾਰਾਂ ਤੇ ਕਿਰਦਾਰਾਂ ਨੂੰ ਸਮਝਣ ਦਾ ਮੌਕਾ ਮਿਲਿਆ। ਦੋਹਾਂ ਸਮੱਸਿਆਵਾਂ ਨੂੰ ਲੈ ਕੇ ਕੁਝ ਕਹਾਣੀਆਂ ਦੀ ਸਿਰਜਣਾ ਕੀਤੀ, ਜਿਨਾਂ 'ਚੋਂ 'ਲਾਮ' 'ਖਾਨਾ ਪੂਰੀ' ਤੇ 'ਦਹਿਸ਼ਤਗਰਦ' ਕਹਾਣੀਆਂ ਨੇ ਲੋਕਾਂ ਦਾ ਧਿਆਨ ਖਿੱਚਿਆ।

ਦਰਸ਼ਨ ਗਿੱਲ ਨੇ ਮੇਰੀ ਬਾਂਹ ਕਾਮਰੇਡ ਸੁਰਜੀਤ ਗਿੱਲ ਨੂੰ ਫੜਾ ਦਿੱਤੀ। ਰਾਮਪੁਰਾ ਫੂਲ ਤੋਂ ਮੇਰੀ ਬਦਲੀ ਜਗਰਾਓਂ ਹੋ ਗਈ। ਕਾਮਰੇਡ ਗਿੱਲ ਨੂੰ ਸ਼ਾਇਦ ਮੇਰੇ 'ਚ ਛੁਪੀ ਪ੍ਰਤਿਭਾ ਨਜ਼ਰ ਆ ਗਈ। ਉਹ ਮੇਰੇ ਕੋਲ ਜਗਰਾਓਂ ਗੇੜਾ ਮਾਰਨ ਲੱਗੇ। ਕਈ ਵਾਰ ਰਾਤ ਵੀ ਰਹਿ ਜਾਂਦੇ। ਕਾਮਰੇਡਾਂ ਵਾਂਗ ਸਕੂਲਿੰਗ-ਸੰਗਤ ਤੇ ਵਿਗਿਆਨਕ ਸੋਚ ਵੱਲ ਸੇਧਤ ਹੋਣ ਲੱਗਾ। ਜਿਵੇਂ ਮੈਂ ਪਹਿਲਾਂ ਦੱਸਿਆ ਕਿ ਸਮਾਜ ਨੂੰ ਮਾਰਕਸੀ ਨਜ਼ਰੀਏ ਤੋਂ ਸਮਝਣ ਦੀ ਕੁਝ ਸੂਝ ਮੈਨੂੰ ਕਾਲਜ ਦੇ ਦਿਨਾਂ ਤੋਂ ਆਉਣੀ ਸ਼ੁਰੂ ਹੋ ਗਈ ਸੀ। ਲਾਅ ਦੀ ਪੜਾਈ ਕਰਦੇ ਸਮੇਂ ਜੁਰਮ ਵਿਗਿਆਨ ਤੇ ਦੰਡ ਵਿਗਿਆਨ ਪੜਿਆ। ਨੌਕਰੀ ਦੌਰਾਨ ਪੁਲਿਸ ਤੇ ਜਰਾਇਮ ਪੇਸ਼ਾ ਲੋਕਾਂ ਨਾਲ ਵਾਹ ਪਿਆ। ਇਸ ਤਰ੍ਹਾਂ ਸਿਧਾਂਤਾਂ ਤੇ ਤੱਥਾਂ ਦਾ ਸੁਮੇਲ ਦਿਮਾਗ ਵਿੱਚ ਜਮਾਂ ਹੋਣ ਲੱਗਾ।

ਕਹਾਣੀ ਲਿਖਣ ਬਾਅਦ ਮੈਨੂੰ ਲੱਗਾ ਕਿ ਇਸ ਲਈ ਵੱਡੇ ਕੈਨਵਸ ਦੀ ਲੋੜ ਹੈ ਤੇ ਨਾਵਲ ਲਿਖਣ ਦਾ ਵਿਚਾਰ ਬਣਾਇਆ।

? : ਇਹ ਕੰਮ ਕਰਦੇ ਸਮੇਂ ਮੁਸ਼ਕਿਲਾਂ ਵੀ ਆਈਆਂ ਹੋਣਗੀਆਂ?

– ਯਾਰ ਮੁਸ਼ਕਿਲਾਂ ਤਾਂ ਆਉਣੀਆਂ ਹੀ ਸਨ। ਜਦੋਂ ਮੇਰਾ ਨਾਵਲ 'ਤਫ਼ਤੀਸ਼' ਛਪਿਆ ਤਾਂ ਮੈਨੂੰ ਸਰਕਾਰ ਦੇ ਵਿਰੋਧ ਦਾ ਸ਼ਿਕਾਰ ਹੋਣਾ ਪਿਆ। 1990 'ਚ ਅੱਤਵਾਦ ਪੂਰੇ ਜੋਬਨ 'ਤੇ ਸੀ। ਅੱਤਵਾਦੀਆਂ ਹੱਥੋਂ ਮਰਵਾਉਣ ਲਈ ਮੈਨੂੰ ਅਜਨਾਲੇ ਬਦਲ ਦਿੱਤਾ ਗਿਆ। ਫਿਰ ਮੈਨੂੰ ਉਥੇ ਜ਼ਲੀਲ ਕੀਤਾ ਜਾਂਦਾ ਰਿਹਾ। ਪਰ ਮੈਂ ਸਬਰ ਨਾਲ ਦਿਨ ਕੱਟੀ ਕਰਦਾ ਰਿਹਾ। 14-15 ਮਹੀਨੇ ਸਜ਼ਾ ਕੱਟਣ ਬਾਅਦ ਮੈਂ ਫਿਰ ਮੁੱਖ ਧਾਰਾ 'ਚ ਆ ਗਿਆ। ਹੁਣ ਮੈਨੂੰ ਕੋਈ ਅਜਿਹੀ ਔਖ ਨਹੀਂ ਹੈ।

? : ਫੌਜਦਾਰੀ ਨਿਆਂ ਪ੍ਰਬੰਧ ਦੀਆਂ ਪੂਰੀ ਤਰ੍ਹਾਂ ਪਰਤਾਂ ਉਖੇੜ ਚੁੱਕੇ ਹੋ। ਹੁਣ ਕੋਈ ਹੋਰ ਵਿਸ਼ਾ ਵੀ ਹੈ, ਜਿਸ 'ਤੇ ਤੁਹਾਡੀ ਕਲਮ ਚੱਲੇਗੀ ਜਾਂ ਫਿਰ ਬੱਸ. . .?

– ਬਹੁਤ ਵਧੀਆ ਸਵਾਲ ਕੀਤਾ ਤੁਸੀਂ; ਅਸੀਂ ਕਾਮਰੇਡ ਕਿਸੇ ਰੱਬ ਨੂੰ ਨਹੀਂ ਮੰਨਦੇ, ਪਰ ਇੱਕ ਵਿਸ਼ਵਾਸ ਹੈ ਕਿ ਇਸ ਸਿਸਟਮ ਨੂੰ ਕੋਈ ਸ਼ਕਤੀ ਜ਼ਰੂਰ ਚਲਾ ਰਹੀ ਹੈ। ਮੈਂ ਜੋ ਲਿਖਿਆ ਆਪਣਾ ਮਿਸ਼ਨ ਸਮਝ ਕੇ ਲਿਖਿਆ। ਮੈਨੂੰ ਲੱਗਦਾ ਸੀ ਕਿ ਮੈਂ ਆਪਣਾ ਮਿਸ਼ਨ ਪੂਰਾ ਕਰ ਲਿਆ ਹੈ। ਹੁਣ ਮੇਰੇ ਕੋਲ ਕੁਝ ਨਹੀਂ ਹੈ ਲਿਖਣ ਲਈ, ਪਰ ਕੁਦਰਤ ਦਾ ਐਸਾ ਕ੍ਰਿਸ਼ਮਾ ਹੋਇਆ ਕਿ ਹੁਣ ਮੇਰੇ ਕੋਲ ਇੱਕ ਮਹੱਤਵਪੂਰਨ ਕੇਸ ਆ ਗਿਆ ਹੈ। ਇਹੋ ਮੇਰਾ ਵਿਸ਼ਾ ਵਸਤੂ ਹੋਵੇਗਾ। ਤੁਸੀਂ ਇਹ ਸਮਝੋ ਕਿ ਉੱਚ ਹਲਕਿਆਂ 'ਚ ਚੱਲ ਰਹੀ ਕੁਰੱਪਸ਼ਨ ਮੇਰੇ ਅਗਲੇ ਨਾਵਲ ਦਾ ਥੀਮ ਹੋਵੇਗਾ।

? : ਤੁਹਾਡੇ ਇਸ ਨਾਵਲਾਂ ਦੀ ਲੜੀ ਦਾ ਨਾਵਲੀ ਬਿਰਤਾਂਤ ਨੂੰ ਕਰਨ ਤੋਂ ਕ੍ਰਾਂਤੀ ਤੱਕ ਲਿਜਾਣ ਜਾ ਯਤਨ ਕਿਹਾ ਹੈ ਬਹੁਤੇ ਆਲੋਚਕਾਂ ਨੇ। ਕੀ ਤੁਸੀਂ ਮੰਨਦੇ ਹੋ ਕਿ ਦਰਪੇਸ਼ ਸਮੱਸਿਆਵਾਂ ਆਧੁਨਿਕ ਵਿਧਾਨਕ ਢਾਂਚੇ ਹੀ ਮਾੜੀ ਮੋਟੀ ਤਬਦੀਲੀ ਕਰਦੇ ਠੀਕ ਹੋ ਸਕਦੀਆਂ ਹਨ ਜਾਂ ਲੋਕ ਸੰਘਰਸ਼ਾਂ ਰਾਹੀਂ ਪੂਰੇ ਸਿਸਟਮ ਨੂੰ ਹੀ ਬਦਲਣ ਦੀ ਲੋੜ ਹੈ? ਕੀ ਤੁਹਾਨੂੰ ਅਜੋਕੇ ਸਮੇਂ ਕਿਸੇ ਕ੍ਰਾਂਤੀ ਦੀ ਆਸ ਹੈ?

– ਦੇਖੋ, ਇਹ ਸਿਸਟਮ ਬਿਲਕੁਲ ਫੇਲ ਹੋ ਚੁੱਕਾ ਹੈ। ਇਸ 'ਚ ਮਾੜੇ ਮੋਟੇ ਵੀ ਸੁਧਾਰ ਦੀ ਗੁੰਜਾਇਸ਼ ਨਹੀਂ

ਦਿਖਾਈ ਦਿੰਦੀ। ਇਸਨੂੰ ਢਾਹ ਕੇ ਨਵਾਂ ਬਣਾਇਆ ਜਾਣਾ ਚਾਹੀਦਾ ਹੈ। ਪਰ ਜੋ ਸਥਿਤੀ ਹੈ, ਉਸ 'ਚ ਅਸੀਂ ਮੌਜੂਦਾ ਸਮੇਂ ਜੋ ਇਸ ਵਿਧਾਨਕ ਢਾਂਚੇ 'ਚ ਮੈਨੂੰ ਹੱਕ ਮਿਲੇ ਹੋਏ ਹਨ, ਉਨਾਂ ਨੂੰ ਸੰਘਰਸ਼ ਕਰਕੇ ਪ੍ਰਾਪਤ ਕਰੀਏ। ਤੁਸੀਂ ਗੱਲ ਕ੍ਰਾਂਤੀ ਦੀ ਕੀਤੀ ਹੈ। ਕ੍ਰਾਂਤੀ ਤਾਂ ਲੋਕ ਲੈ ਕੇ ਆਉਂਦੇ ਹਨ। ਜਦੋਂ ਲੋਕ ਜਾਗਣਗੇ ਇਨਕਲਾਬ ਉਦੋਂ ਹੀ ਆ ਜਾਏਗਾ। 'ਜਦੋਂ ਜਾਗੋਗੇ ਸਵੇਰਾ ਤਦੇ ਹੀ ਹੋਵੇਗਾ'

? : ਤੁਸੀਂ ਵਧੀਆ ਨਾਵਲ ਕਿਸਨੂੰ ਮੰਨਦੇ ਹੋ? ਕੀ ਵਿਸ਼ੇਸਤਾ ਹੋਵੇ ਉਸ ਵਿੱਚ?

– ਦੇਖੋ, ਮੈਂ ਮੰਨਦਾ ਹਾਂ ਕਿ ਵਧੀਆ ਨਾਵਲ ਉਹ ਹੈ ਜੋ ਆਮ ਲੋਕਾਂ ਦੀ ਪਕੜ 'ਚ ਹੋਵੇ, ਉਨਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਦਾ ਹੋਵੇ। ਜਿਵੇਂ ਮੈਨੂੰ ਗੋਰਕੀ ਦਾ 'ਤਿੰਨ ਜਣੇ' ਬਹੁਤ ਵਧੀਆ ਲੱਗਦਾ ਹੈ। ਜੋ ਤਿੰਨ ਦੋਸਤਾਂ ਦੀ ਕਹਾਣੀ ਹੈ। ਜੋ ਦਲਿਤਾਂ ਤੋਂ ਵੀ ਥੱਲੇ ਦੀ ਜਾਤ ਨਾਲ ਸਬੰਧ ਰੱਖਦੇ ਹਨ।

? : ਨਾਵਲ ਲਿਖਦਿਆਂ ਸਭ ਤੋਂ ਵੱਧ ਕਿਨਾਂ ਨੁਕਤਿਆਂ ਵੱਲ ਧਿਆਨ ਦਿੰਦੇ ਹੋ?

– ਮੈਂ ਤਾਂ ਇਕੋ ਨੁਕਤੇ ਨੂੰ ਮੁੱਖ ਰੱਖ ਕੇ ਲਿਖਦਾ ਹਾਂ ਕਿ ਜੋ ਜ਼ਿੰਦਗੀ ਅਸੀਂ ਜੀਅ ਰਹੇ ਹਾਂ ਉਹ ਜੀਣ ਦੇ ਕਾਬਲ ਨਹੀਂ ਹੈ। ਇਸ ਮਾੜੇ ਨਿਜ਼ਾਮ ਤੋਂ ਖਹਿੜਾ ਛਡਾਉਣ ਦਾ ਢੰਗ ਕਿਹੜਾ ਹੈ?

? : ਆਪਣੇ ਨਾਵਲ 'ਤਫ਼ਤੀਸ਼' ਦੀ ਰਚਨਾ ਪ੍ਰਕਿਰਿਆ ਤੇ ਤਕਨੀਕ ਬਾਰੇ ਦੱਸੋ?

– ਮੇਰੇ ਨਾਵਲ ਸਾਰੇ ਹੀ ਫੌਜਦਾਰੀ ਨਿਆਂ ਪ੍ਰਬੰਧ ਨਾਲ ਸਬੰਧਤ ਹਨ। ਇਸ ਲਈ ਇੰਨਾਂ ਨੂੰ ਸਮਝਣ ਲਈ ਇਸ ਪ੍ਰਬੰਧ ਬਾਰੇ ਸੰਖੇਪ ਜਾਨਣਾ ਜ਼ਰੂਰੀ ਹੈ। ਇਸ ਪ੍ਰਬੰਧ ਦੀ ਸਥਾਪਨਾ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਤੇ ਇਨਸਾਫ ਦੇਣ ਲਈ ਕੀਤੀ ਜਾਂਦੀ ਹੈ। ਪੁਲਿਸ ਵਿਭਾਗ ਇਸ ਪ੍ਰਬੰਧ ਦੀ ਪਹਿਲੀ ਕੜੀ ਹੈ। ਇਹਦੀ ਮੁੱਢਲੀ ਜ਼ਿੰਮੇਦਾਰੀ ਕਾਨੂੰਨ ਵਿਵਸਥਾ ਨੂੰ ਬਣਾਉਣ ਤੇ ਜੁਰਮ ਨੂੰ ਰੋਕਣ ਦੀ ਹੈ। ਜੇ ਫੇਰ ਵੀ ਜੁਰਮ ਹੋ ਜਾਂਦੇ ਤਾਂ ਮੁਜਰਮਾਂ ਨੂੰ ਫੜਨ ਦੀ ਹੈ, ਉਨਾਂ ਵਿਰੁੱਧ ਸਬੂਤ ਇਕੱਠੇ ਕਰਨਾ ਤੇ ਰਿਪੋਰਟ ਤਿਆਰ ਕਰਕੇ ਸਜਾ ਲਈ ਅਦਾਲਤ ਪੇਸ਼ ਕਰਨਾ ਹੈ। ਨਿਆਂ-ਪਾਲਿਕਾ ਇਸ ਪ੍ਰਬੰਧ ਦੀ ਦੂਜੀ ਕੜੀ ਹੈ। ਇਸ ਸੰਸਥਾ ਨੇ ਪੁਲਿਸ ਵੱਲੋਂ ਇਕੱਠੇ ਕੀਤੇ ਸਬੂਤਾਂ ਦੀ ਘੋਖ ਨਿਰਪੱਖਤਾ ਨਾਲ ਕਰਨੀ ਹੁੰਦੀ ਹੈ ਜੇ ਦੋਸ਼ ਸਿੱਧ ਹੋ ਜਾਣ ਤਾਂ ਦੋਸ਼ੀ ਨੂੰ ਸਜਾ ਦੇਣੀ ਹੁੰਦੀ ਹੈ। ਜੇ ਮਾਮਲਾ ਸ਼ੱਕੀ ਜਾਪੇ ਤੇ ਬਰੀ ਕਰਨਾ ਹੁੰਦਾ ਹੈ। ਦੋਸ਼ੀ ਠਹਿਰਾਏ ਮੁਜਰਿਮ ਨੂੰ ਸਜ਼ਾ ਭੁਗਤਣ ਲਈ ਚਾਰ ਦੀਵਾਰੀ (ਜੇਲ) 'ਚ ਬੰਦ ਕਰ ਦਿੱਤਾ ਜਾਂਦਾ ਹੈ। ਸੁਧਰਨ ਯੋਗ ਦੋਸ਼ੀਆਂ ਨੂੰ ਸੁਧਾਰਨ ਦੇ ਮੌਕੇ ਦੇ ਕੇ ਉਨਾਂ ਦੇ ਪੁਨਰਵਾਸ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਿਹੜੇ ਮੁਜਰਿਮ ਪੱਕੜ ਬਣ ਜਾਂਦੇ ਹਨ। ਉਨਾਂ ਨੂੰ ਸਮਾਜ ਤੋਂ ਦੂਰ ਰੱਖਣ ਲਈ ਕੈਦ ਕੋਠੜੀਆਂ 'ਚ ਤਾੜੀ ਰੱਖਣਾ ਵੀ ਇਸ ਵਿਭਾਗ ਦੀ ਜ਼ਿੰਮੇਵਾਰੀ ਹੈ।

ਸਿਧਾਂਤਕ ਰੂਪ 'ਚ ਫੌਜਦਾਰੀ ਨਿਆਂ ਪ੍ਰਬੰਧ ਦੀਆਂ ਜ਼ਿੰਮੇਵਾਰੀਆਂ ਜਿੰਨੀਆਂ ਅਹਿਮ ਹਨ ਅਮਲੀ ਰੂਪ 'ਚ ਇਹ ਸੰਸਥਾਵਾਂ ਆਪਣੇ ਉਦੇਸ਼ ਤੋਂ ਉਨੀਆਂ ਹੀ ਭਟਕੀਆਂ ਹੋਈਆਂ ਹਨ। ਪੁਲਿਸ ਵਿਭਾਗ ਵਾਂਗ ਜੇਲ ਵਿਭਾਗ ਗਰਕ ਚੁੱਕਾ ਹੈ। 'ਸੁਧਾਰ ਘਰ', ''ਵਿਗਾੜ ਘਰ'' ਜਾਂ ਕਹੋ ''ਬਘਿਆੜ ਘਰ'' ਬਣ ਚੁੱਕੇ ਹਨ। ਜੇਲੋਂ ਕੈਦੀ ਚੰਗੇ ਸ਼ਹਿਰੀ ਦੀ ਥਾਂ ਪੇਸ਼ਾਵਰ ਮੁਜਰਿਮ ਬਣ ਕੇ ਨਿਕਲਦਾ ਹੈ। ਨਿਆਂ-ਪਾਲਿਕਾ ਦਾ ਵੀ ਇਹੋ ਹਾਲ ਹੈ। ਇਹ ਲੋਕਾਂ ਦੀ ਆਸ ਦੀ ਕਿਰਨ ਹੁੰਦੀ ਹੈ। ਜੇ ਇਥੋਂ ਇਨਸਾਫ ਨਾ ਮਿਲੇ ਤਾਂ ਲੋਕ ਕਿਧਰ ਜਾਣ? ਆਪਣੀ ਇਹੋ ਚਿੰਤਾਂ ਪ੍ਰਗਟਾਉਣ ਲਈ ਕਿ ਉਹ ਇਸ ਭੁਲੇਖੇ 'ਚ ਨਾ ਰਹਿਣ ਕਿ ਅਦਾਲਤਾਂ 'ਚ ਇਨਸਾਫ ਮਿਲਦਾ ਹੈ, ਇਨਾਂ ਨਾਵਲਾਂ ਦੀ ਰਚਨਾ ਕੀਤੀ ਹੈ।

ਹੁਣ ਆਉਂਦੇ ਹਾਂ ਤੁਹਾਡੇ ਸਵਾਲ ਵੱਲ। ਸਮੁੱਚੇ ਪੁਲਿਸ ਸੱਭਿਆਚਾਰ ਨੂੰ ਬਾਰੀਕੀ ਨਾਲ ਪੇਸ਼ ਕਰਨ ਲਈ ਮੈਂ ਇਕ ਨਾਵਲ ਲਿਖਣ ਦੀ ਯੋਜਨਾ ਬਣਾਈ। ਰੂਪ ਰੇਖਾ ਘੜਨ ਲੱਗਾ ਤਾਂ ਮੇਰੇ ਪੱਲੇ ਕੁਝ ਵੀ ਨਹੀਂ ਸੀ। ਜੁਰਮਾਂ ਤੇ ਜ਼ਰਾਇਮ ਪੇਸ਼ਾ ਲੋਕਾਂ ਬਾਰੇ ਤੱਥ ਤਾਂ ਬਥੇਰੇ ਸਨ ਪਰ ਉਨਾਂ ਨੂੰ ਕਿਸ ਸਿਧਾਂਤ ਤਹਿਤ ਤੇ ਕਿਸ ਲੜੀ ਵਿਚ ਪਰੋ ਕੇ ਪੇਸ਼ ਕੀਤਾ ਜਾਵੇ ਇਹ ਸਮਝੋਂ ਬਾਹਰ ਹੋਣ ਲੱਗਾ। ਸਹੀ ਰਾਹ ਲੱਭਣ ਲਈ ਮੁੜ ਜੁਰਮ ਵਿਗਿਆਨ, ਦੰਡ ਵਿਗਿਆਨ ਤੇ ਮਾਰਕਸਵਾਦ ਦਾ ਅਧਿਐਨ ਕੀਤਾ। ਰਸਤੇ ਰੌਸ਼ਨ ਹੋਣ ਲੱਗੇ, ਕੜੀਆਂ ਜੁੜਨ ਲੱਗੀਆਂ ਤੇ ਕਹਾਣੀ ਰਾਹ ਪੈ ਗਈ।

ਪੁਲਿਸ ਦੇ ਬਹੁਤ ਕੁਕਰਮ ਥਾਣੇ ਦੀ ਚਾਰ ਦੀਵਾਰੀ ਅੰਦਰ ਹੁੰਦੇ ਹਨ। ਸਧਾਰਨ ਵਿਅਕਤੀ ਦੀ ਉਥੋਂ ਤੱਕ ਪਹੁੰਚ ਨਹੀਂ ਹੁੰਦੀ। ਨਾਵਲ ਨੂੰ ਮੈਂ ਯਥਾਰਥ ਤੋਂ ਲਾਂਭੇ ਨਹੀਂ ਸੀ ਹੋਣ ਦੇਣਾ ਚਾਹੁੰਦਾ। ਮੁੱਢਲਾ ਗਿਆਨ ਹਾਸਲ ਕਰਨ ਲਈ ਮੈਂ ਆਪਣੇ ਅਹੁਦੇ ਦੀ ਵਰਤੋਂ ਕਰਕੇ ਥਾਣੇ ਗਿਆ। ਮੁਜਰਿਮਾਂ ਨੂੰ ਕੁਰਸੀਆਂ, ਘੋਟੇ ਤੇ ਰੱਸੇ ਲੱਗਦੇ ਦੇਖੇ। ਗੰਦੇ ਹਵਾਲਤਾਂ ਤੇ ਬੈਰਕਾਂ ਦੀ ਘੋਖ ਕੀਤੀ। ਮੇਰੀ ਧਾਰਨਾ ਹੈ ਕਿ ਕਿਸੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਸ ਪ੍ਰਬੰਧ ਦੇ ਹਰ ਛੋਟੇ ਵੱਡੇ ਪਹਿਲੂ ਦਾ ਬਾਰੀਕੀ ਨਾਲ ਅਧਿਐਨ ਹੋਣਾ ਚਾਹੀਦਾ ਹੈ। ਪੁਲਿਸ ਪ੍ਰਬੰਧ ਦੀ ਪਹਿਲੀ ਕੜੀ ਸਿਪਾਹੀ ਹੈ। ਥਾਣੇ ਨਾਲ ਵਾਹ ਪ੍ਰਵੇਸ਼ ਦੁਆਰ 'ਤੇ ਖੜੇ ਸੰਤਰੀ ਤੋਂ ਪੈਣਾ ਸ਼ੁਰੂ ਹੋ ਜਾਂਦਾ ਹੈ। ਉਹ ਇੱਕ ਸਿਪਾਹੀ ਹੁੰਦਾ ਹੈ। ਪੁਲਿਸ ਪ੍ਰਬੰਧ ਹੌਲਦਾਰ, ਥਾਣੇਦਾਰ, ਡਿਪਟੀ ਆਦਿ ਰਾਹੀਂ ਹੁੰਦਾ ਹੋਇਆ ਮੁੱਖ ਮੰਤਰੀ ਤੱਕ ਪੁੱਜਦਾ ਹੈ। ਮੈਂ ਇਨਾਂ ਕੜੀਆਂ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਨਾ ਚਾਹੁੰਦਾ ਸੀ। ਇਸ ਲਈ ਮੈਂ ਨਾਵਲ ਨੂੰ ਸੰਤਰੀ ਤੋਂ ਸ਼ੁਰੂ ਕਰਕੇ ਮੁੱਖ ਮੰਤਰੀ ਤੱਕ ਪਹੁੰਚਾਇਆ ਹੈ। ਰਹੀ ਗੱਲ ਤਕਨੀਕ ਦੀ ਤਾਂ ਲੋੜ ਕਾਢ ਦੀ ਮਾਂ ਹੈ। ਮੇਰੇ ਦਿਮਾਗ 'ਚ ਵਿਸ਼ਾਲ ਵਿਸ਼ਾ ਸੀ। ਨਾਵਲ ਕੀ ਕੋਈ ਵੀ ਪਰੰਪਰਾਗਤ ਵਿਧੀ ਇਸ ਨੂੰ ਪ੍ਰਗਟਾ ਨਹੀਂ ਸੀ ਸਕਦੀ। ਤਕਨੀਕ ਨੇ ਆਪਣਾ ਰਾਹ ਆਪ ਬਣਾਇਆ ਹੈ। ਮੈਂ ਸੁਚੇਤ ਹੋ ਕੇ ਕੋਈ ਕਾਢ ਨਹੀਂ ਕੱਢੀ।

? : 'ਕਟਿਹਰਾ' ਦੀ ਵਿਉਂਤ ਕਿਵੇਂ ਬਣੀ?

– 'ਤਫ਼ਤੀਸ਼' ਲਿਖ ਕੇ ਮੇਰੇ ਮਨ ਚੋਂ ਸਾਰੀ ਭੜਾਸ਼ ਨਿਕਲ ਗਈ। ਪੁਲਿਸ ਸੱਭਿਆਚਾਰ ਬਾਰੇ ਜੋ ਕੁਝ ਵੀ ਲਿਖਿਆ ਜਾ ਸਕਦਾ ਸੀ। ਉਹ ਇਸ ਨਾਵਲ 'ਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੋ ਚੁੱਕਾ ਸੀ। ਇਸ ਨਾਵਲ ਨੂੰ ਛਪਿਆਂ 21 ਸਾਲ ਹੋ ਗਏ ਨੇ। ਅੱਜ ਤੱਕ ਮੈਨੂੰ ਇੱਕ ਗੱਲ ਵੀ ਅਜਿਹੀ ਨਹੀਂ ਸੁੱਝੀ ਜੋ ਲਿਖਣੀ ਰਹਿ ਗਈ ਹੋਵੇ ਨਾ ਹੀ ਅੱਜ ਤੱਕ ਪੁਲਿਸ ਸੱਭਿਆਚਾਰ 'ਚ ਕੋਈ ਅਜਿਹੀ ਖਾਸ ਤਬਦੀਲੀ ਆਈ ਜੋ ਨਾਵਲ 'ਚ ਸੋਧ ਦੀ ਮੰਗ ਕਰਦੀ ਹੋਵੇ। ਸਾਰਾ ਅਨੁਭਵ 'ਤਫ਼ਤੀਸ਼' 'ਚ ਪੇਸ਼ ਕਰਨ ਤੋਂ ਬਾਅਦ ਮੇਰੇ 'ਚ ਖੜੋਤ ਆ ਗਈ। ਉਧਰ ਤਫ਼ਤੀਸ਼ ਉਪੱਰ ਭਰਪੂਰ ਬਹਿਸ ਛਿੜ ਪਈ। ਇੱਕ ਸੈਮੀਨਾਰ ਦੌਰਾਨ ਆਪਣੇ ਵੱਲੋਂ ਬੋਲਦੇ ਹੋਏ ਮੈਨੂੰ ਮਹਿਸੂਸ ਹੋਇਆ ਕਿ ਮੇਰਾ ਅਨੁਭਵ ਪੁਲਿਸ ਸੱਭਿਆਚਾਰ ਤੱਕ ਹੀ ਸੀਮਤ ਨਹੀਂ ਹੈ। ਪੁਲਿਸ ਵਿਭਾਗ ਤਾਂ ਫੌਜਦਾਰੀ ਨਿਆਂ-ਪ੍ਰਬੰਧ ਦੀ ਕੇਵਲ ਇੱਕ ਸੰਸਥਾ ਹੈ। ਮੈਨੂੰ ਬਾਕੀ ਦੀਆਂ ਦੋਵਾਂ ਸੰਸਥਾਵਾਂ, ਨਿਆਂ-ਪਾਲਿਕਾ ਤੇ ਜੇਲ ਬਾਰੇ ਵੀ ਲਿਖਣਾ ਚਾਹੀਦਾ ਹੈ। ਉਸੇ ਸੈਮੀਨਾਰ ਵਿੱਚ ਮੈਂ ਕਿਹਾ ਕਿ ਮੈਂ 'ਕਟਿਹਰਾ' ਤੇ 'ਸੁਧਾਰ ਘਰ' ਵੀ ਲਿਖਾਂਗਾ।

? : ਤੁਸੀਂ ਨਿਆਂ-ਪ੍ਰਬੰਧ ਦੇ ਅਸਲੋਂ ਅਣਛੋਹੇ ਵਿਸ਼ੇ ਨੂੰ ਜਦ ਗਲਪ ਅਨੁਭਵ ਦਾ ਵਿਸ਼ਾ ਬਣਾਇਆ ਤਾਂ ਤੁਹਾਨੂੰ ਅਨੁਭਵ ਤੋਂ ਬਿਨਾਂ ਹੋਰ ਕਿਹੜੀਆਂ ਪੁਸਤਕਾਂ ਦੀ ਸਹਾਇਤਾ ਲੈਣੀ ਪਈ?

– ਨਾਵਲ 'ਸੁਧਾਰ ਘਰ' ਲਿਖਣ ਤੋਂ ਪਹਿਲਾਂ ਜੇਲ ਪ੍ਰਬੰਧ ਤੇ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਮੈਂ ਜੇਲ ਮੈਨੂਅਲ ਦੇ ਨਾਲ-ਨਾਲ ਮੇਰੀ ਟੇਲਰ ਦੀ ਪੁਸਤਕ 'ਭਾਰਤੀ ਜੇਲਾਂ ਵਿੱਚ ਪੰਜ ਵਰ੍ਹੇ', ਮੋਹਨ ਭਾਸਕਰ ਦੀ ਪੁਸਤਕ 'ਮੈਂ ਸਾਂ ਪਾਕਿਸਤਾਨ ਵਿੱਚ ਭਾਰਤ ਦਾ ਜਾਸੂਸ' ਅਤੇ ਅਨਿਲ ਵਾਰਵੇ ਦਾ ਨਾਵਲ 'ਪਰਬਤੋਂ ਭਾਰੀ ਮੌਤ' ਪੜੇ। ਕਿਰਨ ਬੇਦੀ ਤੇ ਕੁਲਦੀਪ ਨਈਅਰ ਦੇ ਜੇਲਾਂ ਬਾਰੇ ਅਨੁਭਵ ਦਾ ਅਧਿਐਨ ਕੀਤਾ। ਜੇਲ ਪ੍ਰਬੰਧਾਂ ਬਾਰੇ ਸੁਪਰੀਮ ਕੋਰਟ ਵੱਲੋਂ 'ਸੁਨੀਲ ਬੱਤਰਾ ਬਨਾਮ ਦਿੱਲੀ ਪ੍ਰਸ਼ਾਸਨ' ਨਾਂ ਦੇ ਦੋ ਅਹਿਮ ਫੈਸਲਿਆਂ ਦਾ ਇਕੱਠੇ ਮੁਤਾਲਿਆ ਕੀਤਾ। ਇਸ ਤਰ੍ਹਾਂ ਨਿੱਜੀ ਅਨੁਭਵ ਤੋਂ ਬਿਨਾਂ ਅਧਿਐਨ ਵੀ ਜ਼ਰੂਰੀ ਹੈ।

? : 'ਕੌਰਵ ਸਭਾ' ਦੀ ਉਤਪਤੀ ਬਾਰੇ ਦੱਸੋ?

– 1992 ਚ ਮੇਰੀ ਬਦਲੀ ਲੁਧਿਆਣੇ ਹੋ ਗਈ। ਲੁਧਿਆਣਾ ਪੰਜਾਬ ਦਾ ਇੱਕੋ-ਇੱਕ ਮਹਾਂ-ਨਗਰ ਹੈ। ਜਿਥੇ ਵਿਗੜਿਆ ਪੂੰਜੀਵਾਦ ਪੂਰੇ ਜੋਬਨ 'ਤੇ ਟਹਿਕ ਰਿਹਾ ਹੈ। ਮੈਨੂੰ ਲੱਗਾ ਪੂੰਜੀਵਾਦ ਨੂੰ ਸਮਝਣ ਲਈ ਇਹ ਵਧੀਆ ਮੌਕਾ ਹੈ। ਮੈਂ ਆਪਣਾ ਤੀਜਾ ਨੇਤਰ ਖੋਲਿਆ। ਥੋੜੇ ਜਿਹੇ ਯਤਨਾਂ ਨਾਲ ਹੀ ਪੂੰਜੀਵਾਦ ਦੇ ਭੇਤਾਂ ਦੇ ਪਟਾਰੇ ਖੁੱਲਣ ਲੱਗੇ। ਪੈਸੇ ਹੱਥੀਂ ਕਾਨੂੰਨ ਵਿਕਦਾ ਪ੍ਰਤੱਖ ਨਜ਼ਰ ਆਉਣ ਲੱਗਾ। ਸਾਧਨ ਸੰਪੰਨ ਲੋਕ ਪੈਸੇ ਦੇ ਜ਼ੋਰ 'ਤੇ ਵੱਡੇ-ਵੱਡੇ ਜੁਰਮ ਕਰਨ ਤੋਂ ਬਾਅਦ ਬਰੀ ਹੁੰਦੇ ਦਿਖਾਈ ਦੇਣ ਲੱਗੇ। ਅਫਸਰਸ਼ਾਹੀ, ਰਾਜਨੀਤੀ, ਧਰਮ ਆਦਿ ਸਭ ਸੰਸਥਾਵਾਂ ਇਕੋ ਉਦੇਸ਼ 'ਵੱਧ ਤੋਂ ਵੱਧ ਧੰਨ ਇਕੱਠਾ ਕਰਨ' ਦੀ ਹੋੜ ਚ ਬੇਕਿਰਕ ਹੋ ਕੇ ਬੇਇਨਸਾਫੀਆਂ ਕਰਦੀਆਂ ਨਜ਼ਰ ਆਈਆਂ। ਹੋ ਰਹੀਆਂ ਇਨਾਂ ਧੱਕੇ-ਸ਼ਾਹੀਆਂ ਦੇ ਕਾਰਨ ਖੋਜੇ ਤੇ ਸਮਝੇ। ਮਨ 'ਚ ਪੀੜਤ ਧਿਰ ਲਈ ਹਮਦਰਦੀ ਜਾਗਣ ਲੱਗੀ। ਇਹੋ ਹਮਦਰਦੀ 'ਕੌਰਵ ਸਭਾ' ਦੇ ਬਿਰਤਾਂਤ ਦਾ ਬੀਜ ਬਣੀ। ਕਈ ਸਾਲਾਂ ਤੋਂ ਰੁਕੀ ਕਲਮ ਨੂੰ ਨਵਾਂ ਰਾਹ ਦਿਖਾਈ ਦਿੱਤਾ। ਅੰਦਰ ਉਬਲਦਾ ਲਾਵਾ ਬਾਹਰ ਨਿਕਲਣ ਲਈ ਕਾਹਲਾ ਪੈਣ ਲੱਗਾ।

? : 'ਕੌਰਵ ਸਭਾ' 'ਚ ਤੁਹਾਡਾ ਇੱਛਤ ਯਥਾਰਥ ਕੀ ਹੈ? ਇਹ ਕਿਸ ਹੱਦ ਤੱਕ ਨਾਵਲ ਦੇ ਚੌਖਟੇ 'ਚ ਢਲ ਸਕਿਆ ਹੈ?

– ਇਸ ਨਾਵਲ ਰਾਹੀਂ ਮੈਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਅੱਜ ਦਾ ਸਮਾਂ ਕੌਰਵਾਂ ਦੇ ਵੱਧਣ ਫੁੱਲਣ ਦਾ ਹੈ। ਹਰ ਥਾਂ ਹਨੇਰ ਤੇ ਬੇਇਨਸਾਫੀ ਹੈ। ਨਾਲ ਹੀ ਮੇਰਾ ਇਹ ਸੰਦੇਸ਼ ਵੀ ਹੈ ਕਿ ਪਾਂਡਵ ਵੀ ਡਰ ਕੇ ਨਹੀਂ ਬੈਠੇ। ਉਹ ਆਪਣੇ ਹੱਕਾਂ ਲਈ ਲੜ ਰਹੇ ਹਨ। ਇਹ ਗੱਲ ਹੋਰ ਹੈ ਕਿ ਉਨਾਂ ਦੀ ਗਿਣਤੀ ਘੱਟ ਹੈ। ਮੇਰੀ ਇਹ ਚਾਹਤ ਨਾਵਲ ਦੇ ਚੌਖਟੇ ਵਿੱਚ ਪੂਰੀ ਤਰਾਂ ਢਲ ਗਈ ਹੈ।

? : ਹੁਣ ਗੱਲ ਕਰਦੇ ਹਾਂ 'ਸੁਧਾਰ ਘਰ' ਦੀ, ਜੋ ਕਿਤਾਬਾਂ ਪਹਿਲਾਂ ਤੁਸੀਂ ਦੱਸੀਆਂ ਹਨ ਉਨਾਂ ਤੋਂ ਬਿਨਾਂ ਹੋਰ ਕਿਸ-ਕਿਸ ਦਾ ਅਧਿਐਨ ਕੀਤਾ ਇਹ ਨਾਵਲ ਲਿਖਣ ਲਈ?

– ਮੇਰੀ ਸਮੱਸਿਆ ਨੂੰ ਸੁਲਝਾਇਆ ਮੇਰੇ ਗਿਰਾਈਂ ਮਿੱਤਰ ਜਗਦੀਸ਼ ਕੁਮਾਰ ਮਿੱਤਲ, ਆਈ. ਪੀ. ਐਸ ਨੇ। ਉਨਾਂ ਮੈਨੂੰ ਕਈ ਜੇਲਾਂ ਦਾ ਦੌਰਾ ਕਰਾਇਆ, ਜੇਲ ਬਣਤਰ ਤੇ ਜੇਲ ਜੀਵਨ ਤੋਂ ਵਾਕਿਫ ਕਰਵਾਇਆ। ਇੱਕ ਹੋਰ ਮਿੱਤਰ ਮਾਸਟਰ ਭੱਜ ਦਸ ਸਾਲ ਜੇਲ ਜੀਵਨ ਦੀ ਕਠੋਰਤਾ ਹੰਢਾ ਚੁੱਕੇ ਹਨ। ਲੰਮੀਆਂ ਮੁਲਾਕਤਾਂ ਕਰ-ਕਰ ਉਨਾਂ ਨੇ ਮੇਰੀ ਵਾਕਫੀਅਤ ਦੇ ਖੱਪਿਆਂ ਨੂੰ ਪੂਰਿਆ। ਕਈ ਪੇਸ਼ੀ ਭੁਗਤਾਉਣ ਆਉਂਦੇ ਕੈਦੀਆਂ ਨੂੰ ਮੈਂ ਆਪਣੇ ਦਫਤਰ ਬੁਲਾ ਕੇ ਮਹੱਤਵਪੂਰਨ ਜਾਣਕਾਰੀ ਹਾਸਲ ਕੀਤੀ।

? : ਜੇਲ ਜੀਵਨ ਬਾਰੇ ਲਿਖੇ ਹੋਰ ਮਹੱਤਵਪੂਰਨ ਸਾਹਿਤ ਨਾਲੋਂ ਵੱਖਰਾ ਲਿਖਣ ਦੀ ਯੋਜਨਾ ਕਿਸ ਤਰ੍ਹਾਂ ਬਣੀ? ਨਾਲੇ ਇਸ ਨਾਵਲ ਦੀ ਰਚਨਾ ਪ੍ਰਕਿਰਿਆ ਬਾਰੇ ਦੱਸੋ?

– ਇੱਕ ਸਰਕਾਰੀ ਵਕੀਲ ਹੋਣ ਦੇ ਨਾਤੇ ਮੇਰਾ ਜ਼ਿਆਦਾਤਰ ਵਾਹ ਪੀੜਤ ਧਿਰ ਨਾਲ ਪੈਂਦਾ ਹੈ। ਜੇਲ 'ਚ ਕੈਦੀਆਂ ਨੂੰ ਛੁੱਟੀਆਂ, ਸਿਹਤ ਕਿੱਤਾ ਤੇ ਕਾਨੂੰਨੀ ਸਹਾਇਤਾ ਆਦਿ ਸਹੂਲਤਾਂ ਮਿਲਦੀਆਂ ਰਹਿੰਦੀਆਂ ਹਨ। ਪੀੜਤ ਧਿਰ ਨੂੰ ਇਨਾਂ ਸਹੂਲਤਾਂ 'ਤੇ ਇਤਰਾਜ਼ ਹੁੰਦਾ ਹੈ। ਮੈਨੂੰ ਲੱਗਦਾ ਸੀ ਕਿ ਕੈਦੀਆਂ ਨੂੰ ਲੋੜ ਤੋਂ ਵੱਧ ਸਹੂਲਤਾਂ ਮਿਲ ਰਹੀਆਂ ਹਨ ਤੇ ਇਸ ਕਾਰਨ ਪੀੜਤ ਧਿਰ ਦੇ ਜ਼ਖਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ। ਮੇਰਾ ਵਿਚਾਰ ਸੀ ਕਿ ਕੈਦੀਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਮੇਰੇ ਦਿਮਾਗ ਵਿੱਚ ਨਾਵਲ ਦੀ ਜੋ ਰੂਪ-ਰੇਖਾ ਬਣੀ ਉਹ (ਜੋ ਪਹਿਲਾਂ ਬਣੀ) ਕੈਦੀਆਂ ਨੂੰ ਮਿਲਦੀਆਂ ਸਹੂਲਤਾਂ 'ਤੇ ਕਟਾਖਸ਼ ਕਰਨ ਦੀ ਸੀ। ਜੇਲ ਜੀਵਨ ਬਾਰੇ ਅਧਿਐਨ ਕਰਦੇ-ਕਰਦੇ ਮੇਰੇ ਹੱਥ 'ਸੁਨੀਲ ਬੱਤਰ ਬਨਾਮ ਦਿੱਲੀ ਪ੍ਰਸ਼ਾਸਨ' ਸੁਪਰੀਮ ਕੋਰਟ ਦੇ ਦੋ ਮਹੱਤਵਪੂਰਨ ਫੈਸਲੇ ਲੱਗੇ। ਪਹਿਲਾ ਫੈਸਲਾ 1978 'ਚ ਹੋਇਆ ਦੂਜਾ 1980 ਵਿੱਚ। ਸੁਪਰੀਮ ਕੋਰਟ ਦੇ ਇੱਕ ਜੱਜ ਜਸਟਿਸ ਕ੍ਰਿਸ਼ਨਾ ਅਈਅਰ ਆਪਣੇ ਕ੍ਰਾਂਤੀਕਾਰੀ ਫੈਸਲਿਆਂ ਲਈ ਪ੍ਰਸਿੱਧ ਹਨ। ਇਹ ਵੀ ਉਨਾਂ ਦਾ ਹੀ ਸੀ। ਕੈਦੀਆਂ ਦੇ ਨਰਕ ਵਰਗੇ ਜੀਵਨ ਸਬੰਧੀ ਲਿਖੇ ਤਰਕਸੰਗਤ ਫੈਸਲੇ ਪੜ ਕੇ ਮੇਰੇ ਰੌਂਗਟੇ ਖੜੇ ਹੋ ਗਏ ਤੇ ਮੇਰੇ ਵਿਚਾਰਾਂ ਨੇ ਪਲਟਾ ਖਾਧਾ। ਮੈਨੂੰ ਗਿਆਨ ਹੋਇਆ ਕਿ ਮਿਲ ਰਹੀਆਂ ਸਹੂਲਤਾਂ ਦਾ ਮਜ਼ਾ ਤਾਂ ਕੁਝ ਸਾਧਨ ਸੰਪੰਨ ਲੋਕ ਹੀ ਮਾਣ ਰਹੇ ਹਨ। ਬਾਕੀ ਕੈਦੀ ਤਾਂ ਕੀੜਿਆਂ ਵਾਂਗ ਰਹਿ ਰਹੇ ਹਨ। ਪਹਿਲੀ ਯੋਜਨਾ ਨੂੰ ਖਾਰਜ ਕਰਕੇ ਮੈਂ ਨਵੀਂ ਯੋਜਨਾ ਉਲੀਕੀ। ਨਵੀਂ ਰੂਪ-ਰੇਖਾ ਵਿੱਚ ਸਾਧਨਹੀਣ ਕੈਦੀਆਂ ਦੇ ਦੁੱਖਾਂ ਦਰਦਾਂ ਦੀ ਪੇਸ਼ਕਾਰੀ ਭਾਰੂ ਹੋਈ। ਨਵੇਂ ਤੱਥ ਇਕੱਠੇ ਕੀਤੇ। ਕਹਾਣੀ ਤੇ ਪਾਤਰਾਂ ਵਿੱਚ ਪਰਿਵਰਤਨ ਕੀਤਾ। ਹਥਲੇ ਨਾਵਲ ਦਾ ਬਿਰਤਾਂਤ ਹੋਂਦ ਵਿੱਚ ਆਇਆ।

ਮਨੋਵਿਗਿਆਨ ਇਹ ਮੰਨ ਕੇ ਚੱਲਦਾ ਹੈ ਕਿ ਵਿਅਕਤੀ ਮਾਨਸਿਕ ਪ੍ਰਸਥਿਤੀਆਂ ਦੇ ਦਬਾਅ ਹੇਠ ਆ ਕੇ ਜੁਰਮ ਕਰਦਾ ਹੈ। ਪ੍ਰਸਥਿਤੀਆਂ ਮਾਨਸਿਕ, ਸਮਾਜਿਕ ਜਾਂ ਆਰਥਿਕ ਕੋਈ ਵੀ ਹੋ ਸਕਦੀਆਂ ਹਨ। ਜੇਲ ਨਿਯਮ ਮੰਗ ਕਰਦੇ ਹਨ ਕਿ ਕੈਦੀ ਦੇ ਤੌਰ 'ਤੇ ਹੀ ਕੈਦੀ ਨੂੰ ਲਿਆ ਜਾਵੇ। ਉਹਦੀਆਂ ਸਮੱਸਿਆਵਾਂ ਸਮਝ ਕੇ ਹੱਲ ਕੀਤਾ ਜਾਵੇ। ਪਰ ਮੇਰੇ ਅਨੁਭਵ ਤੋਂ ਇਹ ਸਿੱਟਾ ਨਿੰਕਲਦਾ ਹੈ ਕਿ ਵਾਪਰ ਇਸ ਦੇ ਉਲੱਟ ਰਿਹਾ ਹੈ। ਸੁਨੀਲ ਬੱਤਰਾ ਵਾਲੇ ਕੇਸ ਚ ਸੁਪਰੀਮ ਕੋਰਟ ਨੇ ਦਿੱਲੀ ਪ੍ਰਸ਼ਾਸਨ ਨੂੰ ਆਪਣਾ ਪੱਖ ਪੇਸ਼ ਕਰਨ ਤੇ ਜੇਲ ਸੁਧਾਰਾਂ ਚ ਉਨਾਂ ਨੂੰ ਪੇਸ਼ ਆਉਂਦੀਆਂ ਔਕੜਾਂ ਦੱਸਣ ਲਈ ਆਖਿਆ ਸੀ। ਦਿੱਲੀ ਪ੍ਰਸ਼ਾਸਨ ਨੇ ਖੁੱਲ ਕੇ ਆਪਣੇ ਦੁੱਖ ਰੋਏ। ਬਜਟ, ਸਿੱਖਿਆ, ਉਚਿਤ ਵੇਤਨ ਦੀ ਘਾਟ ਦੇ ਨਾਲ-ਨਾਲ ਉਨਾਂ ਨੇ ਕਰਮਚਾਰੀਆਂ ਦੀ ਘਾਟ ਤੇ ਬੈਰਕਾਂ ਦੀ ਘਾਟ ਦੇ ਰੋਣੇ ਰੋਏ। ਆਪਣੇ ਅਹੁਦੇ ਕਾਰਨ ਮੈਂ ਕਰਮਚਾਰੀਆਂ, ਜੇਲ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ। ਸਿੱਟਾ ਕੱਢਿਆ ਕਿ ਕੰਮ ਦੀ ਬਹੁਤਾਤ, ਵੇਤਨ ਤੇ ਉਚਿੱਤ ਸਿਖਲਾਈ ਦੀ ਘਾਟ ਕਾਰਨ ਜੇਲ ਅਧਾਕਰੀ ਖੁਦ ਮਾਨਸਿਕ ਤਨਾਅ 'ਚ ਰਹਿੰਦੇ ਹਨ। ਉਨਾਂ ਨੂੰ ਆਪਣੀ ਕੁਰਸੀ ਤੇ ਪੱਗ ਦਾ ਫਿਕਰ ਰਹਿੰਦਾ ਹੈ। ਅਜਿਹੇ ਹਾਲਾਤ ਚ ਕੋਈ ਕਰਮਚਾਰੀ ਕੈਦੀਆਂ ਦੀ ਸਮੱਸਿਆ ਕਿਸ ਤਰਾਂ ਸੁਲਝਾ ਸਕਦਾ ਹੈ? ਮੈਨੂੰ ਜੇਲ ਜੀਵਨ ਬਾਰੇ ਲਿਖਣ ਦਾ ਮਸਾਲਾ ਮਿਲ ਗਿਆ। ਮੈਂ ਜੇਲ ਪ੍ਰਸ਼ਾਸਨ ਨਾਲ ਜੁੜੇ ਵਿਅਕਤੀਆਂ ਦੀਆਂ ਸਮੱਸਿਆਵਾਂ ਦਾ ਵੀ ਜ਼ਿਕਰ ਕੀਤਾ ਆਪਣੇ ਨਾਵਲ ਵਿੱਚ। ਮੇਰੇ ਅਧਿਐਨ ਦਾ ਸਿੱਟਾ ਨਿਕਲਿਆ ਕਿ ਕੈਦੀਆਂ ਤੇ ਹੁੰਦੇ ਅੱਤਿਆਚਾਰਾਂ ਲਈ ਵਿਅਕਤੀ ਦੀ ਥਾਂ ਸਟੇਟ ਜ਼ਿੰਮੇਵਾਰ ਹੈ। ਇਸ ਕੁਸ਼ਾਸਨ ਦਾ ਜ਼ਿੰਮੇਵਾਰ ਸਮੁੱਚਾ ਰਾਜਨੀਤਕ ਢਾਂਚਾ ਹੈ। 'ਸੁਧਾਰ ਘਰ' ਤੋਂ ਪਹਿਲਾਂ ਲਿਖਿਆ ਗਿਆ ਸਾਹਿਤ ਇੱਕ ਪਾਸੜ ਲੱਗਾ ਮੈਨੂੰ।

? : 'ਸੁਧਾਰ ਘਰ' ਨਾਵਲ 'ਚ ਸੈਂਕੜੇ ਕੈਦੀਆਂ ਦੇ ਪਿਛੋਕੜ ਦਾ ਜ਼ਿਕਰ ਹੈ ਨਾਲੇ ਇਕ ਕੈਦੀ ਦਾ ਪਿਛੋਕੜ ਦੂਜੇ ਨਾਲੋਂ ਵੱਖ ਹੈ, ਇਹ ਵਖਰੇਵੇਂ ਪੇਸ਼ ਕਰਨ ਲਈ ਕਿੰਨੀ ਕੁ ਖੋਜ ਤੇ ਅਧਿਐਨ ਦੀ ਲੋੜ ਪਈ?

– ਲੰਮੀਆਂ ਸਜ਼ਾਵਾਂ ਆਮ ਤੌਰ ਤੇ ਤਿੰਨ ਚਾਰ ਕਿਸਮ ਦੇ ਮੁਜਰਿਮਾਂ ਨੂੰ ਦਿੱਤੀਆਂ ਜਾਂਦੀਆਂ ਹਨ। ਜਿਵੇਂ ਕਤਲ, ਬਲਾਤਕਾਰ ਜਾਂ ਸਮੱਗਲਰ। ਜਦੋਂ ਨਾਵਲ ਲਈ ਪਾਤਰਾਂ ਦੀ ਚੋਣ ਕਰਨ ਲੱਗਾ ਤਾਂ ਲੱਗਾ ਕਿ ਪਾਤਰ ਬਲਾਤਕਾਰੀਆਂ 'ਚੋਂ ਹੀ ਚੁਣਨੇ ਪੈਣੇ ਹਨ। ਇੰਜ ਬਿਰਤਾਂਤ ਜਾਂ ਦੋ-ਤਿੰਨ ਪਾਤਰਾਂ ਬਾਰੇ ਉਸਾਰਨਾ ਪੈਣਾ ਸੀ ਜਾਂ ਦੁਹਰਾਓ ਦਾ ਸ਼ਿਕਾਰ ਹੋਣਾ ਪੈਣਾ ਸੀ। ਨਾਵਲ ਨੂੰ ਅਰਥ ਭਰਪੂਰ ਬਣਾਉਣ ਲਈ ਮੈਂ ਜੁਰਮ ਵਿਗਿਆਨ ਦਾ ਮੁੜ ਅਧਿਐਨ ਕਰਕੇ ਜੁਰਮਾਂ ਪਿਛਲੇ ਵੱਖ-ਵੱਖ ਕਾਰਨ ਲੱਭੇ ਤੇ ਉਨਾਂ ਦੁਆਲੇ ਕਹਾਣੀ ਦਾ 'ਤਾਣਾ-ਬਾਣਾ' ਬੁਣਿਆ। ਮੁਜਰਿਮਾਂ ਦੇ ਜਮਾਤੀ ਕਿਰਦਾਰਾਂ ਦਾ ਅਧਿਐਨ ਕੀਤਾ। ਉਨਾਂ ਦੇ ਵੱਖ-ਵੱਖ ਵਰਗ ਬਣਾਏ। ਇੱਕ ਵਰਗ ਦੇ ਲੋਕਾਂ ਨੂੰ ਇੱਕ ਬੈਰਕ ਵਿੱਚ ਬੰਦ ਕਰਕੇ ਉਨਾਂ ਦੇ ਜਮਾਤੀ ਪਿਛੋਕੜ, ਮੁਜਰਿਮ ਬਣਨ ਦੇ ਕਾਰਨ ਤੇ ਕਿਰਦਾਰ ਪੇਸ਼ ਕੀਤੇ ਜਿਵੇਂ; ਕਿ 'ਬਾਦਸ਼ਾਹ ਦੀ ਬੈਰਕ' 'ਚ 'ਮੰਗਤੇ', 'ਪੰਛੀਆਂ' ਦੀ ਬੈਰਕ 'ਚ ਲੁੰਪਨ, 'ਕੋਠੀ' ਵਿੱਚ ਸਿਆਸੀ ਆਗੂ ਤੇ ਅਫਸਰਸ਼ਾਹ ਤੇ 'ਸਿੰਘਾਂ ਦੀ ਬੈਰਕ' 'ਚ ਅੱਤਵਾਦੀ ਕੈਦੀ ਪੇਸ਼ ਕੀਤੇ। ਮੈਂ ਆਪਣੇ ਉਦੇਸ਼ 'ਚ ਸਫਲ ਹੋਇਆ ਹਾਂ ਜਾਂ ਨਹੀਂ ਇਹ ਪਾਠਕਾਂ ਨੂੰ ਪਤਾ ਹੈ।

? : ਮੇਰੇ ਖਿਆਲ ਚ ਮੁਜਰਮਾਂ ਦੇ ਪਿਛਲ-ਝਾਤ ਪਵਾਉਣੀ ਬੜੀ ਤਰਕ ਸੰਗਤ ਗੱਲ ਹੈ, ਨਾਵਲ ਦੀ?

– ਇਹੀ ਤਾਂ ਖਾਸੀਅਤ ਹੈ ਇਸ ਨਾਵਲ ਦੀ। ਇਸ 'ਚ ਇਹ ਦੱਸਿਆ ਹੈ ਕਿ ਕੋਈ ਜੰਮਦਾ ਹੀ ਅਪਰਾਧੀ ਨਹੀਂ ਹੁੰਦਾ। ਉਹ ਕਿਨ੍ਹਾਂ ਹਾਲਾਤਾਂ 'ਚ ਇੱਥੇ ਪੁੱਜਦੇ ਹਨ।

? : ਸ਼ਬਦਾਂ ਤੇ ਪਰੂਫ ਰੀਡਿੰਗ ਦੀਆਂ ਬੜੀਆਂ ਗਲਤੀਆਂ ਹਨ। 'ਸੁਧਾਰ ਘਰ' ਵਿਚਲੀਆਂ ਗਲਤੀਆਂ ਤੋਂ ਤਾਂ ਇਉਂ ਲੱਗਦਾ ਹੈ ਕਿ ਜੇ ਮੇਰੇ ਵਰਗਾ ਇਹੋ ਜਿਹੇ ਦੋ-ਚਾਰ ਨਾਵਲ ਹੋਰ ਪੜ ਲਏ ਤਾਂ ਜੋ ਮਾੜੀ-ਮੋਟੀ ਪੰਜਾਬੀ

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries

Umesh Amin
email: unamin@gmail.com

WE CARE YOUR CAR BETTER
Phone:780 463 2886

ਆਉਂਦੀ ਹੈ, ਉਹ ਵੀ ਭੁੱਲ ਜਾਵੇਗਾ?
– ਹਾਂ, ਇਹ ਗ਼ਲਤੀ ਰਹਿ ਗਈ ਸੀ ਇਸ ਵਿੱਚ, ਅਗਲੀ ਵਾਰ ਖਿਆਲ ਰੱਖਿਆ ਜਾਵੇਗਾ।

? : 'ਸੁਧਾਰ ਘਰ' ਤੇ 'ਕੌਰਵ ਸਭਾ' ਚੋਂ ਕਿਸਨੂੰ ਪਸੰਦ ਕਰੋਗੇ?
– (ਹੱਸ ਕੇ) ਦੇਖੋ 'ਕੌਰਵ ਸਭਾ' ਦਿਲਚਸਪ ਹੈ ਤੇ 'ਸੁਧਾਰ ਘਰ' ਡੂੰਘਾਈ ਭਰਪੂਰ ਹੈ।

? : ਸਮੁੱਚੇ ਭ੍ਰਿਸ਼ਟ ਪ੍ਰਬੰਧ 'ਚ ਕੀ ਵੈਲਫੇਅਰ ਸੁਸਾਇਟੀ ਜਾਂ 'ਸੰਮਤੀ' ਦਾ ਕੋਈ ਰੋਲ ਹੈ?
– ਯਾਰ, ਇਸ ਘੁੱਪ ਹਨੇਰੇ 'ਚ ਕਿਸੇ ਨੇ ਤਾਂ ਰੌਸ਼ਨੀ ਦੀ ਕਿਰਨ ਬਣਨਾ ਹੀ ਹੈ । ਬਾਕੀ ਫੇਰ ਹੌਲੀ ਹੌਲੀ ਚਾਨਣ ਵੱਲ ਕਦਮ ਵਧਣਗੇ।

? : ਕੀ ਤੁਹਾਡੇ ਪਾਤਰ ਤੁਹਾਡੇ ਕੰਟਰੋਲ 'ਚ ਹਨ?
– ਹਾਂ ਮੇਰੇ ਨਾਵਲਾਂ ਦੇ ਪਾਤਰ ਪੂਰੀ ਤਰਾਂ ਮੇਰੇ ਕੰਟਰੋਲ 'ਚ ਹਨ। ਮੈਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਮੈਂ ਕਿਸ ਪਾਤਰ ਤੋਂ ਕੀ ਕੰਮ ਕਰਾਉਣਾ ਹੈ। ਮੈਂ ਪਹਿਲਾਂ ਹੀ ਪੂਰੀ ਯੋਜਨਾਬੰਦੀ ਕੀਤੀ ਹੁੰਦੀ ਹੈ। ਮੈਂ ਉਨਾਂ ਲੇਖਕਾਂ ਨਾਲ ਸਹਿਮਤ ਨਹੀਂ ਜੋ ਕਹਿੰਦੇ ਹਨ ਕਿ ਕਹਾਣੀ ਆਪੇ ਮੋੜਾ ਕੱਟ ਗਈ। ਪਾਤਰਾਂ ਨੇ ਮੈਥੋਂ ਇਹ ਕੰਮ ਆਪੇ ਕਰਵਾ ਲਿਆ।

? : ਅੱਜ ਕੱਲ ਪੰਜਾਬੀ ਨਾਵਲ ਕਿਥੇ ਖੜਾ ਹੈ ਤੇ ਕੀ ਸੰਭਾਵਨਾਵਾਂ ਹਨ?
– ਦੇਖੋ ਮੈਨੂੰ ਪੜਨ ਦਾ ਬਹੁਤਾ ਸਮਾਂ ਨਹੀਂ ਲੱਗਦਾ। ਮੇਰੇ ਕੋਲ ਤਾਂ ਮੇਰੇ ਕੇਸ ਹੀ ਨਾਵਲ ਤੋਂ ਵੱਧ ਕੇ ਹਨ। ਤੁਸੀਂ ਅੱਜ ਦੇ ਪੰਜਾਬੀ ਨਾਵਲ ਦੀ ਗੱਲ ਕੀਤੀ ਹੈ। ਹੁਣ ਚੰਗੇ ਲਿਖੇ ਜਾ ਰਹੇ ਹਨ। ਸੰਭਾਵਨਾ ਦਾ ਕੋਈ ਅੰਤ ਨਹੀਂ ਹੁੰਦਾ।

? : ਪੰਜਾਬੀ ਲੇਖਕ ਨਾਵਲ ਲਿਖਣ ਵੱਲ ਘੱਟ ਰੁਚਿਤ ਕਿਉਂ ਹਨ?
– ਮੇਰੇ ਖਿਆਲ ਹੁਣ ਪੰਜਾਬੀ ਨਾਵਲ ਚੋਖਾ ਲਿਖਿਆ ਜਾ ਰਿਹਾ ਹੈ।

? : ਪੰਜਾਬੀ ਨਾਵਲ ਜਗਤ 'ਚ ਕਿਸ ਚੀਜ਼ ਦੀ ਘਾਟ ਹੈ?
– ਪੰਜਾਬੀ ਨਾਵਲ ਦੀ ਜੇ ਘਾਟ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬੀ ਨਾਵਲਕਾਰ ਘਸੇ-ਪਿਟੇ ਵਿਸ਼ਿਆਂ ਜਿਵੇਂ ਕਿਰਸਾਨੀ, ਮੱਧ-ਵਰਗੀ ਸਮੱਸਿਆਵਾਂ ਜਾਂ ਵਰਜਿਤ ਰਿਸ਼ਤਿਆਂ ਬਾਰੇ ਲਿਖੀ ਜਾ ਰਹੇ ਹਨ। ਖੋਜ ਕਰਕੇ ਲਿਖਣ ਦੀ ਮਨੋਬਿਰਤੀ ਨਹੀਂ ਹੈ। ਸਾਡੇ ਨਾਵਲਕਾਰਾਂ 'ਚ ਵਿਸ਼ੇ ਰਪੀਟ ਹੋ ਰਹੇ ਹਨ।

? : ਮੈਂ ਤੁਹਾਡੀ ਇਸ ਗੱਲ ਨਾਲ ਪੂਰੀ ਤਰਾਂ ਸਹਿਮਤ ਨਹੀਂ ਹਾਂ। ਕਿਰਸਾਨੀ ਦਾ ਸਰੂਪ ਵੀ ਪਹਿਲਾਂ ਵਾਲਾ ਨਹੀਂ ਰਿਹਾ ਬਹੁਤ ਬਦਲ ਗਿਆ ਹੈ। ਨਾਵਲਕਾਰ ਇਸਨੂੰ ਵਿਸ਼ਾ-ਵਸਤੂ ਬਣਾ ਰਿਹਾ ਹੈ। ਮੱਧ ਵਰਗੀ ਸਮੱਸਿਆਵਾਂ ਵੀ ਹੁਣ ਉਹ ਨਹੀਂ ਰਹੀਆਂ ਅਸਲ 'ਚ ਇਹਨਾਂ ਦੇ ਸਰੂਪ ਬਦਲਣ ਕਰਕੇ ਇਹ ਘਸੇ-ਪਿਟੇ ਵਿਸ਼ੇ ਹਨ ਹੀ ਨਹੀਂ। ਨਵੇਂ ਨਾਵਲਕਾਰ ਇਹ ਸਮੱਸਿਆਵਾਂ ਨੂੰ ਆਪਣੇ ਨਾਵਲ ਦਾ ਵਿਸ਼ਾ ਬਣਾ ਰਹੇ ਹਨ। ਹਾਂ ਵਰਜਿਤ ਰਿਸ਼ਤਿਆਂ ਵਾਲੀ ਗੱਲ ਨਾਲ ਸਹਿਮਤ ਹੋਇਆ ਜਾ ਸਕਦਾ ਹੈ।
– ਯਾਰ ਜੇ ਤੂੰ ਕਹਿ ਰਿਹਾ ਏ ਤਾਂ ਮੰਨ ਲੈਂਦੇ ਹਾਂ, ਪਰ ਜੇਕਰ ਇਹਨਾਂ 'ਚ ਹੁਣ ਕੁਝ ਨਵਾਂ ਹੋ ਰਿਹਾ ਹੈ ਤੇ ਪੰਜਾਬੀ ਨਾਵਲ ਚ ਆ ਰਿਹਾ ਹੈ ਤਾਂ ਇਹ ਚੰਗੀ ਗੱਲ ਹੈ।

? : ਕੀ ਸਾਹਿਤਕ ਸੰਸਥਾਵਾਂ ਲੇਖਕ ਦੇ ਵਿਕਾਸ 'ਚ ਕੋਈ ਭੂਮਿਕਾ ਨਿਭਾ ਸਕਦੀਆਂ ਹਨ?
– ਕਿਸੇ ਸਮੇਂ ਭੂਮਿਕਾ ਸੀ। ਪਰ ਗੁੱਟਬੰਦੀ ਦਾ ਸ਼ਿਕਾਰ ਹਨ।

? : ਕੀ ਮਕਬੂਲੀਅਤ ਕਿਸੇ ਰਚਨਾ ਦੀ ਉੱਤਮਤਾ ਦਾ ਮਾਪਦੰਡ ਹੋ ਸਕਦੀ ਹੈ?
– ਨਹੀਂ, ਇਕੱਲੀ ਮਕਬੂਲੀਅਤ ਬਿਲਕੁਲ ਨਹੀਂ।

? : ਕੁਝ ਸਾਹਿਤਕਾਰ ਕਹਿੰਦੇ ਹਨ ਲਿਖਣ ਦਾ ਮੂਲ ਮਨੋਰਥ ਮਨੋਰੰਜਨ ਹੈ, ਨਾਵਲ ਵਰਗੀ ਲਿਖਤ ਪਾਠਕ ਦਾ ਮਨੋਰੰਜਨ ਕਰੇ ਇਹ ਪਹਿਲੀ ਸ਼ਰਤ ਹੈ, ਬਾਕੀ ਬਾਅਦ ਦੀਆਂ ਬਾਤਾਂ ਹਨ। ਕੁਝ ਦਾ ਮੱਤ ਹੈ ਮਨੋਰੰਜਨ ਦਾ ਉਕਾ ਹੀ ਕੋਈ ਅਰਥ ਨਹੀਂ; ਆਪਣੀ ਰਚਨਾ 'ਚ ਦ੍ਰਿਸ਼ਟੀਕੋਣ ਦੇਣਾ ਚਾਹੀਦਾ ਹੈ? ਤੁਸੀਂ ਕਿਹੜੇ ਪਾਸੇ ਖੜੇ ਹੋ?
– ਦ੍ਰਿਸ਼ਟੀਕੋਣ ਵਾਲੇ ਮੱਤ ਨਾਲ ਤਾਂ ਮੈਂ ਸਹਿਮਤ ਹਾਂ ਹੀ, ਜਿਥੋਂ ਤੱਕ ਮਨੋਰੰਜਨ ਦੀ ਗੱਲ ਹੈ, ਜੇਕਰ ਮਨੋਰੰਜਨ ਦਾ ਅਰਥ ਅਸ਼ਲੀਲਤਾ ਜਾਂ ਘਟੀਆ ਪੱਧਰ ਤੋਂ ਹੈ ਤਾਂ ਮੈਂ ਰੱਦ ਕਰਦਾ ਹਾਂ। ਜੇਕਰ ਮਨੋਰੰਜਨ ਤੋਂ ਭਾਵ ਰੌਚਕਤਾ ਤੋਂ ਹੈ ਤਾਂ ਮੈਂ ਸਹਿਮਤ ਹਾਂ।

? : ਤੁਸੀਂ ਨਾਵਲ ਵੀ ਲਿਖੇ ਹਨ ਤੇ ਕਹਾਣੀਆਂ ਵੀ, ਇਸ ਲਈ ਇਹ ਦੱਸੋ ਕਿ ਕੁਝ ਲੋਕ ਨਾਵਲ ਨੂੰ ਕਹਾਣੀ ਲਿਖਣ ਨਾਲੋਂ ਸੌਖਾ ਮੰਨਦੇ ਹਨ? ਕੀ ਕਹੋਗੇ?




– ਜੇਕਰ ਕਿਸੇ ਨੇ ਨਾਵਲ ਸਹੀ ਢੰਗ ਨਾਲ ਲਿਖਣਾ ਹੈ ਤਾਂ ਔਖਾ ਹੈ।

? : ਆਮ ਪਾਠਕ ਨਾਵਲ ਲਿਖਣ ਨੂੰ ਕਹਾਣੀ ਤੋਂ ਅਗਲੀ ਪੌੜੀ ਸਮਝਦਾ ਹੈ?
– ਮੈਂ ਇਸ ਮੱਤ ਨਾਲ ਸਹਿਮਤ ਹਾਂ ਨਾਵਲ ਕਹਾਣੀ ਤੋਂ ਅਗਲੀ ਪੌੜੀ ਹੀ ਹੈ।

? : ਵਕਾਲਤ ਕਰਨ ਤੇ ਸਾਹਿਤਕਾਰੀ ਕਰਨ ਚ ਕਿੰਨਾ ਕੁ ਫਰਕ ਨਜ਼ਰ ਆਉਂਦਾ ਹੈ? ਵਕੀਲੀ ਤਾਂ ਤੁਹਾਡੀ ਸਾਹਿਤਕਾਰੀ ਲਈ ਵਰਦਾਨ ਸਿੱਧ ਹੋਈ ਹੈ ਨਾ?
– ਮੇਰੀ ਵਕੀਲੀ ਤੇ ਸਿਰਜਣਾ ਦਾ ਗੂੜਾ ਰਿਸ਼ਤਾ ਹੈ। ਇੱਕ ਲੇਖਕ ਲਈ ਵਕਾਲਤ ਤੋਂ ਵਧੀਆ ਕੋਈ ਕਿੱਤਾ ਹੋ ਹੀ ਨਹੀਂ ਸਕਦਾ। ਵਕੀਲ ਹਰ ਸਮੇਂ ਗਿਆਨ ਦੇ ਸਮੁੰਦਰ ਵਿੱਚ ਵਿਚਰਦਾ ਹੈ। ਕੇਸ ਤਿਆਰ ਕਰਦੇ ਸਮੇਂ ਉਸਦਾ ਹਰ ਵਰਗ, ਹਰ ਜਮਾਤ ਤੇ ਹਰ ਕਿੱਤੇ ਨਾਲ ਸਬੰਧਤ ਵਿਅਕਤੀਆਂ ਨਾਲ ਵਾਹ ਪੈਂਦਾ ਹੈ। ਮਜਬੂਰੀ ਵੱਸ ਸਾਇਲ ਨੂੰ ਵਾਪਰੀ ਘਟਨਾ ਦੀ ਜਾਣਕਾਰੀ ਵਕੀਲ ਨੂੰ ਬਾਰੀਕੀ ਨਾਲ ਦੇਣੀ ਪੈਂਦੀ ਹੈ। ਆਪਣੇ ਹਰ ਰਾਜ਼ ਤੋਂ ਪਰਦਾ ਚੁੱਕਣਾ ਪੈਂਦਾ ਹੈ। ਇਥੋਂ ਤੱਕ ਕਿ ਕਾਤਲ ਨੂੰ ਵੀ ਇਹ ਦੱਸਣਾ ਪੈਂਦਾ ਹੈ ਕਿ ਉਸਨੇ ਕਤਲ ਕੀਤਾ ਹੈ। ਤਿੱਖੀ ਬੁੱਧੀ ਵਾਲਾ ਵਕੀਲ ਸਮੱਸਿਆ ਪਿਛਲੇ ਆਰਥਿਕ, ਸਮਾਜਿਕ ਤੇ ਮਨੋਵਿਗਿਆਨਕ ਕਾਰਨਾਂ ਦੀ ਘੋਖ ਕਰਦਾ ਹੈ। ਸਰਕਾਰੀ ਵਕੀਲ ਹੋਣ ਦਾ ਇੱਕ ਹੋਰ ਫਾਇਦਾ ਹੈ। ਪ੍ਰਾਈਵੇਟ ਵਕੀਲ ਕੋਲ ਕੇਵਲ ਇੱਕ ਧਿਰ ਆਉਂਦੀ ਹੈ। ਇਸ ਲਈ ਉਹਨੂੰ ਸਮੱਸਿਆ ਦੇ ਇੱਕ ਪੱਖ ਬਾਰੇ ਸਮਝ ਪੈਂਦੀ ਹੈ ਪਰ ਸਰਕਾਰੀ ਵਕੀਲ ਕੋਲ ਦੋਵੇਂ ਧਿਰਾਂ ਆਉਂਦੀਆਂ ਹਨ (ਕਈ ਵਾਰ)। ਮੈਂ ਲੇਖਕ ਪਹਿਲਾਂ ਹਾਂ ਵਕੀਲ ਬਾਅਦ ਵਿੱਚ। ਇਸ ਲਈ ਮੇਰੇ ਵਰਗੇ ਪਾਰਖੂ ਨੂੰ ਸੱਚ ਤੱਕ ਪੁੱਜਣ 'ਚ ਦੇਰ ਨਹੀਂ ਲੱਗਦੀ। ਜੇ ਮੈਂ ਸਰਕਾਰੀ ਵਕੀਲ ਨਾ ਹੁੰਦਾ ਤਾਂ ਸ਼ਾਇਦ ਮਨੁੱਖੀ ਵੇਦਨਾ ਨੂੰ ਇੰਨੀ ਗਹਿਰਾਈ ਨਾਲ ਨਾ ਸਮਝ ਸਕਦਾ।

? : ਪੰਜਾਬੀ ਚ ਵੱਡ-ਅਕਾਰੀ ਨਾਵਲ ਦੀ ਘਾਟ ਕਿਉਂ ਰਹੀ ਹੈ? ਕੋਈ ਵੱਡ-ਅਕਾਰੀ ਨਾਵਲ ਲਿਖਣ ਬਾਰੇ ਸੋਚਿਆ?
– ਪੰਜਾਬੀ ਚ ਘਾਟ ਕਿਉਂ ਰਹੀ ਹੈ ਮੈਂ ਕਹਿ ਨਹੀਂ ਸਕਦਾ ਪਰ ਹਾਂ ਮੈਂ ਅਕਾਰ ਦੇਖ ਕੇ ਨਹੀਂ ਲਿਖਦਾ।

? : ਆਪਣੇ ਪਸੰਦੀਦਾ ਪੰਜਾਬੀ ਤੇ ਪੰਜਾਬੀ ਤੋਂ ਬਾਹਰਲੇ ਲੇਖਕਾਂ ਜਾਂ ਰਚਨਾਵਾਂ ਦੇ ਨਾਂ ਗਿਣਾਉਗੇ?
– ਕੰਮ ਭਾਵੇਂ ਔਖਾ ਹੈ ਪਰ ਗਿਣਾ ਦਿੰਦਾ ਹਾਂ। ਗੁਰਦਿਆਲ ਸਿੰਘ ਦਾ 'ਮੜੀ ਦਾ ਦੀਵਾ' ਦਲੀਪ ਕੌਰ ਟਿਵਾਣਾ ਦਾ 'ਏਹੋ ਹਮਾਰਾ ਜੀਵਣਾ' ਗੋਰਕੀ ਦਾ 'ਤਿੰਨ ਜਣੇ' ਟਾਲਸਟਾਏ ਦਾ 'ਮੋਇਆ ਦੀ ਜਾਗ' ਬਾਕੀ ਜੇਲ ਜੀਵਨ ਬਾਰੇ ਸਬੰਧਤ ਕਿਤਾਬਾਂ ਤੈਨੂੰ ਪਹਿਲਾਂ ਹੀ ਇੱਕ ਸਵਾਲ ਦੇ ਜਵਾਬ 'ਚ ਦੱਸ ਚੁੱਕਾ ਹਾਂ।

? : ਆਪਣੇ ਪਸੰਦੀਦਾ ਆਲੋਚਕਾਂ ਦੇ ਨਾਂ ਗਿਣਾਉਗੇ?
– ਯਾਰ ਕਿਉਂ ਮੇਰੇ ਗਲ ਆਲੋਚਕਾਂ ਨੂੰ ਪਾਉਣ ਲੱਗਿਆ ਏਂ; ਫੇਰ ਵੀ ਮੈਂ ਮੰਨਦਾ ਹਾਂ ਕਿ ਆਲੋਚਕ ਸਾਰੇ ਹੀ ਠੀਕ ਹਨ। ਟੀ.ਆਰ.ਵਿਨੋਦ ਤੇ ਪ੍ਰੀਤਮ ਸਿੰਘ ਰਾਹੀ ਦਾ ਨਾਂ ਲੈ ਲੈਂਦਾ ਹਾਂ।

? : ਨਾਵਲ ਦਾ ਨਾਂ 'ਸੁਧਾਰ ਘਰ' ਵਿਅੰਗ ਵਜੋਂ ਰੱਖਿਆ ਹੈ?
– ਹਾਂ।

? : ਹਰ ਰੋਜ਼ ਦਾ ਨਿੱਤਨੇਮ ਕੀ ਹੈ?
– ਕੋਈ ਖਾਸ ਨਹੀਂ; ਸਵੇਰੇ ਪੰਜ ਵਜੇ ਉੱਠਦਾ ਹਾਂ, ਸੈਰ ਕਰਦਾ ਹਾਂ, ਫੇਰ ਯੋਗਾ ਜਾਂ ਕੋਈ ਹੋਰ ਵਰਜ਼ਿਸ ਕਰਦਾ ਹਾਂ। ਚਾਹ ਪੀਂਦਾ ਹਾਂ, ਰਾਤ ਨੂੰ ਘੁੱਟ ਲਾ ਵੀ ਲਈਦੀ ਹੈ।

? : ਪਰਿਵਾਰ ਬਾਰੇ ਦੱਸੋ?
– ਮੈਂ ਹਾਂ, ਮੇਰੀ ਪਤਨੀ ਰਾਜਰਾਣੀ, ਮੇਰਾ ਬੇਟਾ ਤੇ ਬੇਟੀ ਹੈ। ਬੇਟੀ ਵਿਆਹੀ ਹੈ। ਅਸੀਂ ਸਾਰੇ ਹੀ ਨੈਸ਼ਨਲ ਸਕਾਲਰਸ਼ਿਪ ਹਾਂ।

? : ਪਰਿਵਾਰ, ਕਿੱਤਾ ਤੇ ਸਿਰਜਣਾ 'ਚੋਂ ਸਭ ਤੋਂ ਪਹਿਲਾਂ ਤਰਜੀਹ ਕਿਸਨੂੰ ਦਿੰਦੇ ਹੋ?
– ਮੇਰੇ ਲਈ ਪਹਿਲਾਂ ਪਰਿਵਾਰ ਹੈ ਫੇਰ ਕਿੱਤਾ ਹੈ ਤੇ ਅਖੀਰ ਚ ਸਿਰਜਣਾ ਹੈ।

? : ਆਪਣੇ ਸਮਕਾਲੀਆਂ ਦਾ ਹੁੰਗਾਰਾ ਕਿੱਦਾਂ ਦਾ ਮਿਲਿਆ?
– ਘੱਟ ਮਿਲਿਆ ਹੈ, ਤੂੰ ਆਪ ਹੀ ਅੰਦਾਜ਼ਾ ਲਾ ਲੈ ਕਿ 'ਸੁਧਾਰ ਘਰ' ਨੂੰ ਭਾਸ਼ਾ ਵਿਭਾਗ ਦੇ 'ਨਾਨਕ ਸਿੰਘ ਪੁਰਸਕਾਰ' ਲਈ ਦਲੀਪ ਕੌਰ ਟਿਵਾਣਾ ਤੇ ਉਮ ਪ੍ਰਕਾਸ਼ ਗਾਸੋ ਨੇ ਕੁਆਲੀਫਾਈਡ ਨੰਬਰ ਵੀ ਨਹੀਂ ਦਿੱਤੇ। ਸਿਰਫ ਨਰਿੰਜਨ ਤਸਨੀਮ ਨੇ
ਖੁੱਲ-ਦਿਲੀ ਦਿਖਾਈ ਹੈ। ਹੁਣ ਇਹੀ ਨਾਵਲ ਸਾਹਿਤ ਅਕਾਦਮੀ ਪੁਰਸਕਾਰ ਲੈ ਗਿਆ ਹੈ।

? : ਵਕੀਲਾਂ ਵਿੱਚ ਸੌ ਤਰ੍ਹਾਂ ਦੇ ਗੁਣ-ਔਗੁਣ ਹੁੰਦੇ ਹਨ। ਉਹ ਰਿਸ਼ਵਤ ਲੈਂਦੇ ਹਨ। ਹੋਰ ਵਧੇਰੇ ਪੁੱਠੇ-ਸਿੱਧੇ ਕੰਮ ਕਰਦੇ ਹਨ। ਕੀ ਤੁਸੀਂ ਵੀ ਇਸ ਤਰ੍ਹਾਂ ਦੇ ਹੋ?
– ਵਕੀਲਾਂ ਵਾਲੇ ਜਿਸ ਸਿਸਟਮ ਚ ਅਸੀਂ ਰਹਿ ਰਹੇ ਹਾਂ। ਰਹਿਣਾ ਹੀ ਪੈਂਦਾ ਹੈ। ਜਦੋਂ ਸਿਸਟਮ ਹੀ ਕੁਰੱਪਟ ਹੈ। ਫਿਰ ਅਸੀਂ ਕਿਵੇਂ ਬਚ ਸਕਦੇ ਹਾਂ। ਹਾਂ ਪਰ ਮੈਂ ਪੂਰੀ ਤਰ੍ਹਾਂ ਖੁੱਭਿਆ ਨਹੀਂ ਹੋਇਆ।

? : ਇੱਕ ਨਾਵਲਕਾਰ ਕਹਿੰਦਾ ਹੈ ਕਿ ਪੰਜਾਬੀ ਨਾਵਲ ਚ ਸਮਾਜਿਕ ਚਿਤਰਨ ਤਾਂ ਹੈ ਪਰ ਨਾਵਲੀਅਤਾ ਨਹੀਂ ਹੈ। ਕੀ ਕਹੋਗੇ?
– ਮੈਂ ਇਸ ਬਾਰੇ ਕੋਈ ਟਿੱਪਣੀ ਨਹੀਂ ਕਰਾਂਗਾ। ਸਿਰਫ ਏਨਾ ਕਹਾਂਗਾ ਕਿ ਆਪਣੀ ਗੱਲ ਕਿਸੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਹਿਣਾ ਕਲਾ ਹੈ।

? : ਇੱਕ ਨਾਵਲਕਾਰ ਕਹਿੰਦਾ ਹੈ ਕਿ ਮੇਰੇ ਨਾਵਲਾਂ ਨੂੰ ਸਧਾਰਨ ਪਾਠਕ ਪੜ ਹੀ ਨਹੀਂ ਸਕਦਾ?
– ਜਦੋਂ ਕਿਸੇ ਦੇ ਗੱਲ ਸਮਝ ਹੀ ਨਾ ਆਉਂਦੀ ਹੋਵੇ ਤਾਂ ਲਿਖਣ ਦਾ ਕੀ ਫਾਇਦਾ। ਮੇਰਾ ਉਦੇਸ਼ ਇਹੀ ਹੁੰਦਾ ਹੈ ਕਿ ਮੇਰੇ ਨਾਵਲ ਸਧਾਰਨ ਤੋਂ ਸਧਾਰਨ ਤੇ ਗਿਆਨੀ ਤੋਂ ਗਿਆਨੀ ਨੂੰ ਵੀ ਸਮਝ ਆਉਣ। ਕਵਿਤਾ ਆਮ ਪਾਠਕ ਤੋਂ ਦੂਰ ਚਲੀ ਗਈ, ਕੀ ਸਿੱਟਾ ਨਿਕਲਿਆ। ਮੈਨੂੰ ਅੱਜ ਦੀ ਕਵਿਤਾ ਸਮਝ ਨਹੀਂ ਆਉਂਦੀ।

? : ਕਦੇ ਗਿਆਨਪੀਠ ਦਾ ਖੁਆਬ ਵੇਖਿਆ?
– ਓ ਨਾਂਹ ਯਾਰ ਨਾ, ਏਨੇ ਜੋਗਾ ਕਿੱਥੇ।

? : ਕਦੇ ਸਾਹਿਤ ਅਕਾਦਮੀ ਦੇ ਇਨਾਮ ਦਾ ਖੁਆਬ ਵੇਖਿਆ ਸੀ?
– ਹਾਂ, ਏਨੇ ਜੋਗਾ ਤਾਂ ਮੈਂ ਸੀ।(ਹੱਸ ਕੇ)

? : ਇਹ ਇਨਾਮ ਲੈਣ ਲਈ ਕੀ ਜੁਗਾੜ ਕੀਤਾ?
– ਕਮਾਲ ਏ ਯਾਰ! ਤੈਨੂੰ ਵੀ ਇਹ ਜੁਗਾੜ ਲੱਗ ਰਿਹਾ ਹੈ? ਭਰਾਵਾ ਮੈਨੂੰ ਕੀਹਨੇ ਪੁੱਛਣਾ ਸੀ ਮੇਰਾ ਤਾਂ 'ਰੱਬ ਸਬੱਬੀ' ਕੰਮ ਬਣ ਗਿਆ। ਨਾਟਕਕਾਰ ਆਤਮਜੀਤ, ਪ੍ਰਮਿੰਦਰਜੀਤ ਤੇ ਮਨਮੋਹਨ ਬਾਵਾ ਵੀ ਇਸ ਦੌੜ 'ਚ ਸਨ। ਆਤਮਜੀਤ ਨੂੰ ਇਸ ਲਈ ਨਹੀਂ ਮਿਲ ਸਕਿਆ ਕਿਉਂਕਿ ਉਸਦੇ ਨਾਟਕ ਕਿਸੇ ਹੋਰ ਦੀਆਂ ਕਹਾਣੀਆਂ ਤੇ ਆਧਾਰਤ ਸਨ। ਮਨਮੋਹਨ ਬਾਵਾ ਇਸ ਲਈ ਬਾਹਰ ਹੋ ਗਿਆ ਕਿ ਉਸ ਉਤੇ ਇਤਿਹਾਸ ਨੂੰ ਤੋੜਨ-ਮਰੋੜਨ ਦਾ ਦੋਸ਼ ਲੱਗ ਗਿਆ। ਪ੍ਰਮਿੰਦਰਜੀਤ ਪਤਾ ਨਹੀਂ ਇਸ ਲਈ ਰਹਿ ਗਿਆ ਕਿ ਚੋਣਕਾਰ ਕਮੇਟੀ ਨੂੰ ਉਹ ਪਸੰਦ ਨਹੀਂ ਸੀ ਜਾਂ ਉਹਦੀ ਕਿਤਾਬ ਮਿਆਦ ਤੋਂ ਛੇ ਮਹੀਨੇ ਪੁਰਾਣੀ ਹੋ ਗਈ ਸੀ ਤੇ ਰਹਿ ਗਿਆ ਇਕੱਲਾ ਮੈਂ ਮੁਕਾਬਲੇ 'ਚ ਤੇ ਖੜਾ ਹੀ ਜਿੱਤ ਗਿਆ।

? : ਕੀ ਲੇਖਕ ਪੂਰਾ-ਸੂਰਾ ਆਪਣੀ ਰਚਨਾ ਵਰਗਾ ਹੋ ਸਕਦਾ ਹੈ? ਤੁਸੀਂ ਕਿੰਨੇ ਫੀਸਦੀ ਹੋ?
– ਲੇਖਕ ਆਪਣੀ ਰਚਨਾ ਵਰਗਾ ਪੂਰ-ਸੂਰਾ ਨਹੀਂ ਹੋ ਸਕਦਾ। ਮੈਂ ਵੀ ਆਪਣੀ ਰਚਨਾ ਵਰਗਾ ਦਸ ਫ਼ੀਸਦੀ ਹੀ ਹਾਂ। ਅਸੀਂ ਸਭ ਇਸ ਸਿਸਟਮ ਦੇ ਬੰਨੇ ਹੋਏ ਹਾਂ। ਮੈਂ ਜੋ ਆਪਣੇ ਨਾਵਲਾਂ 'ਚ ਯਥਾਰਥ ਪੇਸ਼ ਕੀਤਾ ਹੈ, ਅਸਲ ਯਥਾਰਥ ਉਸ ਤੋਂ ਵੀ ਕਰੂਰ ਹੈ। ਮੈਂ ਕੇਵਲ ਉਹ ਸੱਚ ਪੇਸ਼ ਕੀਤਾ ਹੈ ਜੋ ਆਮ ਨਜ਼ਰ ਆਉਂਦਾ ਹੈ। ਲੱਖ ਯਤਨਾਂ ਦੇ ਬਾਵਜੂਦ ਕਥਨੀ ਤੇ ਕਰਨੀ ਚ ਫਰਕ ਰਹਿ ਜਾਂਦਾ ਹੈ। ਇੱਕ ਸਰਕਾਰੀ ਵਕੀਲ (ਕਰਮਚਾਰੀ) ਹਾਂ ਤੇ ਬੰਦਸ਼ਾ ਚ ਬੱਝਿਆ ਹੋਇਆ ਹਾਂ। ਸਭ ਕੁਝ ਮਰਜ਼ੀ ਨਾਲ ਨਹੀਂ ਕਰ ਸਕਦਾ। ਵਰਤਾਰਾ ਏਨਾ ਪੇਚੀਦਾ ਹੈ ਕਿ ਰੋਟੀ-ਰੋਜ਼ੀ ਕਮਾਉਣ ਲਈ ਇੱਕ ਆਜ਼ਾਦ ਵਕੀਲ ਵੀ ਸੱਚ ਦਾ ਪੱਲਾ ਫੜ ਕੇ ਆਪਣੇ ਫਰਜ਼ ਨਹੀਂ ਨਿਭਾ ਸਕਦਾ। ਜੇ ਉਹ ਇੰਜ ਕਰੇਗਾ ਤਾਂ ਭੁੱਖਾ ਮਰੇਗਾ। ਫਿਰ ਵੀ ਮੈਂ ਬਹੁਤਿਆਂ ਨਾਲੋਂ ਵਿੱਥ ਬਣਾਈ ਹੋਈ ਹੈ ਤੇ ਆਦਰਸ਼ਾਂ 'ਤੇ ਚੱਲਣ ਦਾ ਯਤਨ ਕਰ ਰਿਹਾ ਹਾਂ, ਭਾਵੇਂ ਕਦੇ-ਕਦੇ ਨਤੀਜੇ ਵੀ ਭੁਗਤਣੇ ਪੈਂਦੇ ਹਨ।

? : ਲਿਖਣ ਵੇਲੇ ਕਿਹੋ ਜਿਹਾ ਮਾਹੌਲ ਭਾਲਦੇ ਹੋ?
– ਕੋਈ ਖਾਸ ਨਹੀਂ।

? : ਛਪਣ ਤੋਂ ਪਹਿਲਾਂ ਖਰੜਾ ਕਿਸਨੂੰ ਦਿਖਾਉਂਦੇ ਹੋ?
– ਕੁਝ ਕੁ ਬੰਦੇ ਕਾਮਰੇਡ ਸੁਰਜੀਤ ਗਿੱਲ, ਸੂਫੀ ਅਮਰਜੀਤ।

? : ਤੁਹਾਡੀ ਸਮੁੱਚੀ ਰਚਨਾ ਵਿੱਚ ਯੋਜਨਾ ਤੇ ਸਹਿਜ ਪ੍ਰਗਟਾਵੇ ਦਾ ਕੀ ਰਿਸ਼ਤਾ ਹੈ?
– ਕਰੀਬ 20-21 ਸਾਲ ਤੋਂ ਫੌਜਦਾਰੀ ਨਿਆਂ-ਪ੍ਰਬੰਧ ਬਾਰੇ ਲਿਖ ਰਿਹਾ ਹਾਂ। ਮੈਂ ਪ੍ਰੋਜੈਕਟ ਬਣਾ ਕੇ ਤੇ ਯੋਜਨਾ ਤਹਿਤ ਲਿਖਦਾ ਹਾਂ। ਮੈਂ ਉਨਾਂ ਦੀ ਗੱਲ ਨਾਲ ਸਹਿਮਤ ਨਹੀਂ ਜੋ ਕਹਿੰਦੇ ਹਨ ਕਿ ਸਾਡੀ ਕਹਾਣੀ ਤਾਂ ਆਪੇ ਮੋੜ ਕੱਟ ਜਾਂਦੀ ਹੈ। ਮੇਰਾ ਹਰ ਪਾਤਰ ਤੇ ਨਾਵਲਾਂ ਵਿੱਚ ਘਟਦੀ ਘਟਨਾ, ਹਰ ਘਟਨਾ ਇੱਕ ਨਿਸ਼ਚਿਤ ਉਦੇਸ਼ ਨੂੰ ਸਪੱਸ਼ਟ ਕਰਦੀ ਹੈ। ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਵਾਰ ਸੋਧਦਾ ਹਾਂ। 'ਸੁਧਾਰ ਘਰ' ਨੂੰ ਅੰਤਮ ਰੂਪ ਦੇਣ ਲਈ ਮੈਂ ਦੋ ਹਜ਼ਾਰ ਪੰਨਿਆਂ ਦਾ ਰਫ ਕੰਮ ਕੀਤਾ। ਇਸ ਤਰ੍ਹਾਂ ਸਹਿਜ ਪ੍ਰਗਟਾਵੇ ਲਈ ਅਨੁਭਵ ਤੇ ਅਧਿਐਨ ਨਾਲ ਕਰੜੀ ਮਿਹਨਤ ਦੀ ਲੋੜ ਵੀ ਪੈਂਦੀ ਹੈ।

? : ਤੁਹਾਡੇ ਨਾਵਲਾਂ 'ਚ ਕੀ ਵੱਖਰਾਪਣ ਹੈ?
– ਮੈਂ ਪੁਲਿਸ, ਜੇਲ ਤੇ ਨਿਆਂ-ਪ੍ਰਬੰਧ ਵਰਗੇ ਵਿਸ਼ੇ ਨੂੰ ਛੋਹਿਆ ਹੈ। ਇਹ ਕੰਮ ਜੋ ਮੈਂ ਕੀਤਾ ਹੈ ਹੋਰ ਕਿਸੇ ਭਾਰਤੀ ਭਾਸ਼ਾ ਚ ਨਹੀਂ ਹੈ। ਅੱਜ ਤੱਕ ਸਮਝਿਆ ਜਾਂਦਾ ਸੀ ਕਿ ਨਾਵਲ ਨੂੰ ਰੁਮਾਂਸ ਦੀ ਪੁੱਠ ਤੋਂ ਬਿਨਾਂ ਲੋਕਾਂ ਨੂੰ ਪੜਾਇਆ ਨਹੀਂ ਜਾ ਸਕਦਾ। ਨਾਇਕ ਤੇ ਖਲਨਾਇਕ ਹੋਣਾ ਜ਼ਰੂਰੀ ਹੈ। ਮੈਂ ਚਾਰੇ ਨਾਵਲਾਂ 'ਚ ਰੁਮਾਂਸ ਨੂੰ ਤਿਲਾਂਜਲੀ ਦੇ ਕੇ ਰੱਖੀ ਹੈ। ਮੇਰੇ ਬਿਰਤਾਂਤ ਕਿਸੇ ਇਕ ਨਾਇਕ ਜਾਂ ਖਲਨਾਇਕ ਦੁਆਲੇ ਨਹੀਂ ਉਸਰੇ ਹੋਏ। ਮੈਂ ਪਾਤਰਾਂ ਨੂੰ ਸਮੂਹਿਕ ਰੂਪ 'ਚ ਪੇਸ਼ ਕਰਕੇ ਵਿਚਰਦਾ ਹਾਂ। ਹਰ ਵਿਅਕਤੀ ਚੰਗਾ ਜਾਂ ਮਾੜਾ ਨਹੀਂ ਹੁੰਦਾ। ਮੇਰੇ ਵਿਚਾਰਾਂ ਚ ਭੈੜੇ ਵਿਚਾਰ ਲਈ ਇਕ ਵਿਅਕਤੀ ਉਨਾਂ ਕਸੂਰਵਾਰ ਨਹੀਂ ਜਿੰਨਾਂ ਕਿ ਪ੍ਰਬੰਧ ਹੈ।

? : ਨਵੇਂ ਲੇਖਕਾਂ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ?
– ਸੁਨੇਹਾ ਦੇਣ ਜੋਗੇ ਹੋਏ ਹੀ ਨਹੀਂ।

*(ਲੇਖਕ ਮਿੱਤਰ ਸੈਨ ਮੀਤ ਨਾਲ ਸੰਪਰਕ ਕਰਨ ਲਈ ਮੋਬਾਇਲ ਨੰਬਰ : 98556 31777 )*

# NIRVANA

**Restaurant ✲ Lounge ✲ Hall**

**North America's first exclusive east indian restuarant &cocktail lounge.**

*Professionally giving you the hospitality of India.*








*"We Had Dinner along with my friends family, it was really nice, pure Indian taste......
I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

